Punjabi Parwaz

# ਪੰਜਾਬੀ ਪਰਵਾਜ਼

ਅੰਕ 10ਵਾਂ (ਸ਼ਿਕਾਗੋ): 30 ਸਤੰਬਰ ਤੋਂ 13 ਅਕਤੂਬਰ 2023 ਤੱਕ | ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com | www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

## ਭਾਰਤ-ਕੈਨੇਡਾ ਤਲਖ਼ੀ ਬਰਕਰਾਰ

### ਸਿੱਖ ਭਾਈਚਾਰੇ ਵਿੱਚ ਚਿੰਤਾ

**ਸ਼ਿਕਾਗੋ:** ਕੈਨੇਡਾ ਅਤੇ ਭਾਰਤ ਵਿਚਾਲੇ ਕਈ ਦਿਨਾਂ ਤੋਂ ਪੈਦਾ ਹੋਈ ਤਲਖ਼ੀ ਹਾਲੇ ਵੀ ਬਰਕਰਾਰ ਹੈ, ਸਗੋਂ ਦੋਹਾਂ ਦੇਸ਼ਾਂ ਦੇ ਸਿਆਸੀ ਆਗੂਆਂ ਵੱਲੋਂ ਜਾਰੀ ਬਿਆਨਬਾਜ਼ੀ ਕਾਰਨ ਇਹ ਤਲਖ਼ੀ ਹੋਰ ਵੀ ਵਧੀ ਹੈ। ਇਸ ਦੇ ਮੱਦੇਨਜ਼ਰ ਸਿੱਖ ਸਫ਼ਾਂ ਵਿੱਚ ਚਿੰਤਾ ਦਾ ਮਾਹੌਲ ਹੈ ਅਤੇ ਵਿਦੇਸ਼ਾਂ ਵਿੱਚ ਰਹਿੰਦੇ ਸਿੱਖ ਭਾਈਚਾਰੇ ਅੰਦਰ ਕਈ ਤਰ੍ਹਾਂ ਦੇ ਤੌਖਲੇ ਉਭਰ ਆਏ ਹਨ। ਸੂਤਰਾਂ ਅਨੁਸਾਰ ਵੋਟ ਰਾਜਨੀਤੀ ਕਾਰਨ ਸਿੱਖ ਭਾਈਚਾਰੇ ਦੀਆਂ ਵੱਖ ਵੱਖ ਧਿਰਾਂ ਵਿੱਚ ਵੀ ਪਾੜਾ ਵਧਿਆ ਹੈ।

ਜ਼ਿਕਰਯੋਗ ਹੈ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡੀਅਨ ਏਜੰਸੀਆਂ ਦੇ ਹਵਾਲੇ ਨਾਲ ਹਰਦੀਪ ਸਿੰਘ ਨਿੱਝਰ ਕਤਲ ਕੇਸ ਅਤੇ ਭਾਰਤ ਸਰਕਾਰ ਵਿਚਾਲੇ ਪ੍ਰਤੱਖ਼ ਲਿੰਕ ਹੋਣ ਦੀ ਗੱਲ ਕਹਿਣ ਪਿੱਛੋਂ ਦੋਹਾਂ ਦੇਸ਼ਾਂ ਦਰਮਿਆਨ ਕੂਟਨੀਤਕ ਤਣਾਅ ਪੈਦਾ ਹੋ ਗਿਆ ਸੀ। ਭਾਰਤ ਸਰਕਾਰ ਨੇ ਇਸ ਬਿਆਨ ਨੂੰ ਬੇ-ਬੁਨਿਆਦ ਅਤੇ ਸਿਆਸੀ ਤੌਰ ਉੱਤੇ ਪ੍ਰੇਰਿਤ ਕਰਾਰ ਦਿੱਤਾ ਸੀ; ਪਰ 21 ਸਤੰਬਰ ਨੂੰ ਨਿਊ ਯਾਰਕ ਵਿੱਚ ਟਰੂਡੋ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਆਪਣੇ ਇਲਜ਼ਾਮ ਮੁੜ ਦੁਹਰਾਏ, "ਇਸ ਗੱਲ ਉੱਤੇ ਭਰੋਸਾ ਕਰਨ ਲਈ ਪੁਖ਼ਤਾ ਕਾਰਨ ਹਨ ਕਿ ਭਾਰਤੀ ਏਜੰਟ ਇੱਕ ਕੈਨੇਡੀਅਨ ਨਾਗਰਿਕ ਦੇ ਕੈਨੇਡੀਅਨ ਧਰਤੀ ਉੱਤੇ ਹੋਏ ਕਤਲ ਵਿੱਚ ਸ਼ਾਮਿਲ ਹਨ।"

ਨਿਊ ਯਾਰਕ ਟਾਈਮਜ਼ ਦੀ ਰਿਪੋਰਟ ਮੁਤਾਬਕ ਨਿੱਝਰ ਹੱਤਿਆ ਮਾਮਲੇ ਵਿੱਚ ਅਮਰੀਕਾ ਨੇ ਕੈਨੇਡਾ ਨੂੰ ਖੁਫੀਆ ਜਾਣਕਾਰੀ ਮੁਹੱਈਆ ਕਰਵਾਈ ਸੀ, ਪਰ ਓਟਾਵਾ ਨੇ ਜੋ ਜਾਣਕਾਰੀ ਜੁਟਾਈ ਸੀ, ਉਹ ਜ਼ਿਆਦਾ ਪੁਖਤਾ ਸੀ ਅਤੇ ਉਸ ਦੇ ਆਧਾਰ ਉੱਤੇ ਹੀ ਦੋਸ਼ ਲਾਏ ਗਏ ਹਨ। ਅਮਰੀਕਾ ਦੇ ਸੀਨੀਅਰ ਕੂਟਨੀਤਕ ਨੇ ਇਹ ਪੁਸ਼ਟੀ ਕੀਤੀ ਕਿ 'ਫਾਈਵ ਆਈਜ਼' ਦੇ ਭਾਈਵਾਲਾਂ ਦਰਮਿਆਨ ਖੁਫੀਆ ਜਾਣਕਾਰੀ ਸਾਂਝੀ ਕੀਤੀ ਗਈ ਸੀ। ਕੈਨੇਡੀਅਨ ਅਧਿਕਾਰੀਆਂ ਨੇ ਨਿੱਝਰ ਨੂੰ ਸੁਚੇਤ ਰਹਿਣ ਦੀ ਚਿਤਾਵਨੀ ਦਿੱਤੀ ਸੀ, ਪਰ ਉਸ ਨੂੰ ਇਹ ਨਹੀਂ ਸੀ ਦੱਸਿਆ ਕਿ ਉਹ ਭਾਰਤ ਸਰਕਾਰ ਦੀ ਕਿਸੇ ਸਾਜ਼ਿਸ਼ ਦੇ ਨਿਸ਼ਾਨੇ 'ਤੇ ਹੈ। ਇਸੇ ਦੌਰਾਨ ਅਮਰੀਕਾ ਨੇ ਕਿਹਾ ਹੈ ਕਿ ਉਹ ਪ੍ਰਧਾਨ ਮੰਤਰੀ ਟਰੂਡੋ ਵਲੋਂ ਲਾਏ ਇਲਜ਼ਾਮਾਂ ਦੀ ਵਿਸਥਾਰਤ ਜਾਂਚ ਦਾ ਸਮਰਥਕ ਹੈ ਅਤੇ ਭਾਰਤ ਨੂੰ ਇਸ ਮਸਲੇ ਉੱਤੇ ਸਹਿਯੋਗ ਕਰਨਾ ਚਾਹੀਦਾ ਹੈ।

ਭਾਰਤ ਦੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਇਸ ਮਾਮਲੇ ਵਿੱਚ ਕੈਨੇਡਾ ਦੇ ਇਲਜ਼ਾਮਾਂ ਦਾ ਜਵਾਬ ਦਿੱਤਾ। ਸੰਯੁਕਤ ਰਾਸ਼ਟਰ 'ਚ ਇਸ ਮਾਮਲੇ 'ਤੇ ਚੁੱਪ ਰਹਿਣ ਤੋਂ ਬਾਅਦ ਜੈਸ਼ੰਕਰ ਨੇ ਨਿਊ ਯਾਰਕ 'ਚ ਇੱਕ ਹੋਰ ਪ੍ਰੋਗਰਾਮ 'ਚ ਹਿੱਸਾ ਲਿਆ, ਜਿੱਥੇ ਉਨ੍ਹਾਂ ਨੇ ਕੈਨੇਡਾ ਵੱਲੋਂ ਲਗਾਏ ਗਏ ਇਲਜ਼ਾਮਾਂ 'ਤੇ ਖੁੱਲ੍ਹ ਕੇ ਗੱਲ ਕੀਤੀ। ਜੈਸ਼ੰਕਰ ਨੇ ਕਿਹਾ ਕਿ ਭਾਰਤ ਨੇ ਕੈਨੇਡਾ ਨੂੰ ਕਿਹਾ ਹੈ ਕਿ ਅਜਿਹਾ ਕੰਮ ਕਰਨਾ ਸਰਕਾਰ ਦੀ ਨੀਤੀ ਨਹੀਂ ਹੈ। ਜਿੱਥੋਂ ਤੱਕ ਵੱਖਵਾਦੀ ਗਤੀਵਿਧੀਆਂ ਦਾ ਸਵਾਲ ਹੈ, ਕੈਨੇਡਾ ਵਿੱਚ ਮਾਹੌਲ ਬਹੁਤ ਅਨੁਕੂਲ ਹੈ।

ਵਿਦੇਸ਼ ਮੰਤਰੀ ਨੇ ਕਿਹਾ, "ਕੈਨੇਡਾ ਵਿੱਚ ਵੱਖਵਾਦੀ ਤਾਕਤਾਂ ਨਾਲ ਜੁੜੇ ਸੰਗਠਿਤ ਅਪਰਾਧ ਦੇ ਕਈ ਮਾਮਲੇ ਸਾਹਮਣੇ ਆਏ ਹਨ। ਅਸੀਂ ਵਾਰ-ਵਾਰ ਕੈਨੇਡਾ ਨੂੰ ਖਾਲਿਸਤਾਨ ਸਮਰਥਕਾਂ ਖ਼ਿਲਾਫ਼ ਕਾਰਵਾਈ ਕਰਨ ਲਈ ਕਹਿੰਦੇ ਰਹੇ ਹਾਂ। ਭਾਰਤੀ ਡਿਪਲੋਮੈਟਾਂ ਨੂੰ ਧਮਕੀਆਂ ਦਿੱਤੀਆਂ ਗਈਆਂ ਅਤੇ ਕੌਂਸਲੇਟ 'ਤੇ ਹਮਲਾ ਕੀਤਾ ਗਿਆ।" ਕੈਨੇਡੀਅਨ ਸਰਕਾਰ ਅਨੁਸਾਰ ਉਹ ਦੇਸ਼ ਦੀ ਰਾਜਨੀਤੀ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਤੋਂ ਚਿੰਤਤ ਹੈ। ਇਸ ਵਿਵਾਦ ਦੇ ਚਲਦਿਆਂ ਦੋਵੇਂ ਦੇਸ਼ਾਂ ਨੇ ਆਪਣੇ-ਆਪਣੇ ਨਾਗਰਿਕਾਂ ਨੂੰ ਇੱਕ-ਦੂਜੇ ਦੇ ਦੇਸ਼ 'ਚ ਰਹਿਣ ਜਾਂ ਯਾਤਰਾ ਦੌਰਾਨ ਵਧੇਰੇ ਸਾਵਧਾਨ ਰਹਿਣ ਦੀਆਂ ਹਦਾਇਤਾਂ ਦਿੱਤੀਆਂ ਹਨ।

ਜ਼ਿਕਰਯੋਗ ਹੈ ਕਿ 45 ਸਾਲਾ ਕੈਨੇਡੀਅਨ ਨਾਗਰਿਕ ਖ਼ਾਲਿਸਤਾਨੀ ਹਮਾਇਤੀ ਹਰਦੀਪ ਸਿੰਘ ਨਿੱਝਰ ਦਾ 18 ਜੂਨ ਨੂੰ ਵੈਨਕੂਵਰ ਦੇ ਪੂਰਬ ਵਿੱਚ ਪੰਜ ਲੱਖ ਤੋਂ ਵੱਧ ਆਬਾਦੀ ਵਾਲੇ ਸ਼ਹਿਰ, ਸਰੀ ਵਿੱਚ ਗੁਰਦੁਆਰੇ ਦੇ ਬਾਹਰ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।


ਜਿੱਥੇ ਇੱਕ ਪਾਸੇ ਖਾਲਿਸਤਾਨੀ ਧਿਰਾਂ ਨੇ ਭਾਰਤ ਸਰਕਾਰ ਪ੍ਰਤੀ ਵਿਰੋਧੀ ਸੁਰ ਤਿੱਖੀ ਕਰਦਿਆਂ ਤਰ੍ਹਾਂ ਤਰ੍ਹਾਂ ਦੇ ਬਿਆਨ ਦਿੱਤੇ ਹਨ, ਦੂਜੇ ਪਾਸੇ ਸਿੱਖ ਭਾਈਚਾਰੇ ਦਾ ਉਹ ਹਿੱਸਾ ਸਕਤੇ ਵਿੱਚ ਹੈ, ਜੋ ਖਾਲਿਸਤਾਨ ਦਾ ਹਮਾਇਤੀ ਨਹੀਂ ਹੈ। ਇਹ ਚਰਚਾ ਛਿੜ ਪਈ ਹੈ ਕਿ ਕਥਿਤ ਖਾਲਿਸਤਾਨੀਆਂ ਦੇ ਨਾਲ ਨਾਲ ਭਾਰਤ ਸਰਕਾਰ ਦੇ ਪੱਖੀ ਕੁਝ ਸਿੱਖ ਹਲਕਿਆਂ ਦੀਆਂ ਗਤੀਵਿਧੀਆਂ ਕਾਰਨ ਆਮ ਸਿੱਖ ਭਾਈਚਾਰੇ ਨੂੰ ਨੁਕਸਾਨ ਉਠਾਉਣਾ ਪੈਂਦਾ ਹੈ।

ਪਿਛਲੇ ਦਿਨੀਂ ਮਿਲਵਾਕੀ ਵਿੱਚ ਹੋਏ ਇੱਕ ਪ੍ਰੋਗਰਾਮ ਦੌਰਾਨ ਵੀ ਇਹ ਮੁੱਦਾ ਛੋਹਿਆ ਗਿਆ ਅਤੇ ਸਿੱਖ ਭਾਈਚਾਰੇ ਵੱਲੋਂ ਪ੍ਰੋਗਰਾਮ ਵਿੱਚ ਸ਼ਾਮਲ ਸ਼ਿਕਾਗੋ ਵਿੱਚ ਸਥਿਤ ਭਾਰਤੀ ਕੌਂਸਲ ਜਨਰਲ ਸੋਮ ਨਾਥ ਘੋਸ਼ ਨੂੰ ਇਸ ਬਾਰੇ ਰੌਸ਼ਨੀ ਪਾਉਣ ਲਈ ਕਿਹਾ ਗਿਆ। ਇਸ ਮੌਕੇ ਕੌਂਸਲ ਜਨਰਲ ਨੇ ਕਿਹਾ ਕਿ ਪੰਜਾਬ ਅਤੇ ਪੰਜਾਬੀ ਸੱਭਿਆਚਾਰ ਤੋਂ ਬਿਨਾ ਭਾਰਤ ਸੋਚਿਆ ਵੀ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਤਣਾਅ ਦੋ ਦੇਸ਼ਾਂ ਵਿਚਕਾਰ ਹੈ, ਨਾ ਕਿ ਕਿਸੇ ਵੀ ਭਾਈਚਾਰੇ ਵਿਚਾਲੇ; ਕਿਉਂਕਿ ਤਲਖ਼ੀ ਉਦੋਂ ਪੈਦਾ ਹੋਈ, ਜਦੋਂ ਕੈਨੇਡਾ ਨੇ ਨਾਪ੍ਰਵਾਨਯੋਗ ਦੋਸ਼ ਲਾਏ।

ਇਸ ਸਭ ਕਸ਼ਮਕਸ਼ ਦੌਰਾਨ ਸਿਆਸੀ ਪੈਂਤੜੇ ਖੇਡਦੀਆਂ ਧਿਰਾਂ ਕਾਰਨ ਬਹੁਤ ਗਿਣਤੀ ਸਿੱਖ ਭਾਈਚਾਰੇ ਨੂੰ ਸ਼ੱਕ ਦੀਆਂ ਨਜ਼ਰਾਂ ਨਾਲ ਦੇਖਿਆ ਜਾਣ ਲੱਗਦਾ ਹੈ। ਅਜਿਹਾ ਪਹਿਲੀ ਵਾਰ ਨਹੀਂ ਹੋ ਰਿਹਾ, ਕਿਸਾਨ ਅੰਦੋਲਨ ਦੌਰਾਨ ਵੀ ਸਿੱਖ ਭਾਈਚਾਰੇ ਪ੍ਰਤੀ ਨਫਰਤ ਭਰੇ ਸ਼ਬਦ ਵਰਤੇ ਗਏ ਸਨ, ਜਦਕਿ ਭਾਰਤੀ ਝੰਡੇ ਨੂੰ ਸਾੜਨ ਤੇ ਬੇਅਦਬੀ ਕਰਨ ਦੀਆਂ ਕਾਰਵਾਈਆਂ ਕੁਝ ਕੁ ਉਨ੍ਹਾਂ ਚਿਹਰਿਆਂ ਵੱਲੋਂ ਕੀਤੀ ਗਈ ਸੀ, ਜੋ ਕਥਿਤ ਤੌਰ 'ਤੇ ਖਾਲਿਸਤਾਨ ਦੇ ਹਮਾਇਤੀ ਹਨ।

ਮੌਜੂਦਾ ਸਥਿਤੀ ਵਿੱਚ ਵੀ ਕੁਝ ਫਿਰਕਾਪ੍ਰਸਤ ਜਥੇਬੰਦੀਆਂ ਦੀ ਸਿਆਸਤ ਦੇ ਪਿਛਲੱਗ ਲੋਕਾਂ ਨੇ ਭਾਈਚਾਰਕ ਸਾਂਝ ਨੂੰ ਨਜ਼ਰ ਅੰਦਾਜ਼ ਕੀਤਾ ਹੈ, ਕਿਉਂਕਿ ਸਾਰੇ ਹੀ ਸਿੱਖ ਅਤੇ ਸਾਰੇ ਹੀ ਹਿੰਦੂ ਲੋਕ ਕੱਟੜਪੰਥੀ ਨਹੀਂ ਹਨ। ਇਨ੍ਹਾਂ ਫਿਰਕਿਆਂ ਵਿਚਲੇ ਗਰਮਖਿਆਲੀਆਂ ਦੀਆਂ ਬਿਆਨਬਾਜ਼ੀਆਂ ਤੇ ਕਾਰਵਾਈਆਂ ਦੇ ਮੱਦੇਨਜ਼ਰ ਭਾਈਚਾਰਿਆਂ ਵਿੱਚ ਸਥਾਨਕ ਪੱਧਰ ਉੱਤੇ ਵੀ ਤਣਾਅ ਵਧਣ ਦੀਆਂ ਸੰਭਾਵਨਾਵਾਂ ਬਣ ਜਾਂਦੀਆਂ ਹਨ। 'ਪਾੜੋ ਤੇ ਰਾਜ

⇒ ਬਾਕੀ ਸਫਾ 3 ਉਤੇ ਪੜ੍ਹੋ



**ਪੰਜਾਬੀ ਕਮਿਊਨਿਟੀ ਆਰਗੇਨਾਈਜੇਸ਼ਨ (ਪੀ.ਸੀ.ਓ.) ਮਿਲਵਾਕੀ ਵੱਲੋਂ ਕਰਵਾਏ ਗਏ ਸ਼ੋਅ ਦੌਰਾਨ ਗਾਇਕ ਨਿੰਜਾ ਸੁਰ ਲਾਉਂਦਾ ਹੋਇਆ।**

⇒ ਪੂਰੀ ਖਬਰ ਸਫਾ 2 ਉਤੇ ਪੜ੍ਹੋ

Maaco COLLISION REPAIR & AUTO PAINTING
AMERICA'S BODYSHOP
*We Work With All Insurance Co.
*Referrals Receive 10% Off
*We Replace Windshields
*Rental Car On Site *Free Towing
252 Commonweal Dr,
Carol Stream, IL 60188
Ph: 630-752-9240
MAACOCAROLSTREAM@YAHOO.COM
Jatin Patel




# ਮਿਲਵਾਕੀ 'ਚ ਪੀ.ਸੀ.ਓ. ਦੇ ਸਮਾਗਮ ਦੌਰਾਨ ਨਿੰਜਾ ਨੇ ਬੰਨ੍ਹੇ ਰੰਗ

## ਗਾਇਕਾ ਜੈਨੀ ਜੌਹਲ ਤੇ ਮੰਨਤ ਨੂਰ ਵੀ ਖੂਬ ਛਾਈਆਂ

**ਮਿਲਵਾਕੀ (ਕੁਲਜੀਤ ਦਿਆਲਪੁਰੀ):** ਪੰਜਾਬੀ ਕਮਿਊਨਿਟੀ ਆਰਗੇਨਾਈਜੇਸ਼ਨ (ਪੀ.ਸੀ.ਓ.) ਮਿਲਵਾਕੀ ਵੱਲੋਂ ਪੰਜਾਬੀ ਗਾਇਕੀ ਦਾ ਇੱਕ ਸ਼ੋਅ ਲੰਘੀ 23 ਸਤੰਬਰ ਨੂੰ ਵਾਕੇਸ਼ਾ ਐਕਸਪੋ ਸੈਂਟਰ ਵਿੱਚ ਕਰਵਾਇਆ ਗਿਆ, ਜੋ ਬਹੁਤ ਹੀ ਸਫਲ ਰਿਹਾ। ਸਮਾਗਮ ਦੌਰਾਨ ਗਾਇਕ ਨਿੰਜਾ ਨੇ ਤਾਂ ਬੰਨ੍ਹੇ ਰੰਗ ਹੀ, ਗਾਇਕਾ ਜੈਨੀ ਜੌਹਲ ਤੇ ਮੰਨਤ ਨੂਰ ਵੀ ਖੂਬ ਛਾਈਆਂ। ਗਾਇਕੀ ਤੇ ਪ੍ਰਬੰਧਾਂ ਪੱਖੋਂ ਅਤੇ ਮਹਿਮਾਨਾਂ ਦੀ ਟਹਿਲ ਸੇਵਾ ਨੂੰ ਧਿਆਨ ਵਿੱਚ ਰੱਖਦਿਆਂ ਸ਼ੋਅ ਪੂਰੀ ਤਰ੍ਹਾਂ ਕਾਮਯਾਬ ਸੀ। ਪਰਿਵਾਰਾਂ ਸਮੇਤ ਪਹੁੰਚੇ ਸ਼ਰੋਤਿਆਂ ਨੇ ਪੂਰਾ ਅਨੰਦ ਮਾਣਿਆ। ਸ਼ੋਅ ਦਾ ਮੁੱਖ ਆਕਰਸ਼ਣ ਨਿੰਜਾ ਸੀ, ਜਿਸ ਨੇ ਆਪਣੀ ਗਾਇਕੀ ਦੀ ਤਰਤੀਬ ਨਾਲ ਅਖੀਰ ਤੱਕ ਸਰੋਤਿਆਂ ਨੂੰ ਨਾਲ ਜੋੜੀ ਰੱਖਿਆ। ਨਿੰਜਾ ਨੇ ਸਰੋਤਿਆਂ ਨੂੰ ਨੱਚਣ ਲਈ ਤਾਂ ਮਜਬੂਰ ਕਰ ਹੀ ਦਿੱਤਾ ਸੀ, ਸਗੋਂ ਆਪ ਵੀ ਪਿੜ ਵਿੱਚ ਜਾ ਕੇ ਨੱਚਿਆ। ਕੁਝ ਸਿਕਿਊਰਿਟੀ ਵਾਲਿਆਂ ਅਤੇ ਪ੍ਰਬੰਧਕਾਂ ਨੇ ਉਸ ਨੂੰ ਸਟੇਜ ਉੱਤੇ ਜਾਣ ਲਈ ਇਸ਼ਾਰਾ ਵੀ ਕੀਤਾ, ਪਰ ਉਹ ਵਜਦ ਵਿੱਚ ਆਇਆ ਸਰੋਤਿਆਂ ਨਾਲ ਇੱਕ-ਮਿੱਕ ਹੋਇਆ ਰਿਹਾ।

ਜਦੋਂ ਨਿੰਜਾ ਸਟੇਜ ਤੋਂ ਉਤਰ ਕੇ ਸਰੋਤਿਆਂ ਵਿੱਚ ਆ ਕੇ ਗਾਉਣ ਲੱਗਿਆ ਤਾਂ ਬੀਬੀਆਂ/ਕੁੜੀਆਂ ਉਸ ਦੁਆਲੇ ਝੁਰਮਟ ਪਾ ਕੇ ਨੱਚਣ ਲੱਗੀਆਂ, ਤੇ "ਦੋਤਾਰਾ ਵੱਜਦਾ ਵੇ ਰਾਂਝਣਾ ਨੂਰ ਮਹਿਲ ਦੀ ਮੋਰੀ" ਅਤੇ "ਨੱਚੀ ਜੋ ਸਾਡੇ ਨਾਲ" ਗੀਤ ਵੱਜ ਰਿਹਾ ਸੀ। ਨਾਲ ਨਾਲ ਨਿੰਜਾ ਬੋਲੀਆਂ ਵੀ ਪਾਈ ਜਾ ਰਿਹਾ ਸੀ। "ਲੋਕਾਂ ਦੇ ਤਾਂ ਆਉਂਦੇ ਚੰਗੇ ਦਿਨ ਬੱਲੀਏ, ਵੇਖੀਂ ਤੇਰੇ ਯਾਰ ਦਾ ਜ਼ਮਾਨਾ ਆਊਗਾ" ਗੀਤ ਉੱਤੇ ਅੱਥਰੀ ਮੰਡੀਰ ਲੋਰ ਵਿੱਚ ਆਈ ਪੂਰਾ ਭੜਥੂ ਪਾ ਰਹੀ ਸੀ। "ਜਿਨ੍ਹੇ ਉਧੇੜਨੀਆਂ ਹਿੱਕਾਂ, ਉਹ ਲਸੰਸ ਨਹੀਂ ਲੈਂਦੇ" ਗੀਤ ਵੀ ਪੂਰੇ ਢੋਲ-ਢਮੱਕੇ ਨਾਲ ਵੱਜ ਰਿਹਾ ਸੀ! "ਨਹਿਰੋਂ ਪਾਰ ਬੰਗਲਾ ਪੁਆ ਦੇ ਹਾਣੀਆ", "ਚਿੱਟੇ ਕੁੜਤੇ-ਪਜਾਮੇ, ਲੋਈਆਂ ਕਾਲੀਆਂ" ਗਾਉਣ ਦੇ ਨਾਲ ਨਾਲ ਉਸ ਨੇ "ਖੱਟ ਕੇ ਲਿਆਂਦੇ ਛੋਲੇ" ਵੀ ਗਾਇਆ।

ਸਟੇਜ ਦੇ ਐਨ ਮੂਹਰੇ ਨੱਚਦੇ ਬਾਬਿਆਂ ਲਈ ਉਸਨੇ ਗੀਤ ਗਾਇਆ, "ਬਹਿ ਕੇ ਵੇਖ ਜਵਾਨਾ, ਬਾਬੇ ਭੰਗੜਾ ਪਾਉਂਦੇ ਨੇ।" ਉਹਨੇ ਬਾਪੂ ਰਾਜ਼ੀ ਵੀ ਕਰ ਲਏ ਅਤੇ ਉਨ੍ਹਾਂ ਦੀਆਂ ਅਸੀਸਾਂ ਵੀ ਬਟੋਰ ਲਈਆਂ। ਸਰੋਤਿਆਂ ਦੇ ਨੱਚਣ ਲਈ ਇੱਕ ਪਾਸੇ ਵੱਖਰੀ ਥਾਂ ਰਾਖਵੀਂ ਸੀ, ਪਰ ਨਿੰਜਾ ਜਿਸ ਜਿਸ ਪਾਸੇ ਗਿਆ, ਉਧਰ ਹੀ ਨੱਚਣ ਦਾ ਮਾਹੌਲ ਬਣਦਾ ਗਿਆ। ਬੀਬੀਆਂ ਵਿੱਚ ਨੱਚਦੇ ਗਾਉਂਦੇ ਨੂੰ ਵੇਖ ਕੇ ਇੱਕ ਪਾਸੇ ਨੱਚਦੀ ਮੁੰਡਿਆਂ ਦੀ ਟੋਲੀ ਲੂਰ੍ਹੀਆਂ ਲੈ ਰਹੀ ਸੀ ਕਿ ਨਿੰਜਾ ਕਦੋਂ ਉਨ੍ਹਾਂ ਨਾਲ ਆ ਕੇ ਨੱਚੇ ਤੇ ਤਸਵੀਰਾਂ ਖਿਚਵਾਵੇ।



⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

























## ਮਿਲਵਾਕੀ 'ਚ ਪੀ.ਸੀ.ਓ. ਦੇ ਸਮਾਗਮ ਦੌਰਾਨ ਨਿੰਜਾ ਨੇ ਬੰਨ੍ਹੇ ਰੰਗ

ਉਸ ਨੇ ਫ਼ਰਮਾਇਸ਼ਾਂ ਮੁਤਾਬਕ ਗੀਤ ਵੀ ਗਾਏ। ਕੁਝ ਸੱਜਣ ਅਜਿਹੇ ਵੀ ਸਨ, ਜਿਹੜੇ ਬਹਿ ਕੇ ਨਿੰਜੇ ਨੂੰ ਸੁਣ ਰਹੇ ਸਨ। ਸਰੋਤੇ ਵੀ ਹੋਰ ਸੁਣਨਾ ਚਾਹੁੰਦੇ ਸਨ ਅਤੇ ਨਿੰਜੇ ਦੇ ਮੂਡ ਤੋਂ ਵੀ ਲੱਗ ਰਿਹਾ ਸੀ ਕਿ ਉਹ ਵੀ ਹੋਰ ਗਾਉਣਾ ਚਾਹੁੰਦਾ ਸੀ, ਪਰ "ਆਖਰੀ ਗੀਤ, ਆਖਰੀ ਗੀਤ" ਕਰਦਿਆਂ 3-4 ਗੀਤਾਂ ਦੇ ਮੁਖੜੇ ਗਾ ਹੀ ਗਿਆ। ਅਖੀਰ ਵਿੱਚ ਉਸ ਨੇ "ਛੱਲਾ" ਪੇਸ਼ ਕੀਤਾ।

ਇਸ ਤੋਂ ਪਹਿਲਾਂ ਜੈਨੀ ਜੌਹਲ ਨੇ ਵੀ ਗਾਇਕੀ ਦਾ ਖ਼ੂਬ ਅਖਾੜਾ ਬੰਨ੍ਹਿਆ। "ਜੱਟਾ ਚੁਗਦਾ ਰਹਿ'ਜੀਂ ਨਾ ਖੇਤ 'ਚੋਂ ਨਰਮਾ", "ਚੰਡੀਗੜ੍ਹ ਰਹਿਣ ਵਾਲੀਏ", "ਜਿੰਨਾ ਮੈਨੂੰ ਆ ਫ਼ਿਕਰ ਜੱਟ ਦਾ, ਉਹ ਪੱਕੀ ਕਣਕ ਦਾ ਕਰੀ ਜਾਂਦਾ ਐ", "ਕੀ ਬਣੂੰ ਦੁਨੀਆ ਦਾ", "ਜੱਟੀ ਜਿਊਣੇ ਮੌੜ ਦੀ ਬੰਦੂਕ ਵਰਗੀ", "ਮਾਝੇ ਦਿਆ ਚੰਨ ਮੱਖਣਾ" ਸਮੇਤ ਕਈ ਗੀਤ ਗਾਏ ਤੇ ਬੋਲੀਆਂ ਵੀ ਪਾਈਆਂ।

ਪ੍ਰੋਗਰਾਮ ਦੀ ਸ਼ੁਰੂਆਤ "ਲੌਂਗ-ਲਾਚੀ" ਫ਼ੇਮ ਮੰਨਤ ਨੂਰ ਨੇ ਕੀਤੀ ਤੇ ਉਸ ਨੇ ਇਹ ਗੀਤ ਗਾਉਣ ਤੋਂ ਇਲਾਵਾ "ਸੰਦਲੀ ਸੰਦਲੀ ਨੈਣਾਂ ਵਿੱਚ ਤੇਰਾ ਨਾਮ ਵੇ ਮੁੰਡਿਆ" ਸਮੇਤ ਆਪਣੇ ਕਈ ਹੋਰ ਹਿੱਟ ਗੀਤ ਵੀ ਗਾਏ। ਅਸਲ ਵਿੱਚ ਉਸ ਨੇ ਹੀ ਪਹਿਲਾਂ ਬੀਬੀਆਂ ਨੂੰ ਨੱਚਣ ਲਾਇਆ। ਮੰਨਤ ਜਦੋਂ "ਮੈਨੂੰ ਗੱਡੇ 'ਤੇ ਪੰਜਾਬ ਦਿਖਾ ਦੇ ਹਾਣੀਆ" ਗਾਉਣ ਲੱਗੀ ਤਾਂ ਇੱਕ ਗੱਭਰੂ ਟਿੱਪਣੀ ਕਰਨ ਲੱਗਾ, "ਗੱਡੇ 'ਤੇ ਹੀ ਪੰਜਾਬ ਵੇਖਣਾ ਠੀਕ ਰਹੂ, ਕਿਉਂਕਿ ਕਾਰ ਰਾਹੀਂ ਗਏ ਤਾਂ ਟੌਲ ਹੀ ਵਾਧੂ ਦੇਣਾ ਪੈ ਜਾਊ!" ਸੰਗੀਤ ਦੇ ਰੌਲੇ ਵਿੱਚ ਹਾਸਾ ਗੂੰਜਣ ਲੱਗ ਪਿਆ ਤੇ ਨਾਲ ਹੀ ਕੰਮ ਦੀ ਮਜਬੂਰੀ ਦੱਸਦਿਆਂ ਇੱਕ ਹੋਰ ਚੋਬਰ ਨੇ ਛੁਰਲੀ ਛੱਡੀ, "ਕੰਮ ਤੋਂ ਲੰਮੀ ਛੁੱਟੀ ਲੈ ਕੇ ਜਾਣਾ ਪੈਣਾ ਫੇਰ ਤਾਂ ਪੰਜਾਬ ਨੂੰ! ਨਾਲੇ ਗੱਡਾ ਵੀ ਸਪੈਸ਼ਲ ਬਣਵਾਉਣਾ ਪੈਣਾ।"

ਸ਼ੋਅ ਦੇ ਪ੍ਰਬੰਧਕਾਂ ਕੁਲਵੰਤ ਸਿੰਘ ਢਿੱਲੋਂ, ਹਰਵਿੰਦਰ ਸਿੰਘ (ਲਾਲੀ) ਸਿੱਧੂ, ਸਤਵਿੰਦਰ ਸਿੰਘ ਪੌਂਪੀ, ਪਵਨਜੀਤ ਹੋਠੀ, ਗੁਰਪ੍ਰੀਤ ਸਿੰਘ (ਬਰੈਟੀ) ਗਿੱਲ ਤੇ ਹੋਰਨਾਂ ਨੇ ਆਏ ਮਹਿਮਾਨਾਂ ਤੇ ਸਪਾਂਸਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਮਕਸਦ ਇੱਕ ਅਜਿਹਾ ਸੰਗੀਤਕ ਸਮਾਗਮ ਕਰਵਾਉਣਾ ਸੀ, ਜਿਸ ਵਿੱਚ ਲੋਕ ਪਰਿਵਾਰਾਂ ਸਮੇਤ ਆ ਕੇ ਮਨੋਰੰਜਨ ਕਰ ਸਕਣ। ਹਾਲ ਪੂਰਾ ਭਰਿਆ ਹੋਇਆ ਸੀ। ਪ੍ਰਬੰਧਾਂ ਤੋਂ ਲੋਕ ਖੁਸ਼ ਸਨ, ਕਿਉਂਕਿ ਮਨੋਰੰਜਨ ਭਰਪੂਰ ਸ਼ਾਮ ਦੇ ਨਾਲ ਖਾਣ-ਪੀਣ ਦਾ ਖੁੱਲ੍ਹਾ ਤੇ ਵਧੀਆ ਪ੍ਰਬੰਧ ਸੀ। ਖਾਣਾ "ਕੈਫੇ ਇੰਡੀਆ" ਵਾਲੇ ਰੇਹਾਨ ਵੱਲੋਂ ਸੀ। ਮੰਚ ਦਾ ਸੰਚਾਲਨ ਬਾਖ਼ੂਬੀ ਕਰਦਿਆਂ ਕੰਵਲਜੀਤ ਸਿੰਘ ਤੁੰਗ ਨੇ ਆਏ ਮਹਿਮਾਨਾਂ ਦਾ ਤੁਆਰਫ਼ ਵੀ ਕਰਵਾਇਆ।

ਸਮਾਗਮ ਦੌਰਾਨ ਮਿਲਵਾਕੀ (ਵਿਸਕਾਨਸਿਨ) ਤੋਂ ਯੂ. ਐਸ. ਰਿਪ੍ਰਜ਼ੈਂਟੇਟਿਵ ਗਲੈੱਨ ਗਰੋਥਮੈਨ ਨੇ ਸਮਾਗਮ ਵਿੱਚ ਸ਼ਾਮਲ ਮਹਿਮਾਨਾਂ ਤੇ ਭਾਈਚਾਰੇ ਦੇ ਲੋਕਾਂ ਨੂੰ ਜੀ ਆਇਆਂ ਨੂੰ ਕਿਹਾ ਅਤੇ ਪੰਜਾਬੀ ਤੇ ਭਾਰਤੀ ਭਾਈਚਾਰੇ ਦੇ ਮਿਹਨਤੀ ਸੁਭਾਅ ਦੀ ਤਾਰੀਫ਼ ਕੀਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਨੇ ਅਮਰੀਕਾ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਪਾਇਆ ਹੈ।

ਮੁੱਖ ਮਹਿਮਾਨ ਬਿਜਨਸਮੈਨ ਦਰਸ਼ਨ ਸਿੰਘ ਧਾਲੀਵਾਲ ਸਨ। ਪੀ.ਸੀ.ਓ. ਮੈਂਬਰਾਂ ਅਤੇ ਹੋਰ ਮੁਅੱਜਜ਼ ਮਹਿਮਾਨਾਂ ਵੱਲੋਂ ਸ. ਧਾਲੀਵਾਲ ਦਾ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਕੌਂਸਲ ਜਨਰਲ ਸੋਮ ਨਾਥ ਘੋਸ਼ ਦਾ ਵੀ ਭਾਈਚਾਰੇ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸੇ ਦੌਰਾਨ ਮੁੱਖ ਮਹਿਮਾਨ ਦੇ ਹੱਥੋਂ ਮੁੱਖ ਸਪਾਂਸਰਾਂ ਤੇ ਗਾਇਕਾਂ ਦਾ ਸਨਮਾਨ ਕਰਵਾਇਆ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਬਚਨ ਸਿੰਘ ਗਿੱਲ, ਪਾਖਰ ਸਿੰਘ ਸਿੱਧੂ, ਹਰਭਜਨ ਸਿੰਘ ਸੰਧਾਵਾਲੀਆ, ਦੀਦਾਰ ਸਿੰਘ ਧਨੋਆ, ਅਮਰਜੀਤ ਸਿੰਘ ਢੀਂਡਸਾ, ਲਖਬੀਰ ਸਿੰਘ ਢੀਂਡਸਾ, ਬਿਜਨਸਮੈਨ ਜਗਦੀਸ਼ਰ ਸਿੰਘ ਕਲੇਰ, ਅਮਰਜੀਤ ਸਿੰਘ ਸੰਧਰ, ਸੁਰਜੀਤ ਸਿੰਘ ਤੂੜ, ਲਖਬੀਰ ਸਿੰਘ ਸਿਹਰਾ, ਗੁਰਦੇਵ ਸਿੰਘ ਜੌੜਾ, ਬਲਜਿੰਦਰ ਸਿੰਘ ਢਿੱਲੋਂ, ਪਰਮਿੰਦਰ ਸਿੰਘ ਗੋਲਡੀ, ਹਰਜਿੰਦਰ ਸਿੰਘ ਜਿੰਦੀ, ਜਰਨੈਲ ਸਿੰਘ ਮਿਆਣੀ, ਪਰਮਜੀਤ ਸਿੱਧੂ (ਮਹਿਰਾਜ); ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਦੇ ਪ੍ਰਧਾਨ ਦੀਪਇੰਦਰ ਸਿੰਘ ਵਿਰਕ, ਜਗਰਾਜ ਸਿੰਘ ਸਹੋਤਾ, ਕਮਲਜੀਤ ਸਿੰਘ ਘੁਮਾਣ, ਹਰਪ੍ਰੀਤ ਸਿੰਘ ਗਿੱਲ ਤੇ ਹੋਰ ਮੈਂਬਰ; ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਮੀਤ ਪ੍ਰਧਾਨ ਸੰਤੋਖ ਸਿੰਘ ਘੁੰਮਣ ਸਮੇਤ ਹੋਰ ਮੁਅੱਜਜ਼ ਮਹਿਮਾਨ ਆਪਣੇ ਪਰਿਵਾਰਾਂ ਤੇ ਮਿੱਤਰਾਂ ਨਾਲ ਪਹੁੰਚੇ ਹੋਏ ਸਨ।

## ਤਣਾਅ ਦੋ ਦੇਸ਼ਾਂ ਵਿਚਕਾਰ ਹੈ, ਭਾਈਚਾਰੇ ਵਿਚਾਲੇ ਨਹੀਂ: ਕੌਂਸਲ ਜਨਰਲ ਸ਼ਿਕਾਗੋ

ਇਸ ਮੌਕੇ ਸਟੇਜ ਤੋਂ ਡਾ. ਗੁਰਚਰਨ ਸਿੰਘ ਗਰੇਵਾਲ ਨੇ ਸ਼ਿਕਾਗੋ ਵਿੱਚ ਭਾਰਤੀ ਕੌਂਸਲ ਜਨਰਲ ਸੋਮ ਨਾਥ ਘੋਸ਼ ਅੱਗੇ ਕੈਨੇਡਾ ਤੇ ਭਾਰਤ ਵਿਚਾਲੇ ਚੱਲ ਰਹੇ ਕੂਟਨੀਤਕ ਤਣਾਓ ਦੀ ਗੱਲ ਕਰਦਿਆਂ ਸਿੱਖ ਭਾਈਚਾਰੇ ਦੀ ਤਰਫੋਂ ਵਿਚਾਰ ਰੱਖੇ ਕਿ ਇਸ ਕਾਰਨ ਸਿੱਖ ਸਫਾਂ ਵਿੱਚ ਸਕਤੇ ਦਾ ਮਾਹੌਲ ਹੈ। ਇਸ ਮਾਮਲੇ ਵਿੱਚ ਸਾਰੇ ਸਿੱਖਾਂ ਨੂੰ ਕਿਉਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ? ਸੀਮਤ ਨਹੀਂ ਹੈ। ਢਾਕਾ ਵਿੱਚ ਗੁਰੂ ਨਾਨਕ ਜੀ ਦਾ ਗੁਰਦੁਆਰਾ ਹੈ ਅਤੇ ਭਾਰਤ ਦੇ ਸਾਊਥ ਕਾਰਨਾਟਕਾ ਵਿੱਚ ਵੀ ਸਿੱਖਾਂ ਦੇ ਗੁਰਦੁਆਰੇ ਹਨ। ਸਿੱਖ ਭਾਈਚਾਰਾ ਦੇਸ਼ ਵਿੱਚ ਹੀ ਨਹੀਂ, ਵਿਦੇਸ਼ਾਂ ਵਿੱਚ ਵੀ ਵੱਸਿਆ ਹੋਇਆ ਹੈ।

ਉਨ੍ਹਾਂ ਕਿਹਾ ਕਿ ਜਿਵੇਂ ਸਾਰੇ ਜਾਣਦੇ ਹੀ ਹਾਂ ਕਿ ਪੰਜਾਬ ਤੇ ਸਿੱਖਾਂ ਨੂੰ ਵੰਡ ਵੇਲੇ ਵੀ ਤਿਆਗ ਕਰਨਾ ਪਿਆ,



ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰਾ ਭਾਰਤ ਦਾ ਸਤਿਕਾਰ ਕਰਦਾ ਹੈ ਅਤੇ ਬਿਨਾ ਕਿਸੇ ਨਸਲੀ ਭੇਦਭਾਵ ਦੇ ਸਰਬੱਤ ਦਾ ਭਲਾ ਮੰਗਦਾ ਹੈ। ਡਾ. ਗਰੇਵਾਲ ਨੇ ਆਸ ਪ੍ਰਗਟਾਈ ਕਿ ਕੈਨੇਡਾ ਵੱਲੋਂ ਜੋ ਖਬਰ ਆਈ ਹੈ, ਉਹ ਨਿਰਮੂਲ ਹੋਵੇ, ਪਰ ਜੇ ਇਹ ਸੱਚ ਹੈ ਤਾਂ ਬਹੁਤ ਦੁੱਖ ਵਾਲੀ ਗੱਲ ਹੈ ਤੇ ਭਾਈਚਾਰੇ ਲਈ ਚਿੰਤਾਜਨਕ ਵੀ। ਉਨ੍ਹਾਂ ਕੌਂਸਲ ਜਨਰਲ ਨੂੰ ਸਿੱਖ ਭਾਈਚਾਰੇ ਦੀ ਤਰਫੋਂ ਇਸ ਮਾਮਲੇ ਉਤੇ ਸੰਭਵ ਰੌਸ਼ਨੀ ਪਾਉਣ ਦੀ ਬੇਨਤੀ ਕੀਤੀ।

ਇਸ ਸਬੰਧੀ ਕੌਂਸਲ ਜਨਰਲ ਸੋਮ ਨਾਥ ਘੋਸ਼ ਨੇ ਕਿਹਾ ਕਿ ਇਹ ਤਣਾਅ ਦੋ ਦੇਸ਼ਾਂ ਵਿਚਕਾਰ ਹੈ, ਨਾ ਕਿ ਭਾਈਚਾਰੇ ਵਿਚਾਲੇ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਪੰਜਾਬੀ ਸੱਭਿਆਚਾਰ ਤੋਂ ਬਿਨਾ ਭਾਰਤ ਸੋਚਿਆ ਵੀ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਜੇ ਭਾਈਚਾਰੇ ਦੀ ਗੱਲ ਕਰੀਏ ਤਾਂ ਸਿੱਖਇਜ਼ਮ ਸਿਰਫ ਇਕ ਭੂਗੋਲਿਕ ਖੇਤਰ ਤੱਕ ਹੀ ਪਰ ਹੁਣ ਸਾਰੇ ਖੇਤਰਾਂ ਭਾਵੇਂ ਉਹ ਖੇਤੀਬਾੜੀ ਹੋਵੇ, ਸਾਇੰਸ ਹੋਵੇ, ਫੌਜ ਜਾਂ ਵਿਕਾਸ ਦੇ ਹੋਰ ਖੇਤਰ ਹੋਣ-ਸਭ ਵਿੱਚ ਪੰਜਾਬੀ ਤੇ ਸਿੱਖ ਭਾਈਚਾਰਾ ਸ਼ੁਮਾਰ ਹੈ। ਜੇ ਇੰਡੀਅਨ ਡਾਇਸਪੋਰਾ ਦੀ ਗੱਲ ਕਰੀਏ ਤਾਂ ਅਮਰੀਕਾ ਵਿੱਚ ਵੀ ਪਹਿਲਾਂ ਸਿੱਖ ਹੀ ਆ ਕੇ ਵਸੇ। ਉਨ੍ਹਾਂ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਰੇ ਭਾਈਚਾਰੇ ਇੱਕ ਹੀ ਧਰਤੀ ਦੇ ਬੱਚੇ ਹਨ ਤੇ ਸਭ ਕੋਲ ਇੱਕੋ ਜਿਹੇ ਪਾਸਪੋਰਟ ਹਨ। ਜਿਨ੍ਹਾਂ ਪਰਵਾਸੀ ਭਾਰਤੀਆਂ ਜਾਂ ਸਿੱਖਾਂ ਕੋਲ ਹੁਣ ਭਾਰਤੀ ਪਾਸਪੋਰਟ ਨਹੀਂ ਹਨ ਭਾਵ ਅਮਰੀਕਨ ਪਾਸਪੋਰਟ ਹਨ, ਉਨ੍ਹਾਂ ਕੋਲ ਓ.ਸੀ.ਆਈ. ਕਾਰਡ ਹਨ। ਉਨ੍ਹਾਂ ਸਿੱਖ ਭਾਈਚਾਰੇ ਦੇ ਤੌਖਲੇ ਦੂਰ ਕਰਦਿਆਂ ਕਿਹਾ ਕਿ ਸਭ ਪਰਵਾਸੀ ਪੰਜਾਬੀਆਂ ਦਾ ਭਾਰਤ ਵਿੱਚ ਸਵਾਗਤ ਹੈ, ਪਰ ਇਹ ਜੋ ਤਣਾਅ ਪੈਦਾ ਹੋਇਆ ਹੈ, ਨਾਪ੍ਰਵਾਨਯੋਗ ਦੋਸ਼ਾਂ ਦੀ ਵਜ੍ਹਾ ਕਰ ਕੇ ਹੈ।

## ਭਾਰਤ-ਕੈਨੇਡਾ ਤਲਖ਼ੀ ਬਰਕਰਾਰ

ਕਰੋ' ਦੇ ਸਿਧਾਂਤ ਉੱਤੇ ਚਲਦੇ ਲੋਕਾਂ ਨੂੰ ਭਾਈਚਾਰਿਆਂ ਵਿਚਲੀ ਅਜਿਹੀ ਕਸ਼ਮਕਸ਼ ਰਾਸ ਬੈਠਦੀ ਹੈ, ਕਿਉਂਕਿ ਹੁਣ ਭਾਰਤ ਨੇ ਕਥਿਤ ਖਾਲਿਸਤਾਨੀਆਂ ਉੱਤੇ ਹੋਰ ਸਖਤੀ ਕਰਨ ਦਾ ਮਨ ਬਣਾ ਲਿਆ ਹੈ। ਸਿੱਖ ਹਲਕਿਆਂ ਵਿੱਚ ਚਰਚਾ ਹੈ ਕਿ ਅਜਿਹੇ ਮਾਹੌਲ ਵਿੱਚ ਆਮ ਸਿੱਖ ਭਾਈਚਾਰੇ ਉਤੇ, ਖਾਸ ਕਰ ਵਿਦੇਸ਼ ਤੋਂ ਭਾਰਤ ਜਾਣ ਵਾਲਿਆਂ ਨੂੰ ਵੀ ਔਖੀ ਸਥਿਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਦੂਜੇ ਪਾਸੇ ਇਨ੍ਹੀਂ ਦਿਨੀਂ ਕੈਨੇਡਾ ਦੇ ਪ੍ਰਧਾਨ ਮੰਤਰੀ ਇੱਕ ਹੋਰ ਨਵੇਂ ਮੁੱਦੇ 'ਤੇ ਘਿਰਦੇ ਨਜ਼ਰ ਆਏ। ਦਰਅਸਲ ਹੁਣ ਕੈਨੇਡਾ ਦੇ ਮੁਸਲਿਮ ਐਸੋਸੀਏਸ਼ਨ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਇੱਕ ਟਿੱਪਣੀ 'ਤੇ ਇਤਰਾਜ਼ ਦਰਜ ਕਰਵਾਇਆ ਹੈ। ਇਹ ਮਾਮਲਾ ਕੈਨੇਡਾ ਦੇ ਸਕੂਲਾਂ ਵਿੱਚ ਬੱਚਿਆਂ ਨੂੰ ਪੜ੍ਹਾਈ ਜਾਂਦੀ ਸੈਕਸੁਅਲ ਓਰੀਐਂਟੇਸ਼ਨ ਐਂਡ ਜੈਂਡਰ ਆਈਡੈਂਟਟੀ ਬਾਰੇ ਹੈ।

ਕੈਨੇਡਾ ਵਿੱਚ ਸਿੱਖਿਆ ਨਾਲ ਜੁੜਿਆ ਇੱਕ ਪ੍ਰੋਗਰਾਮ ਹੈ, ਜੋ ਅਲਬਰਟਾ ਤੇ ਬ੍ਰਿਟਿਸ਼ ਕੋਲੰਬੀਆ ਦੇ ਸਕੂਲਾਂ ਲਈ ਹੈ ਅਤੇ ਜਿਸ ਦਾ ਮਕਸਦ ਬੱਚਿਆਂ ਨੂੰ ਐਲਜੀਬੀਟੀਕਿਊ ਭਾਈਚਾਰੇ ਪ੍ਰਤੀ ਜਾਗਰੂਕ ਕਰਨਾ ਹੈ। ਪਰ ਕੈਨੇਡਾ 'ਚ ਵੱਸਦੇ ਮੁਸਲਮਾਨ ਮਾਪਿਆਂ ਦਾ ਕਹਿਣਾ ਹੈ ਕਿ ਸਕੂਲਾਂ ਵਿੱਚ ਇਸ ਬਾਰੇ ਪੜ੍ਹਾਇਆ ਜਾਣਾ ਬੱਚਿਆਂ ਲਈ ਕੁਝ ਜ਼ਿਆਦਾ ਹੀ ਜਲਦੀ ਹੈ। ਇਸ ਸਿਲਸਿਲੇ 'ਚ ਬਹੁਤ ਸਾਰੇ ਲੋਕਾਂ ਨੇ ਇੱਕ ਮਾਰਚ ਵੀ ਕੱਢਿਆ, ਜਿਸ ਵਿੱਚ ਵੱਡੀ ਗਿਣਤੀ ਮੁਸਲਮਾਨ ਮਾਪਿਆਂ ਦੀ ਰਹੀ। ਟੀਚਰਜ਼ ਯੂਨੀਅਨ ਨੇ ਵੀ ਇਸ ਪ੍ਰਦਰਸ਼ਨ ਦੇ ਖ਼ਿਲਾਫ਼ ਸੜਕਾਂ 'ਤੇ ਆ ਕੇ ਆਪਣੀ ਏਕਤਾ ਦਾ ਪ੍ਰਦਰਸ਼ਨ ਕੀਤਾ।



ਟਰੂਡੋ ਦੀ ਇਸ ਟਿੱਪਣੀ 'ਤੇ ਵੀ ਵਿਵਾਦ ਭਖਿਆ, ਜਦੋਂ ਉਨ੍ਹਾਂ ਆਪਣੇ ਐਕਸ ਅਕਾਊਂਟ 'ਤੇ ਲਿਖਿਆ, "ਮੈਂ ਇੱਕ ਗੱਲ ਸਪਸ਼ਟ ਕਰਨਾ ਚਾਹੁੰਦਾ ਹਾਂ- ਦੇਸ਼ ਵਿੱਚ ਟ੍ਰਾਂਸਫੋਬੀਆ, ਹੋਮੋਫੋਬੀਆ ਅਤੇ ਬਾਇਫੋਬੀਆ ਲਈ ਕੋਈ ਥਾਂ ਨਹੀਂ ਹੈ।...ਮੈਂ ਉਨ੍ਹਾਂ ਦੇ ਖਿਲਾਫ ਨਫਰਤ ਅਤੇ ਵਿਰੋਧ ਪ੍ਰਦਰਸ਼ਨ ਦੀ ਸਖਤ ਨਿੰਦਾ ਕਰਦਾ ਹਾਂ। ਅਸੀਂ ਜਿਨਸੀ ਘੱਟ ਗਿਣਤੀਆਂ ਦੇ ਹੱਕ 'ਚ ਖੁੱਲ੍ਹ ਕੇ ਖੜ੍ਹੇ ਹਾਂ ਅਤੇ ਇਹ ਸਾਡੇ ਲਈ ਜਾਇਜ਼ ਵੀ ਹਨ ਅਤੇ ਮਹੱਤਵਪੂਰਨ ਵੀ।"

ਦਿ ਮੁਸਲਿਮ ਐਸੋਸੀਏਸ਼ਨ ਆਫ਼ ਕੈਨੇਡਾ ਨੇ ਟਰੂਡੋ ਦੇ ਇਸ ਬਿਆਨ 'ਤੇ ਇਤਰਾਜ਼ ਜਤਾਉਂਦਿਆਂ ਕਿਹਾ ਕਿ ਉਨ੍ਹਾਂ ਦੀ ਅਜਿਹੀ ਟਿੱਪਣੀ ਨਾਲ ਸਕੂਲਾਂ 'ਚ ਮੁਸਲਮਾਨ ਬੱਚਿਆਂ ਦਾ ਸ਼ੋਸ਼ਣ ਵਧ ਸਕਦਾ ਹੈ। ਸ਼ਾਂਤੀਪੂਰਨ ਪ੍ਰਦਰਸ਼ਨ ਅਤੇ ਵਿਰੋਧ ਨੂੰ ਸੁਣਿਆ ਜਾਣਾ ਚਾਹੀਦਾ ਹੈ, ਨਾ ਕਿ ਇਸ ਨੂੰ ਨਫ਼ਰਤ ਭਰਿਆ ਕਹਿਣਾ ਚਾਹੀਦਾ ਹੈ।

**ਸਟੱਡੀ ਵੀਜ਼ਾ:** ਕੈਨੇਡਾ-ਭਾਰਤ ਕੂਟਨੀਤਕ ਮਸਲਾ ਅਜੇ ਤੱਕ ਠੰਢਾ ਨਹੀਂ ਹੋਇਆ ਕਿ ਅਜਿਹੇ ਵਿੱਚ ਭਾਰਤੀ ਵਿਦਿਆਰਥੀ ਕੈਨੇਡਾ ਵਿੱਚ ਆਪਣੇ ਭਵਿੱਖ ਨੂੰ ਲੈ ਕੇ ਚਿੰਤਤ ਨਜ਼ਰ ਆ ਰਹੇ ਹਨ। ਵਿਦਿਆਰਥੀ ਦੋਵੇਂ ਸਰਕਾਰਾਂ ਨੂੰ ਮਿਲ ਕੇ ਕੰਮ ਕਰਨ ਦੀ ਅਪੀਲ ਕਰ ਰਹੇ ਹਨ। ਕਈ ਵਿਦਿਆਰਥੀ ਪੜ੍ਹਾਈ ਲਈ ਕੈਨੇਡਾ ਆਉਣ ਦੇ ਆਪਣੇ ਫ਼ੈਸਲੇ 'ਤੇ ਸਵਾਲ ਚੁੱਕ ਰਹੇ ਹਨ, ਖ਼ਾਸ ਕਰ ਕੇ ਜਦੋਂ ਦੀਆਂ ਭਾਰਤ ਸਰਕਾਰ ਨੇ ਕੈਨੇਡਾ ਦੇ ਨਾਗਰਿਕਾਂ ਲਈ ਵੀਜ਼ਾ ਸੇਵਾਵਾਂ ਮੁਅੱਤਲ ਕੀਤੀਆਂ ਹਨ।





ਡੇਵਨਪੋਰਟ ਫੈਮਿਲੀ ਫਿਊਨਰਲ ਹੋਮ ਅਤੇ ਸ਼ਮਸ਼ਾਨਘਰ

ਸਿੱਖ ਭਾਈਚਾਰੇ ਨਾਲ ਸਬੰਧਤ ਮ੍ਰਿਤਕਾਂ ਦਾ ਸਸਕਾਰ ਭਾਵਨਾਤਮਕ ਤੌਰ 'ਤੇ ਪੂਰੀ ਦੇਖਭਾਲ ਨਾਲ ਕੀਤਾ ਜਾਂਦਾ ਹੈ

-ਮੌਕੇ 'ਤੇ ਸਸਕਾਰ -On Site Crematory
-ਅੰਤਿਮ ਦਰਸ਼ਨਾਂ ਲਈ ਕਮਰਾ -Viewing Room Available
-ਵੱਡਾ ਤੇ ਸੁੰਦਰ ਚੈਪਲ -Large, Beautiful Chapels
-ਘੱਟ ਖਰਚ ਉਤੇ ਸੇਵਾਵਾਂ -Competitive Prices

ਪਰਿਵਾਰਾਂ ਦੀ ਉਸੇ ਤਰ੍ਹਾਂ ਸੇਵਾ ਕਰਦੇ ਹਾਂ, ਜਿਵੇਂ ਅਸੀਂ ਆਪਣੇ ਪਰਿਵਾਰ ਲਈ ਚਾਹੁੰਦੇ ਹਾਂ

Serving Families As We Would Want Ours Served

Lake Zurich 847-550-4221
Crystal Lake 825-459-3411
Barrington 847-381-3411

Please call or visit our website at www.davenportfamily.com

Davenport
FAMILY FUNERAL HOMES AND CREMATORY

# ਮਨੋਰੰਜਨ ਭਰਪੂਰ ਰਿਹਾ ਪੀ.ਸੀ.ਐਸ. ਦਾ ਪੰਜਾਬੀ ਮੇਲਾ

## *ਮੀਂਹ ਤੋਂ ਬਾਅਦ ਧੁੱਪ ਚੜ੍ਹਦਿਆਂ ਹੀ ਖਿੜ ਪਿਆ ਸੀ ਮੇਲਾ*
## *ਸੀ.ਡੀ. ਉੱਤੇ ਹੀ ਗੀਤਾ ਜ਼ੈਲਦਾਰ ਨੇ ਸਰੋਤੇ ਨੱਚਣ ਲਾਏ*




**ਸ਼ਿਕਾਗੋ (ਕੁਲਜੀਤ ਦਿਆਲਪੁਰੀ):** ਪੰਜਾਬੀ ਕਲਚਰਲ ਸੁਸਾਇਟੀ (ਪੀ.ਸੀ.ਐਸ.) ਸ਼ਿਕਾਗੋ ਦੇ ਪੰਜਾਬੀ ਮੇਲੇ ਵਾਲੇ ਦਿਨ ਦੁਪਹਿਰ ਤੱਕ ਮੀਂਹ ਪਈ ਜਾਣ ਕਾਰਨ ਇੱਕ ਵਾਰ ਤਾਂ ਚਰਚਾ ਛਿੜ ਪਈ ਸੀ ਕਿ ਸ਼ਾਇਦ ਇਹ ਮੇਲਾ ਰੱਦ ਹੀ ਨਾ ਹੋ ਜਾਵੇ ਜਾਂ ਜੇਕਰ ਮੇਲਾ ਹੋਇਆ ਵੀ ਤਾਂ ਸ਼ਾਇਦ ਬਹੁਤੇ ਲੋਕ ਨਹੀਂ ਆਉਣਗੇ; ਕਿਉਂਕਿ ਸਵੇਰ ਵੇਲੇ ਰੁਕ ਰੁਕ ਕੇ ਪੈ ਰਹੇ ਮੀਂਹ ਪਿੱਛੋਂ ਇੱਕ ਵਾਰ ਤਾਂ ਮੀਂਹ ਹੱਟ ਗਿਆ ਸੀ, ਪਰ ਦੁਪਹਿਰ ਵੇਲੇ ਫਿਰ ਜ਼ੋਰ ਨਾਲ ਪੈਣ ਕਾਰਨ ਮੇਲਾ ਵੇਖਣ ਜਾਣ ਵਾਲੇ ਦੋਚਿੱਤੀ ਵਿੱਚ ਪੈ ਗਏ ਸਨ। ਇਸੇ ਵਜ੍ਹਾ ਕਾਰਨ ਮੇਲੇ ਵਾਲੀ ਥਾਂ ਡੀਅਰ ਗਰੂਵ ਈਸਟ (ਪੈਲਾਟਾਈਨ) ਦੁਪਹਿਰ ਦੋ ਵਜੇ ਤੱਕ ਪ੍ਰਬੰਧਕਾਂ ਸਮੇਤ ਹੋਰ ਲੋਕ ਬਹੁਤ ਹੀ ਘੱਟ ਗਿਣਤੀ ਵਿੱਚ ਸਨ। ਜਦੋਂ ਨੂੰ ਅੰਬਰ 'ਚੋਂ ਬੱਦਲ ਹਟੇ ਅਤੇ ਮੀਂਹ ਦੀਆਂ ਕਣੀਆਂ ਦੀ ਥਾਂ ਧੁੱਪ ਦੀਆਂ ਕਿਰਨਾਂ ਚੜ੍ਹ ਆਈਆਂ ਤਾਂ ਮੇਲਾ ਖਿੜਨ ਲੱਗ ਪਿਆ। ਦੇਖਦਿਆਂ ਹੀ ਦੇਖਦਿਆਂ ਨੇੜੇ-ਤੇੜੇ ਰਹਿੰਦੇ ਲੋਕ ਮੇਲੇ ਵਾਲੀ ਥਾਂ ਪਹੁੰਚਣ ਲੱਗ ਪਏ। ਰੌਣਕ ਵਧਦੀ ਵੇਖ ਮੌਸਮ ਦੀ ਖਰਾਬੀ ਕਾਰਨ ਪਹਿਲਾਂ ਕੁਝ ਕੁਝ ਸਕਤੇ ਵਿੱਚ ਆਏ ਮੇਲਾ ਪ੍ਰਬੰਧਕਾਂ ਦੀਆਂ ਵਰਾਛਾਂ ਖਿੜਨ ਲੱਗ ਪਈਆਂ।

ਮੇਲੇ ਦਾ ਰਸਮੀ ਉਦਘਾਟਨ ਪੀ.ਸੀ.ਐਸ. ਦੇ ਚੇਅਰਮੈਨ ਨਿੱਕ ਬਲਵਿੰਦਰ ਸਿੰਘ, ਪ੍ਰਧਾਨ ਭੁਪਿੰਦਰ ਸਿੰਘ ਧਾਲੀਵਾਲ, ਇਲੀਨਾਏ ਸਟੇਟ ਰਿਪ੍ਰਜ਼ੈਂਟੇਟਿਵ ਮਿਸ਼ੈਲ ਮਸਮੈਨ ਤੇ ਨਬੀਲਾ ਸੱਈਅਦ, ਹੈਨਓਵਰ ਟਾਊਨਸ਼ਿਪ ਅਸੈਸਰ ਖਾਜਾ ਮੋਇਨ ਉਦੀਨ ਅਤੇ ਪੀ.ਸੀ.ਐਸ. ਬੋਰਡ ਨੇ ਸਾਂਝੇ ਤੌਰ 'ਤੇ ਰਿਬਨ ਕੱਟ ਕੇ ਕੀਤਾ।

ਗਰਾਊਂਡ ਭਾਵੇਂ ਥੋੜ੍ਹਾ ਥੋੜ੍ਹਾ ਗਿੱਲਾ ਸੀ, ਪਰ ਪ੍ਰਬੰਧਕਾਂ ਨੇ ਮਿੱਥੇ ਪ੍ਰੋਗਰਾਮ ਮੁਤਾਬਕ ਖੇਡਾਂ ਆਰੰਭ ਦਿੱਤੀਆਂ ਸਨ ਤਾਂ ਜੋ ਜਿੰਨੇ ਵੀ ਮੇਲੀ ਆਪਣੇ ਪਰਿਵਾਰਾਂ ਸਮੇਤ ਆਏ ਹਨ, ਉਹ ਬੱਚਿਆਂ ਨੂੰ ਮਸਰੂਫ ਰੱਖਣ ਵਾਲੀਆਂ ਖੇਡਾਂ ਦਾ ਮਨੋਰੰਜਨ ਕਰ ਸਕਣ। ਬੱਚਿਆਂ ਲਈ ਬਾਊਂਸੀ ਹਾਊਸ ਹਰਸ਼ਰਨਦੀਪ ਸਿੰਘ ਨੇ ਗੋਲਾ ਸੁੱਟਣ ਦੇ ਮੁਕਾਬਲੇ ਵਿੱਚ ਹਿੱਸਾ ਲਿਆ ਤੇ ਉਨ੍ਹਾਂ ਨੂੰ ਵਿਸ਼ੇਸ਼ ਇਨਾਮ ਦਿੱਤਾ ਗਿਆ। ਤਿੰਨ ਟੰਗੀ ਦੌੜ ਵਿੱਚ ਨਵਰੀਤ-ਜਸਪ੍ਰੀਤ, ਅਨਮੋਲ-ਸਨਦੀਪ ਅਤੇ ਭਾਗੀ-ਪ੍ਰੀਤੀ ਦੀ ਜੋੜੀ ਕ੍ਰਮਵਾਰ ਪਹਿਲੇ, ਦੂਜੇ ਤੇ ਤੀਜੇ ਥਾਂ 'ਤੇ ਰਹੀ। ਕਰੀਬ 77 ਸਾਲ ਦੀ ਹਰਇਕਬਾਲਜੀਤ ਸਾਹਨੀ ਨੇ ਤਿੰਨ ਟੰਗੀ ਦੌੜ ਵਿੱਚ ਹਿੱਸਾ ਲਿਆ ਤੇ ਉਸ ਨੂੰ ਵਿਸ਼ੇਸ਼ ਇਨਾਮ ਦਿੱਤਾ ਗਿਆ। ਪੰਜ ਤੋਂ ਨੌਂ ਸਾਲ ਦੇ ਬੱਚਿਆਂ ਦੀ ਮਿਊਜ਼ੀਕਲ ਚੇਅਰ ਰੇਸ ਵਿੱਚ ਜ਼ੋਇਆ ਵਿਰਕ ਪਹਿਲੇ, ਗੁਰਤਾਜ ਦੂਜੇ ਤੇ ਨਿਮਰਤ ਤੀਜੇ ਨੰਬਰ 'ਤੇ ਰਹੇ। ਔਰਤਾਂ ਦੀ ਮਿਊਜ਼ੀਕਲ ਰੇਸ ਵਿੱਚ ਦੀਪਿਕਾ ਜੈਨ, ਕ੍ਰਿਸ਼ਨਾ ਤੇ ਛਾਇਆ ਕ੍ਰਮਵਾਰ ਪਹਿਲੇ, ਦੂਜੇ ਤੇ ਤੀਜੇ ਸਥਾਨ ਉਤੇ ਰਹੀਆਂ। ਔਰਤਾਂ ਦੀ ਚੱਮਚ ਰੇਸ ਵਿੱਚ ਪ੍ਰਿਅੰਕਾ ਪਹਿਲੇ, ਜਸਪ੍ਰੀਤ ਮਾਵੀ ਦੂਜੇ ਤੇ ਸਿਮਰਤ ਮੱਲ੍ਹੀ ਤੀਜੇ ਸਥਾਨ ਉਤੇ ਰਹੀਆਂ। ਸਪਰਿੰਟ ਰੇਸ ਵਿੱਚ ਹਰਲੀਨ ਤੇ ਵਰਨੋਨਿਕਾ ਬਾਵਾ ਕ੍ਰਮਵਾਰ ਪਹਿਲੇ ਤੇ ਦੂਜੇ ਅਤੇ 16 ਤੋਂ 20 ਉਮਰ ਵਰਗ ਵਿੱਚ ਨਾਥਰ ਠਾਕਰ, ਨੀਤੂ ਸਿੰਘ ਤੇ ਦੀਪਿਕਾ ਜੈਨ ਕ੍ਰਮਵਾਰ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਰਹੀਆਂ। ਸਪਰਿੰਟ ਰੇਸ ਦੇ ਇੱਕ ਹੋਰ ਮੁਕਾਬਲੇ ਪਤੰਗਬਾਜ਼ੀ ਨਾ ਹੀ ਹੋਵੇ! ਇੱਕ ਮੇਲਾ ਪ੍ਰਬੰਧਕ ਅਨੁਸਾਰ ਮੀਂਹ ਵਾਲੇ ਮੌਸਮ ਵਿੱਚ ਪਤੰਗ ਗਿੱਲੇ ਹੋ ਜਾਣੇ ਸਨ, ਜਿਸ ਕਾਰਨ ਇਹ ਮੁਕਾਬਲਾ ਰੱਦ ਕਰਨਾ ਪਿਆ। ਇਸੇ ਕਾਰਨ ਕੁਝ ਹੋਰ ਖੇਡਾਂ ਵੀ ਰੱਦ ਕਰਨੀਆਂ ਪਈਆਂ।

ਇਸ ਮੌਕੇ ਅਮਰੀਕੀ ਏਜੰਸੀ ਫੈਡਰਲ ਬਿਊਰੋ ਇਨਵੈਸਟੀਗੇਸ਼ਨ (ਐਫ.ਬੀ.ਆਈ.) ਵੱਲੋਂ ਇੱਕ ਸਟਾਲ ਲਾਇਆ ਗਿਆ, ਜਿਸ ਵਿੱਚ ਏਜੰਸੀ ਦੇ ਨੁਮਾਇੰਦੇ ਲੋਕਾਂ ਨੂੰ ਐਫ.ਬੀ.ਆਈ. ਬਾਰੇ ਜਾਣਕਾਰੀ ਦੇ ਰਹੇ ਸਨ। ਚਾਹਵਾਨ ਐਫ.ਬੀ.ਆਈ. ਵਿੱਚ ਕਿਸ ਤਰ੍ਹਾਂ ਭਰਤੀ ਹੋ ਸਕਦੇ ਹਨ, ਇਸ ਬਾਰੇ ਜਾਣੂੰ ਕਰਵਾਇਆ ਜਾ ਰਿਹਾ ਸੀ। ਐਫ.ਬੀ.ਆਈ. ਦੇ ਕੰਮ, ਭਰਤੀ ਹੋਣ ਲਈ ਤਿਆਰੀ ਕਿਵੇਂ ਕਰਨੀ ਆਦਿ ਬਾਰੇ ਪੈਂਫਲਿਟ ਮੁਹੱਈਆ ਸਨ।

ਮੇਲੇ ਦਾ ਵਿਸ਼ੇਸ਼ ਆਕਰਸ਼ਣ ਗਾਇਕ ਗੀਤਾ ਜ਼ੈਲਦਾਰ ਸੀ। ਉਸ ਨੇ ਸੀ.ਡੀ. ਚਲਾ ਕੇ ਬੁੱਲ੍ਹ ਫਰਕਾਉਂਦਿਆਂ ਆਪਣੇ ਕਈ ਚਰਚਿਤ ਗੀਤ ਪੇਸ਼ ਕੀਤੇ। ਨੱਚਣ ਦੇ ਮੂਡ ਵਿੱਚ ਆਏ ਲੋਕ ਸੀ.ਡੀ. ਉਤੇ ਨੱਚਦੇ ਰਹੇ ਅਤੇ ਨਾਲ ਨਾਲ ਸਟੇਜ ਉੱਤੇ ਚੜ੍ਹ ਉਹਦੇ ਨਾਲ ਤਸਵੀਰਾਂ ਖਿਚਵਾਉਂਦੇ ਰਹੇ। ਹਾਲਾਂਕਿ ਪ੍ਰਬੰਧਕਾਂ ਨੇ ਪਹਿਲਾਂ ਸਟੇਜ ਅੱਗੇ ਮੇਜ਼ ਟੇਢੇ ਖੜ੍ਹੇ ਕੀਤੇ ਸਨ ਤੇ














ਸੀ, ਪਰ ਮੀਂਹ ਕਾਰਨ ਗਿੱਲਾ ਸੀ, ਜਿਸ ਕਰਕੇ ਬੱਚੇ ਪਹਿਲਾਂ ਪਹਿਲ ਉਸ ਵਿੱਚ ਖੇਡਣ ਤੋਂ ਪਾਸਾ ਜਿਹਾ ਵੱਟਦੇ ਰਹੇ, ਪਰ ਫਿਰ ਹੌਲੀ-ਹੌਲੀ ਹੋਰ ਬੱਚਿਆਂ ਦੀ ਦੇਖੋ-ਦੇਖੀ ਉਹ ਬੇਪਰਵਾਹ ਹੋ ਆਪਣੀਆਂ ਖੇਡਾਂ ਵਿੱਚ ਮਸਤ ਹੋ ਗਏ। ਮਿਊਜ਼ੀਕਲ ਚੇਅਰ, ਤਿੰਨ ਟੰਗੀ ਦੌੜ, ਚੱਮਚ ਦੌੜ, ਰੱਸਾਕਸ਼ੀ ਸਮੇਤ ਬੱਚਿਆਂ ਅਤੇ ਵੱਡਿਆਂ ਨੂੰ ਮਨੋਰੰਜਨ ਪ੍ਰਦਾਨ ਕਰ ਰਹੀਆਂ ਸਨ।

ਬੱਚਿਆਂ ਦੀਆਂ ਖੇਡਾਂ ਲਈ ਬਿਕਰਮ ਸਿੰਘ ਸੋਹੀ, ਸੁਰਿੰਦਰ ਸਿੰਘ ਪਾਲੀਆ, ਗੁਰਪ੍ਰੀਤ ਸਿੰਘ ਸਿੱਧੂ, ਭਿੰਦਰ ਪੰਮਾ, ਨਵਤੇਜ ਸੋਹੀ, ਜਿਗਰਦੀਪ ਸਿੰਘ ਢਿੱਲੋਂ, ਗੁਰਲਾਲ ਸਿੰਘ ਭੱਠਲ, ਜਸਬੀਰ ਸਿੰਘ ਪਾਲੀਆ, ਪਰਮਜੋਤ ਸਿੰਘ ਪਰਮਾਰ, ਗੁਰਮੀਤ ਸਿੰਘ ਢਿੱਲੋਂ ਸਮੇਤ ਹੋਰ ਪੀ.ਸੀ.ਐਸ. ਮੈਂਬਰ ਸਹਿਯੋਗ ਕਰ ਰਹੇ ਸਨ ਤੇ ਨਾਲ ਨਾਲ ਬੱਚਿਆਂ ਨੂੰ ਖੇਡਾਂ ਦੇ ਨਿਯਮ ਸਮਝਾ ਰਹੇ ਸਨ। ਬਜ਼ੁਰਗਾਂ ਦੇ ਮਨਪ੍ਰਚਾਵੇ ਲਈ ਵੀ ਖੇਡਾਂ ਕਰਵਾਈਆਂ ਗਈਆਂ, ਜਿਸ ਦੌਰਾਨ ਗੋਲਾ ਸੁੱਟਣ ਤੇ ਦੌੜ ਵਿੱਚ ਕ੍ਰਮਵਾਰ 75 ਤੇ 77 ਸਾਲ ਦੇ ਬਜ਼ੁਰਗਾਂ ਨੇ ਹਿੱਸਾ ਲਿਆ।

ਗੋਲਾ ਸੁੱਟਣ ਦੇ ਮੁਕਾਬਲੇ ਵਿੱਚ ਬਬਲੂ ਸਿੰਘ ਪਹਿਲੇ, ਗੁਰਬੀਰ ਧਨੋਆ ਦੂਜੇ ਅਤੇ ਵਿੱਕੀ ਤੀਜੇ ਸਥਾਨ 'ਤੇ ਰਿਹਾ। ਕਰੀਬ 85 ਸਾਲਾ ਵਿੱਚ ਗੁਰਸ਼ਾਨ, ਜੌਨਾਥਨ ਤੇ ਹਰਮੀਕ ਸਿੰਘ ਕ੍ਰਮਵਾਰ ਪਹਿਲੇ, ਦੂਜੇ ਤੇ ਤੀਜੇ ਥਾਂ ਉਤੇ ਰਹੇ। ਮੇਲੇ ਦੇ ਸਪਾਂਸਰਾਂ ਵੱਲੋਂ ਜੇਤੂਆਂ ਨੂੰ ਹੌਸਲਾ ਹਫਜ਼ਾਈ ਵਜੋਂ ਇਨਾਮ ਦਿੱਤੇ ਗਏ।

ਵੱਡਿਆਂ ਦਾ ਰੱਸਾ ਖਿੱਚਣ ਦਾ ਮੁਕਾਬਲਾ ਵੀ ਦਿਲਚਸਪ ਸੀ। ਇੱਕ ਪਾਸੇ ਕੁਝ ਸਾਬਕਾ ਕਬੱਡੀ ਖਿਡਾਰੀ ਹੋਣ ਕਾਰਨ ਉਨ੍ਹਾਂ ਦੀ ਟੀਮ ਜੇਤੂ ਰਹੀ। ਸਥਾਨਕ ਵਾਲੀਬਾਲ ਗਰੁੱਪ ਨੇ ਵੀ ਵਾਲੀਆਂ ਹਵਾ ਵਿਚ ਉਡਾਈਆਂ। ਇਸ ਗਰੁੱਪ ਵਿੱਚ ਨੌਜਵਾਨ ਵੀ ਸਨ ਤੇ ਬਜ਼ੁਰਗ ਵੀ ਸਨ ਅਤੇ ਇਹ ਗਰੁੱਪ ਦੁਪਹਿਰੇ ਹੀ ਮੇਲੇ ਵਾਲੀ ਥਾਂ ਪੁੱਜ ਗਿਆ ਸੀ ਤੇ ਆਪਣਾ ਅੱਡਾ-ਪੀੜ੍ਹਾ ਫਿੱਟ ਕਰ ਲਿਆ ਸੀ। ਇਸ ਗਰੁੱਪ ਦੇ ਪਾਲ ਧਾਲੀਵਾਲ, ਕਰਮਬੀਰ ਸਿੰਘ, ਬਲਵਿੰਦਰ ਬਾਠ, ਬਲਵਿੰਦਰ ਸੇਖੋਂ, ਗੁਰਮੀਤ ਢਿੱਲੋਂ ਅਤੇ ਹੋਰਾਂ ਵੱਲੋਂ ਵਾਲੀਬਾਲ ਦੇ ਮੈਚ ਨਿਰੰਤਰ ਜਾਰੀ ਸਨ।

ਪਿਛਲੇ ਮੇਲੇ ਵਿੱਚ ਕੁਝ ਪਰਿਵਾਰਾਂ ਨੇ ਪਤੰਗਾਂ ਦੀਆਂ ਡੋਰਾਂ ਖਿਚੀਆਂ ਸਨ, ਪਰ ਇਸ ਵਾਰ ਮੀਂਹ ਕਾਰਨ ਪਤੰਗ ਉਡਾਉਣ ਦਾ ਮੁਕਾਬਲਾ ਨਹੀਂ ਹੋਇਆ। ਪਿਛਲੇ ਮੇਲੇ ਵਾਲਾ ਪਤੰਗਬਾਜ਼ ਟੋਲਾ ਲਗਪਗ ਨਾਦਾਰਦ ਸੀ। ਸ਼ਾਇਦ ਉਨ੍ਹਾਂ ਸਵੇਰੇ ਮੀਂਹ ਪੈਂਦਾ ਵੇਖ ਅੰਦਾਜ਼ਾ ਲਾ ਲਿਆ ਹੋਣਾ ਕਿ ਪਲਾਸਟਿਕ ਰਿਬਨ ਵੀ ਬੰਨ੍ਹਿਆ ਸੀ ਤਾਂ ਕਿ ਗਾਇਕੀ ਦੌਰਾਨ ਲੋਕ ਸਟੇਜ ਉੱਤੇ ਨਾ ਆਉਣ। ਬਿਨਾ ਸਾਜ਼ੀਆਂ ਤੋਂ ਗੀਤਾ ਜ਼ੈਲਦਾਰ ਗਾਉਂਦਾ ਰਿਹਾ ਅਤੇ ਨੱਚਣ ਦਿਆਂ ਸ਼ੌਕੀਨਾਂ ਨੂੰ ਨਚਾਉਂਦਾ ਰਿਹਾ। ਇਸ ਰੁਝਾਨ ਦਾ ਬਹੁਤ ਪ੍ਰਚਲਨ ਵਧ ਗਿਆ ਹੈ ਕਿ ਗਾਇਕ ਆਪਣੇ ਅਖਾੜੇ ਦੌਰਾਨ ਸਾਜ਼ੀਆ ਉਤੇ ਖ਼ਰਚਾ ਕਰਨ ਨਾਲੋਂ ਸੀ.ਡੀ. ਉਤੇ ਹੀ ਗਾ ਲੈਂਦੇ ਹਨ; ਯਾਨਿ ਨਾ ਹਿੰਗ ਲੱਗੇ ਨਾ ਫਟਕੜੀ, ਰੰਗ ਚੋਖਾ ਆਵੇ!

ਦਿਲਚਸਪ ਨਜ਼ਾਰਾ ਉਦੋਂ ਬਣ ਗਿਆ ਸੀ, ਜਦੋਂ ਗੀਤਾ ਜ਼ੈਲਦਾਰ ਨੇ "ਕਣੀਆਂ 'ਚ ਮੈਂ ਭਿੱਜ ਗਈ, ਤੈਨੂੰ ਮਿਲਣ ਆਉਂਦੀ ਦਿਲਦਾਰਾ" ਗੀਤ ਪੇਸ਼ ਕੀਤਾ। ਇੰਨੇ ਨੂੰ ਉਮਰ ਪੱਖੋਂ ਬਜ਼ੁਰਗ ਪਰ ਦਿਲ ਦੀਆਂ ਜਵਾਨ ਲੱਗਦੀਆਂ ਕੁਝ ਬੀਬੀਆਂ "...ਤੈਨੂੰ ਮਿਲਣ ਆਉਂਦੀ ਦਿਲਦਾਰਾ" ਗਾਉਂਦੀਆਂ ਪੂਰੇ ਹੁਲਾਸ ਵਿੱਚ ਆਈਆਂ ਨੱਚਣ ਲੱਗ ਪਈਆਂ। ਇਸ ਤਰ੍ਹਾਂ ਲੱਗ ਰਿਹਾ ਸੀ, ਜਿਵੇਂ ਉਨ੍ਹਾਂ ਅੰਦਰ "ਇਸ਼ਕ ਦੀਆਂ ਤਰਬਾਂ" ਛਿੜੀਆਂ ਹੋਈਆਂ ਹੋਣ ਅਤੇ ਮਨ ਝੂਮਣ ਦੇ ਨਾਲ ਨਾਲ ਅੱਡੀਆਂ ਤੇ ਤਾੜੀਆਂ ਇੱਕਸੁਰਤਾ ਪੈਦਾ ਕਰ ਰਹੀਆਂ ਹੋਣ। ਕਾਲੇ ਸੂਟ ਪਾ ਕੇ ਆਈਆਂ ਕੁਝ ਬੀਬੀਆਂ ਨੇ ਗੀਤਾ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ





ਜ਼ੈਲਦਾਰ ਨੂੰ ਫਰਮਾਇਸ਼ ਪਾ ਦਿੱਤੀ ਕਿ "ਚਿੱਟੇ ਸੂਟ" ਗੀਤ ਤੋਂ ਬਾਅਦ ਉਹ ਕਾਲੇ ਸੂਟਾਂ ਬਾਰੇ ਵੀ ਗੀਤ ਗਾਵੇ। ਉਹ ਸਟੇਜ ਤੋਂ ਕਲੋਲਾਂ ਕਰਦਾ ਸਰੋਤਿਆਂ ਦੀ ਫਰਮਾਇਸ਼ ਮੁਤਾਬਕ ਸੀ.ਡੀ. ਲਾਉਣ ਵਾਲੇ ਨੂੰ ਇਸ਼ਾਰਾ ਕਰ ਦਿੰਦਾ, ਤੇ ਨੱਚਣ-ਗਾਉਣ ਦਾ ਦੌਰ ਫਿਰ ਚੱਲ ਪੈਂਦਾ। ਗੀਤਾ ਜ਼ੈਲਦਾਰ ਵੱਲੋਂ ਗਾਉਣਾ ਸ਼ੁਰੂ ਕਰਨ ਤੋਂ ਲੈ ਕੇ ਸਮਾਪਤੀ ਤੱਕ ਬਹੁਤੇ ਲੋਕ ਸਮੇਤ ਪ੍ਰਬੰਧਕ ਨੱਚ ਨੱਚ ਚਿੱਤ ਰਾਜ਼ੀ ਕਰਦੇ ਰਹੇ। ਜਗਮੀਤ ਸਿੰਘ ਨੇ ਵੀ ਗੀਤ ਗਾਇਆ।



ਮੇਲੇ ਦੇ ਮੁੱਖ ਮਹਿਮਾਨ ਮਿਸ਼ੀਗਨ ਤੋਂ ਬਿਜਨਸਮੈਨ ਜਗਮੋਹਨ ਸਿੰਘ ਬੇਗੋਵਾਲ ਸਨ। ਉਨ੍ਹਾਂ ਪੀ.ਸੀ.ਐਸ. ਨੂੰ ਪੰਜਾਬੀ ਮੇਲਾ ਕਰਵਾਉਣ ਦੀ ਵਧਾਈ ਦਿੱਤੀ। "ਪੰਜਾਬੀ ਪਰਵਾਜ਼" ਨਾਲ ਗੱਲ ਕਰਦਿਆਂ ਸ. ਬੇਗੋਵਾਲ ਨੇ ਕਿਹਾ ਕਿ ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਬੋਲੀ ਨੂੰ ਪ੍ਰਫੁੱਲਿਤ ਕਰਦੇ ਸਮਾਗਮਾਂ ਵਿੱਚ ਜਾ ਕੇ ਉਨ੍ਹਾਂ ਨੂੰ ਖ਼ੁਸ਼ੀ ਮਿਲਦੀ ਹੈ। ਉਨ੍ਹਾਂ ਕਿਹਾ ਕਿ ਪੀ.ਸੀ.ਐਸ. ਅਤੇ ਹੋਰ ਸੰਸਥਾਵਾਂ ਭਾਈਚਾਰੇ ਨਾਲ ਸਬੰਧਤ ਸਮਾਗਮ ਕਰਵਾ ਕੇ ਪਰਦੇਸਾਂ ਵਿੱਚ ਪੰਜਾਬੀ ਵਿਰਸੇ ਨੂੰ ਜਿਊਂਦਾ ਰੱਖ ਰਹੀਆਂ ਹਨ ਤੇ ਇਹ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ। ਪੀ.ਸੀ.ਐਸ. ਬੋਰਡ ਵੱਲੋਂ ਸ. ਜਗਮੋਹਨ ਸਿੰਘ ਬੇਗੋਵਾਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਮੇਲੇ ਦੌਰਾਨ ਆਪਣੇ ਹਮ-ਖਿਆਲਾਂ ਨਾਲ ਕੁਰਸੀਆਂ ਉੱਤੇ ਬੈਠੇ ਕੁਝ ਲੋਕ ਹਾਸੇ-ਠੱਠੇ ਵਿੱਚ ਇੱਕ ਦੂਜੇ ਦੀਆਂ ਲੱਤਾਂ ਵੀ ਖਿੱਚੀ ਜਾ ਰਹੇ ਸਨ। ਕੋਈ ਤੁਰ-ਫਿਰ ਕੇ ਮੇਲਾ ਵੇਖ ਰਿਹਾ ਸੀ ਅਤੇ ਕੋਈ 'ਚੁਗਲੀਆਂ' ਨੂੰ ਤਰਜੀਹ ਦੇ ਰਿਹਾ ਸੀ। ਖਾਣ-ਪੀਣ ਦੇ ਸ਼ੌਕੀਨ ਆਪੋ-ਆਪਣੀ ਪਸੰਦ ਮੁਤਾਬਕ ਜੀਭ ਨੂੰ ਚੱਖਣੇ ਲਾ ਰਹੇ ਸਨ। ਮੇਲੇ ਵਿੱਚ ਪੰਜਾਬੀ/ਸਿੱਖ ਭਾਈਚਾਰੇ ਤੋਂ ਇਲਾਵਾ ਹਿੰਦੂ ਤੇ ਮੁਸਲਿਮ ਭਾਈਚਾਰੇ ਦੇ ਲੋਕ ਵੀ ਆਏ ਹੋਏ ਸਨ।

ਮਿਲਵਾਕੀ ਤੋਂ ਆਏ "ਟੇਸਟ ਆਫ ਇੰਡੀਆ" ਵਾਲਿਆਂ ਨੇ ਭੱਠੀਆਂ ਤਪਾਈਆਂ ਹੋਈਆਂ ਸਨ। ਜਲੇਬੀਆਂ ਤਲ਼ ਹੋ ਰਹੀਆਂ ਸਨ ਅਤੇ ਕੜਾਹੀ ਵਿੱਚ ਪਏ ਭਠੂਰੇ ਫੁਲ ਫੁਲ ਦੂਹਰੇ ਹੋ ਰਹੇ ਸਨ। ਦਹੀਂ-ਪਰੌਂਠੇ, ਚੌਲ਼-ਛੋਲੇ, ਪਕੌੜੇ ਤੇ ਮਸਾਲੇਦਾਰ ਚਾਹ ਮੇਲੀਆਂ ਲਈ ਹਾਜ਼ਰ ਸਨ। ਇੱਕ ਪਾਸੇ ਵਿਸ਼ੇਸ਼ ਟੈਂਟ ਵੀ ਲਾਇਆ ਗਿਆ ਸੀ, ਜਿੱਥੇ "ਵਿਸ਼ੇਸ਼ ਮਹਿਮਾਨਨਿਵਾਜ਼ੀ" ਚੱਲ ਰਹੀ ਸੀ। ਦਾਰੂ-ਬੱਤੇ ਦੇ ਨਾਲ ਨਾਲ ਮੀਟ ਤੇ ਮੱਛੀ ਦੇ ਪਕੌੜੇ ਪੇਸ਼ ਪੇਸ਼ ਸਨ। ਖਾਣ-ਪੀਣ ਦਾ ਖੁੱਲ੍ਹਾ ਤੇ ਵਧੀਆ ਪ੍ਰਬੰਧ ਸੀ। ਮੇਲੀ ਟੇਸਟ ਆਫ਼ ਇੰਡੀਆ ਦੀ ਸਰਵਿਸ ਅਤੇ ਸਵਾਦੀ ਖਾਣੇ ਦੀ ਪ੍ਰਸ਼ੰਸਾ ਕਰ ਰਹੇ ਸਨ।


ਪੀ.ਸੀ.ਐਸ. ਦੇ ਚੇਅਰਮੈਨ ਨਿੱਕ ਬਲਵਿੰਦਰ ਸਿੰਘ, ਪ੍ਰਧਾਨ ਭੁਪਿੰਦਰ ਸਿੰਘ ਧਾਲੀਵਾਲ, ਬੋਰਡ ਆਫ ਗਵਰਨਰ ਰਾਜਿੰਦਰਬੀਰ ਸਿੰਘ ਮਾਗੋ, ਵਿੱਕ ਸਿੰਘ, ਮਹਿੰਦਰਜੀਤ ਸਿੰਘ ਸੈਣੀ, ਹਰਵਿੰਦਰ ਪਾਲ ਸਿੰਘ ਲੈਲ, ਅਮਰਜੀਤ ਕੌਰ ਅਟਵਾਲ, ਬਲਵਿੰਦਰ ਸਿੰਘ ਗਿਰਨ, ਮਨਜੀਤ ਸਿੰਘ ਭੱਲਾ, ਪਰਵਿੰਦਰ ਸਿੰਘ ਨਨੂੰਆ, ਸੁਖਮੇਲ ਸਿੰਘ ਅਟਵਾਲ ਸਮੇਤ ਹੋਰਨਾਂ ਮੈਂਬਰਾਂ ਨੇ ਸਪਾਂਸਰਾਂ ਅਤੇ ਆਏ ਮੇਲੀਆਂ ਦਾ ਧੰਨਵਾਦ ਕੀਤਾ।






# ਜਨਮ ਦਿਹਾੜਾ ਬਾਬਾ ਬੁੱਢਾ ਸਾਹਿਬ ਜੀ

ਸੇਵਾ ਅਤੇ ਤਿਆਗ ਦੀ ਮੂਰਤ ਧੰਨ ਧੰਨ ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ 27 ਅਕਤੂਬਰ ਤੋਂ 29 ਅਕਤੂਬਰ 2023 ਤੱਕ **ਗੁਰਦੁਆਰਾ ਪੈਲਾਟਾਈਨ ਵਿਖੇ** ਸਮੂਹ ਰੰਧਾਵਾ ਪਰਿਵਾਰਾਂ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤ ਨੂੰ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਪਰਿਵਾਰਾਂ ਸਮੇਤ ਹਾਜ਼ਰੀਆਂ ਭਰਨ ਦੀ ਬੇਨਤੀ ਹੈ।



**27 ਅਕਤੂਬਰ 2023 (ਸ਼ੁੱਕਰਵਾਰ): ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ**

**29 ਅਕਤੂਬਰ 2023 (ਐਤਵਾਰ): ਭੋਗ ਸ੍ਰੀ ਅਖੰਡ ਪਾਠ ਸਵੇਰੇ 10 ਵਜੇ**

*ਉਪਰੰਤ ਸ਼ਬਦ ਕੀਰਤਨ ਅਤੇ ਕਥਾ ਵਿਆਖਿਆ। ਤਿੰਨੋਂ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ*

**ਵੱਲੋਂ: ਸਮੂਹ ਰੰਧਾਵਾ ਪਰਿਵਾਰ**

# ਪੰਜਾਬ ਸਿਆਸਤ ਦੇ ਉਤਰਾਅ-ਚੜ੍ਹਾਅ

ਛੜੱਪੇਬਾਜ਼ੀਆਂ
ਕਮਲਜੀਤ ਸਿੰਘ ਬਨਵੈਤ
ਫੋਨ: +91-9814734035



ਪੰਜਾਬ ਚੌਰਾਹੇ 'ਤੇ ਆ ਖੜ੍ਹਿਆ ਹੈ। ਸੁੱਝ ਨਹੀਂ ਰਿਹਾ, ਕਿੱਧਰ ਨੂੰ ਪੁਲਾਂਘ ਭਰੇ। ਪੈਰਾਂ ਵਿੱਚ ਬੇੜੀਆਂ ਪੈ ਗਈਆਂ ਲੱਗਦੀਆਂ ਹਨ। ਪੰਜਾਬੀਆਂ ਨੇ ਬਦਲਾਅ ਦਾ ਸੁੰਦਰ ਸੁਪਨਾ ਦੇਖਿਆ ਸੀ। ਹੁਣ ਅੱਬੜਵਾਹੇ ਨੀਂਦ ਖੁੱਲ੍ਹੀ ਹੈ। ਦੇਖਿਆ, ਪੰਜਾਬ ਤਾਂ ਪਹਿਲਾਂ ਦੀ ਤਰ੍ਹਾਂ ਹੀ ਤਪ ਰਿਹਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਇਕੱਲਾ ਕੀ ਕਰੇ! ਗੈਰ ਤਜ਼ਰਬੇਕਾਰ ਮੁੱਖ ਮੰਤਰੀ ਮੰਜ਼ਿਲ ਵੱਲ ਤੇਜ਼ੀ ਨਾਲ ਇਕੱਲਾ ਹੀ ਛੜੱਪੇ ਮਾਰ ਕੇ ਵਧਣਾ ਚਾਹ ਰਿਹਾ ਹੈ, ਪਰ ਹੱਥਾਂ ਨੂੰ ਤਾਂ ਬੇੜੀਆਂ ਲੱਗ ਚੁੱਕੀਆਂ ਹਨ। ਨਾਲੇ ਜਦੋਂ ਕੋਈ ਕੱਲਮ 'ਕੱਲਾ ਬੰਦਾ ਅੱਠ ਦਸ ਪਾਸਿਆਂ ਨੂੰ ਮੋਰਚਾ ਖੋਲ੍ਹੀ ਰੱਖੇ ਤਾਂ ਕਿਤੇ ਨਾ ਕਿਤੇ ਆ ਕੇ ਹੱਫ ਤਾਂ ਜਾਂਦਾ ਹੈ। ਇਹੋ ਹਾਲ ਭਗਵੰਤ ਸਿੰਘ ਮਾਨ ਦਾ ਹੋਇਆ ਪਿਆ ਹੈ।

ਕਾਂਗਰਸ, ਅਕਾਲੀ, ਭਾਜਪਾ- ਸਾਰਿਆਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲ ਨੂੰ ਨਿਸ਼ਾਨਾ ਸੇਧ ਰੱਖਿਆ ਹੈ। ਹੁਣ ਕਿਤੇ ਆ ਕੇ ਕਾਂਗਰਸ ਵੱਲੋਂ ਠੰਡੀ ਹਵਾ ਦਾ ਬੁੱਲਾ ਆਇਆ ਹੈ। ਮੁਲਕ ਪੱਧਰ ਉਤੇ ਦੋਵੇਂ ਪਾਰਟੀਆਂ ਵਿੱਚ ਸਿਆਸੀ ਸਮਝੌਤਾ ਹੋ ਗਿਆ ਹੈ। ਆਪ ਬਾਗੋ ਬਾਗ ਹੈ। ਕਾਂਗਰਸ ਦੇ ਤੇਵਰ ਨਰਮ ਪਏ ਹਨ। ਉਂਝ ਕਾਂਗਰਸੀਆਂ ਦੇ ਜ਼ਖ਼ਮ ਹਾਲੇ ਭਰੇ ਨਹੀਂ। ਹਾਈ ਕਮਾਂਡ ਨੇ ਹਾਅ ਦਾ ਨਾਅਰਾ ਮਾਰਨ ਉੱਤੇ ਪਾਬੰਦੀ ਲਾ ਦਿੱਤੀ ਹੈ। ਸਾਰੇ ਕਾਂਗਰਸੀ ਜੇਲ੍ਹਾਂ ਵਿੱਚੋਂ ਬਾਹਰ ਆ ਗਏ ਹਨ। ਹੁਣ ਗੱਠਜੋੜ ਵਿੱਚ ਸੀਟਾਂ ਦੀ ਵੰਡ ਵਿੱਚ ਪੈਣ ਵਾਲੇ ਘਾਟੇ ਦਾ ਭੂਤ ਡਰਾਉਣ ਲੱਗਾ ਹੈ। ਪੰਜਾਬ ਕਾਂਗਰਸ ਲੰਬਾ ਸਮਾਂ ਅੜਿੰਗ ਰਹੀ। ਹੁਣ ਆ ਕੇ ਪੰਜਾਬ ਦੇ ਕਾਂਗਰਸੀਆਂ ਨੇ ਦੜ ਵੱਟੀ ਹੈ। ਉਨ੍ਹਾਂ ਦੇ ਖਾਨੇ ਪੈ ਗਈ ਕਿ ਇਸ ਤੋਂ ਬਿਨਾ ਗੁਜ਼ਾਰਾ ਵੀ ਨਹੀਂ।

ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦਾ ਪਾਰਟੀ ਵਰਕਰਾਂ ਦੇ ਇਕੱਠ ਨੂੰ ਦਿੱਤਾ ਆਖਰੀ ਸੰਬੋਧਨ ਇਸੇ ਪਾਸੇ ਵੱਲ ਨੂੰ ਸੁਨੇਹਾ ਦੇ ਰਿਹਾ ਹੈ। ਉਨ੍ਹਾਂ ਨੇ ਕਿਹਾ ਹੈ ਕਿ 17 ਸਤੰਬਰ ਦੀ ਕਾਂਗਰਸ ਕਮੇਟੀ ਦੀ ਮੀਟਿੰਗ ਵਿੱਚ ਉਹ ਪੰਜਾਬ ਦੇ ਵਰਕਰਾਂ ਤੋਂ ਲੈ ਕੇ ਜ਼ਿਲ੍ਹਾ ਪ੍ਰਧਾਨਾਂ ਅਤੇ ਵਿਧਾਇਕਾਂ ਦੇ ਮਨਾਂ ਦੀ ਗੱਲ ਰੱਖਣਗੇ। ਇਹ ਸਿੱਧੇ ਤੌਰ 'ਤੇ ਸੰਕੇਤ ਹੈ ਕਿ ਪੰਜਾਬ ਕਾਂਗਰਸ ਨੇ ਪਾਰਟੀ ਹਾਈ ਕਮਾਂਡ ਅੱਗੇ ਆਤਮ ਸਮਰਪਣ ਕਰ ਦਿੱਤਾ ਹੈ। ਸ਼ੇਰ ਦੇ ਮੂੰਹ ਵਿੱਚ ਹਰ ਕੋਈ ਹੱਥ ਪਾਉਣ ਤੋਂ ਡਰਦੈ।

ਪੰਜਾਬ ਭਾਜਪਾ ਦੀ ਪ੍ਰਧਾਨਗੀ ਜਦੋਂ ਤੋਂ ਸੁਨੀਲ ਜਾਖੜ ਨੂੰ ਮਿਲੀ ਹੈ, ਤਦ ਤੋਂ ਪਾਰਟੀ ਇੱਕ ਤਰ੍ਹਾਂ ਨਾਲ ਸਾਹ ਸੱਤ ਹੀਣ ਹੋ ਕੇ ਰਹਿ ਗਈ ਹੈ। ਕਾਂਗਰਸ ਛੱਡ ਕੇ ਭਾਜਪਾ ਵਿੱਚ ਰਲੇ ਨੇਤਾਵਾਂ ਨੇ ਪ੍ਰਧਾਨ ਦੇ ਆਲੇ-ਦੁਆਲੇ ਘੇਰਾ ਪਾ ਰੱਖਿਆ ਹੈ। ਉਹ ਪ੍ਰਧਾਨ ਨੂੰ ਧਰਤੀ ਵੱਲ ਦੇਖਣ ਨਹੀਂ ਦਿੰਦੇ ਹਨ। ਦੂਜੇ ਬੰਨੇ ਆਰ. ਐਸ. ਐਸ. ਅਤੇ ਟਕਸਾਲੀ ਭਾਜਪਾਈ ਆਪੋ ਆਪਣੇ ਘਰੀਂ ਜਾ ਬੈਠੇ ਹਨ। ਸੁਨੀਲ ਜਾਖੜ ਦੇ ਹੋ ਰਹੇ ਵਿਰੋਧ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ ਵੱਲੋਂ ਪੰਜਾਬ ਇਕਾਈ ਦੇ ਗਠਨ ਦੀ ਕਈ ਚਿਰ ਪਹਿਲਾਂ ਭੇਜੀ ਸੂਚੀ ਊਠ ਦੇ ਬੁੱਲ੍ਹ ਦੀ ਤਰ੍ਹਾਂ ਡਿੱਗ ਨਹੀਂ ਰਹੀ ਹੈ, ਹਾਲਾਂਕਿ ਪੰਜਾਬ ਮਾਮਲਿਆਂ ਦੇ ਇੰਚਾਰਜ ਰੁਪਾਣੀ ਦੀ ਇਸ ਉੱਤੇ ਮੋਹਰ ਲੱਗੀ ਹੋਈ ਹੈ।

ਟਕਸਾਲੀ, ਭਾਜਪਾਈ ਪਾਰਟੀ ਹਾਈਕਮਾਂਡ ਦਾ ਵਿਰੋਧ ਕਰਨ ਦੀ ਹਿੰਮਤ ਨਹੀਂ ਰੱਖਦੇ ਹਨ, ਪਰ ਉਹ ਸੁਨੀਲ ਜਾਖੜ ਦੀ ਪ੍ਰਧਾਨਗੀ ਹੇਠ ਕੰਮ ਕਰਨ ਨੂੰ ਵੀ ਤਿਆਰ ਨਹੀਂ ਹਨ। ਸੁਨੀਲ ਜਾਖੜ ਜਿਹੜੇ ਕੇ ਲੰਮਾ ਸਮਾਂ ਪੰਜਾਬ ਕਾਂਗਰਸ ਦੇ ਪ੍ਰਧਾਨ ਰਹੇ ਹਨ, ਨੇ ਪੰਜਾਬ ਇਕਾਈ ਦੀ ਹਾਈ ਕਮਾਂਡ ਨੂੰ ਨਵੀਂ ਭੇਜੀ ਸੂਚੀ ਵਿੱਚ ਕਾਂਗਰਸ ਛੱਡ ਕੇ ਆਏ ਨਵੇਂ ਭਾਜਪਾਈਆਂ ਨੂੰ ਲੱਗਦੀ ਵਾਹੇ ਅੱਗੇ ਰੱਖਿਆ ਹੈ। ਲੋਕ ਸਭਾ ਦੀਆਂ ਅਗਲੀਆਂ ਚੋਣਾਂ ਸਿਰ 'ਤੇ ਹਨ। ਭਾਜਪਾ ਨੇਤਾ ਘਰਾਂ 'ਚੋਂ ਬਾਹਰ ਨਹੀਂ ਨਿਕਲ ਰਹੇ।

ਸ਼੍ਰੋਮਣੀ ਅਕਾਲੀ ਦਲ ਦੇ ਘਰ ਬਗਾਵਤ ਦਾ ਪਹਿਰਾ ਹੈ। ਪ੍ਰਧਾਨ ਦੇ ਮਹਿਲਾਂ ਵਿੱਚ ਸੁੰਨ ਪਸਰੀ ਹੋਈ ਹੈ। ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਗੱਠਜੋੜ ਨੂੰ ਲੈ ਕੇ ਆਪਣੇ ਤਿੱਖੇ ਤੀਰ ਨਹੀਂ ਛੱਡ ਰਹੇ ਹਨ। ਇਥੋਂ ਤੱਕ ਕਿ ਪ੍ਰੈਸ ਕਾਨਫਰੰਸਾਂ ਤੋਂ ਵੀ ਇੱਕ ਤਰ੍ਹਾਂ ਨਾਲ ਦੂਰੀ ਬਣਾ ਕੇ ਰੱਖੀ ਹੋਈ ਹੈ। ਉਹ ਦੂਜਿਆਂ ਦੇ ਮੋਢਿਆਂ 'ਤੇ ਰੱਖ ਕੇ ਚਲਾ ਰਹੇ ਹਨ। ਆਮ ਆਦਮੀ ਪਾਰਟੀ, ਕਾਂਗਰਸ ਅਤੇ ਭਾਜਪਾ ਨੂੰ ਵਿਰੋਧ ਦੀ ਇੱਕੋ ਅੱਖ ਨਾਲ ਦੇਖਣ ਦਾ ਸੁਨੇਹਾ ਦੇਣ ਦੀ ਤਾਕ ਵਿੱਚ ਲੱਗ ਰਹੇ ਹਨ। ਪੰਜਾਬ ਕਾਂਗਰਸ ਨੂੰ ਇਹ ਚਿੰਤਾ ਹੈ ਕਿ ਕਿਧਰੇ ਚੋਣਾਂ ਤੋਂ ਪਹਿਲਾਂ ਆਖਰੀ ਸਮੇਂ ਵਿੱਚ ਜਾ ਕੇ ਅਕਾਲੀ-ਭਾਜਪਾ ਦਾ ਰਿਸ਼ਤਾ ਮੁੜ ਨਾ ਜੁੜ ਜਾਵੇ। ਪ੍ਰਤਾਪ ਸਿੰਘ ਬਾਜਵਾ ਨੇ ਚਾਰੋਂ ਪਾਰਟੀਆਂ ਨੂੰ ਆਪੋ ਆਪਣੇ ਦਮ 'ਤੇ ਚੋਣਾਂ ਲੜਨ ਦੀ ਬੜਕ ਮਾਰੀ ਹੈ।

ਆਮ ਆਦਮੀ ਪਾਰਟੀ ਸੁੱਖ ਦਾ ਸਾਹ ਲੈ ਰਹੀ ਹੈ। ਪੰਜਾਬ ਦੀ ਸੱਤਾ ਹੱਥਾਂ 'ਚ ਹੈ। ਮੁੱਖ ਵਿਰੋਧੀ ਪਾਰਟੀ ਕਾਂਗਰਸ ਵੱਲੋਂ ਗਰਮ ਹਵਾਵਾਂ ਆਉਣੋਂ ਘੱਟ ਰਹੀਆਂ ਹਨ। 'ਆਪ' ਪੰਜਾਬ ਅਤੇ ਕੇਂਦਰ ਵਿੱਚ ਸੱਤਾ ਹਾਸਲ ਕਰਨ ਦੇ ਸੁਹਾਵਣੇ ਸੁਪਨੇ ਦੇਖਣ ਲੱਗੀ ਹੈ, ਉਹ ਵੀ ਭਾਈਵਾਲਾਂ ਦੇ ਸਿਰ 'ਤੇ। ਭਾਰਤੀ ਜਨਤਾ ਪਾਰਟੀ ਨੂੰ ਵਿਰੋਧੀ ਗੱਠਜੋੜ ਇੰਡੀਆ ਡਰਾਉਣ ਲੱਗਾ ਹੈ।

ਭਾਰਤੀ ਜਨਤਾ ਪਾਰਟੀ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਨੂੰ ਠੁੰਮਣਾ ਦੇਣਾ ਚਾਹੁੰਦੀ ਹੈ। ਇਹ ਪਤਾ ਹੁੰਦਿਆਂ ਹੋਇਆਂ ਵੀ ਸਿਆਸੀ ਤੌਰ 'ਤੇ ਦਮ ਖਮ ਨਹੀਂ। ਸ਼੍ਰੋਮਣੀ ਅਕਾਲੀ ਦਲ ਨਾਲ ਮੁੜ ਤੋਂ ਸਾਂਝ ਪੈਂਦੀ ਟੁੱਟ ਗਈ ਸੀ। ਦੂਜੀਆਂ ਪੰਥਕ ਧਿਰਾਂ ਨੂੰ ਖੁਦ ਆਕਸੀਜਨ ਦੀ ਲੋੜ ਹੈ। ਭਾਜਪਾ ਦਾ ਪੰਜਾਬ ਵਿੱਚ ਪੈਰ ਲਾਉਣ ਲਈ ਸ਼੍ਰੋਮਣੀ ਅਕਾਲੀ ਦਲ ਨਾਲ ਰਲ ਕੇ ਚੱਲਣ ਤੋਂ ਬਿਨਾ ਗੁਜ਼ਾਰਾ ਨਹੀਂ ਹੈ। ਪੰਜਾਬ ਵਿੱਚ ਕੋਈ ਨਵੀਂ ਸਿਆਸੀ ਧਿਰ ਸਾਰਿਆਂ ਨੂੰ ਟੱਕਰ ਦੇਣ ਲਈ ਆ ਖੜ੍ਹੇ, ਹਾਲ ਦੀ ਘੜੀ ਕੁਝ ਅਜਿਹਾ ਵੀ ਨਜ਼ਰ ਨਹੀਂ ਆ ਰਿਹਾ ਹੈ। ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਪੰਜਾਬ ਅਤੇ ਪੰਜਾਬੀਆਂ ਨੂੰ ਨਿਰਾਸ਼ ਕੀਤਾ ਹੈ। ਕਾਂਗਰਸ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਗਰਮ ਸਰਗਰਮ ਤਾਂ ਹਨ, ਪਰ ਪੰਜਾਬ ਨੂੰ ਲੀਡ ਕਰ ਸਕਣ, ਇਹਦੇ ਬਾਰੇ ਕਈ ਤਰ੍ਹਾਂ ਦੇ ਸ਼ੰਕੇ ਖੜ੍ਹੇ ਹੋ ਰਹੇ ਹਨ।

ਪੰਜਾਬੀ ਹੀ ਚੌਰਾਹੇ ਵਿੱਚ ਨਹੀਂ ਆ ਖੜ੍ਹੇ ਹੋਏ ਹਨ, ਸਗੋਂ ਸਿਆਸੀ ਪਾਰਟੀਆਂ ਵੀ ਇੱਥੇ ਆ ਕੇ ਰੁਕ ਗਈਆਂ ਹਨ। ਇੱਕ ਸੱਚ ਇਹ ਵੀ ਹੈ ਕਿ ਪੰਜਾਬ ਸਮਰੱਥ ਤੇ ਸੂਬੇ ਨੂੰ ਸਮਰਪਿਤ ਲੀਡਰਾਂ ਤੋਂ ਵਿਹੂਣਾ ਹੋ ਕੇ ਰਹਿ ਗਿਆ ਹੈ। ਪੰਜਾਬ ਨੂੰ ਅਜਿਹੇ ਲੀਡਰ ਦੀ ਲੋੜ ਹੈ, ਜਿਹੜਾ ਅਸਲੀ ਮੰਜ਼ਿਲ ਵੱਲ ਨੂੰ ਪੁਲਾਂਘ ਭਰੇ। ਪੰਜਾਬੀ ਉਹਦੇ ਝੱਗੇ ਦਾ ਪੱਲਾ ਫੜ ਕੇ ਭਰੋਸੇ ਨਾਲ ਮਗਰ ਮਗਰ ਤੁਰ ਸਕਣ।

ਹਾਲ ਦੀ ਘੜੀ ਪੰਜਾਬ ਦੇ ਭਾਗੀਂ ਕੋਈ ਅਜਿਹਾ ਲੀਡਰ ਜੁੜਦਾ ਨਜ਼ਰ ਨਹੀਂ ਆ ਰਿਹਾ ਹੈ। ਤੁਹਾਡੇ ਧਿਆਨ ਵਿੱਚ ਹੈ ਕੋਈ ਮਾਂ ਦਾ ਲਾਲ, ਜਿਹੜਾ ਆਪਣੇ ਤੋਂ ਪਹਿਲਾਂ ਦੂਜਿਆਂ ਦਾ ਭਲਾ ਲੋਚਦਾ ਹੋਵੇ। ਜਿਹਨੂੰ ਵੋਟਾਂ ਨਹੀਂ, ਵੋਟਰ ਪਿਆਰੇ ਹੋਣ। ਸੋਹਣੇ ਪੰਜਾਬ ਲਈ ਸਾਡੀਆਂ ਦਿਲੋਂ ਦੁਆਵਾਂ।




Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income



Call Gurpreet Singh
*Retirement and Insurance Advisor*
Cell: 630-677-6144
Email: Preetisingh@ffig.com

FUTURITY FIRST
Retirement | Life | Health

Futurity First Insurance Group

## ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

Punjabi Parwaz LLC
DBA Punjabi Parwaz

Address:
827 E. Kings Row, Unit# 7,
Palatine, IL 60074

Managed by:
Anureet Kaur
Kuljeet Singh

Punjabi Parwaz
ਪੰਜਾਬੀ ਪਰਵਾਜ਼ ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਅੰਮ੍ਰਿਤਪਾਲ ਸਿੰਘ ਗਿੱਲ
ਦੀਦਾਰ ਸਿੰਘ ਧਨੋਆ
ਅਮਰਜੀਤ ਸਿੰਘ ਢੀਂਡਸਾ
ਬੇਅੰਤ ਸਿੰਘ ਬੋਪਾਰਾਏ
ਦਰਸ਼ਨ ਸਿੰਘ ਪੰਮਾ
ਬਲਵਿੰਦਰ ਸਿੰਘ ਚੱਠਾ
ਕਿਰਪਾਲ ਸਿੰਘ ਰੰਧਾਵਾ
ਅਜੈਬ ਸਿੰਘ ਲੱਖਣ
ਹਰਕੇਵਲ ਲਾਲੀ
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਅਮਨਦੀਪ ਸਿੰਘ ਕੁਲਾਰ
ਇੰਦਰ ਹੁੰਜਣ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਹਰਮੀਕ ਸਿੰਘ ਗਿਰਨ

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਅਤੇ ਈਮੇਲ: punjabiparwaz@gmail.com ਉਤੇ ਸੰਪਰਕ ਕਰੋ
ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

# ਉਸਤਾਦ




## ਸ਼ਬਦੋ ਵਣਜਾਰਿਓ

ਪਰਮਜੀਤ ਢੀਂਗਰਾ
ਫੋਨ: +91-9417358120



ਵਿਓਤਪਤੀ ਕੋਸ਼ ਅਨੁਸਾਰ ਉਸਤਾਦ ਦਾ ਅਰਥ ਹੈ- ਅਧਿਆਪਕ, ਕਲਾ ਜਾਂ ਹੁਨਰ ਸਿਖਾਉਣ ਵਾਲਾ; ਮੂਲ ਅਰਥ ਹੈ- ਕੋਲ ਖੜ੍ਹਾ ਹੋਣ ਵਾਲਾ, ਧਿਆਨ ਰੱਖਣ ਵਾਲਾ, ਨਿਗਾਰਨ ਆਦਿ। ਫਾਰਸੀ ਉਸਤਾਦ ਜਾਂ ਅਧਿਆਪਕ ਲਈ ਪਹਿਲਵੀ ਵਿੱਚ 'ਉਸਤਾਤ' ਸ਼ਬਦ ਮਿਲਦਾ ਹੈ, ਜਿਸ ਦਾ ਅਰਥ 'ਖੜ੍ਹਾ ਹੋਣਾ', 'ਪ੍ਰਬੰਧਕ', 'ਮੁਖੀਆ' ਕੀਤਾ ਜਾਂਦਾ ਹੈ। ਗ੍ਰੀਕ ਨਾਲ ਇਹਦੀ ਸਕੀਰੀ Epistates ਸ਼ਬਦ ਨਾਲ ਹੈ- /Epitsta/ ਖੜ੍ਹਾ ਹੋਣਾ, ਨਿਗ੍ਹਾਬਾਨ, ਰਾਜਪਾਲ, ਕੋਲ ਖੜ੍ਹਾ ਹੋਣ ਵਾਲਾ। ਫਾਰਸੀ ਕੋਸ਼ਾਂ ਵਿੱਚ ਵੀ ਅਜਿਹੇ ਹੀ ਅਰਥ ਕੀਤੇ ਗਏ ਹਨ: ਉਸਤਾਦ-ਅਧਿਆਪਕ, ਉਸਤਾਕਾਰ-ਉਸਤਾਗਰ=ਉਸਤਾਦ, ਕਾਰੀਗਰ; ਉਸਤਾਕਾਰੀ-ਉਸਤਾਦੀ, ਕਾਰੀਗਰੀ, ਮੁਹਾਰਤ, ਕਲਾ ਵਿੱਚ ਪਰਬੀਨ। ਪੰਜਾਬੀ ਕੋਸ਼ਾਂ ਅਨੁਸਾਰ ਉਸਤਾਕਾਰ-ਉਸਤਾਦ, ਮਾਹਰ, ਹੁਨਰਮੰਦ ਕਾਰੀਗਰ; ਉਸਤਾਜ, ਉਸਤਾਦਗੀ-ਹੁਨਰਮੰਦੀ, ਚਲਾਕੀ, ਹੁਸ਼ਿਆਰੀ; ਉਸਤਾਦਨੀ-ਉਸਤਾਦ ਦਾ ਇਸਤਰੀ ਲਿੰਗ, ਪੜ੍ਹਾਉਣ ਵਾਲੀ ਮਾਸਟਰਨੀ; ਉਸਤਾਦਪੁਣਾ-ਉਸਤਾਦ ਦਾ ਗੁਣ; ਉਸਤਾਦੀ ਕਰਨੀ, ਉਸਤਾਦ ਬਣਨਾ (ਮੁਹਾਵਰੇ) ਇਹ ਸ਼ਬਦ ਅੱਜ ਆਪਣੇ ਸਤਿਕਾਰਤ ਅਰਥਾਂ ਤੋਂ ਹੇਠਲੇ ਦਰਜੇ 'ਤੇ ਆ ਗਿਆ ਹੈ। ਹੁਣ ਚੋਰ, ਠੱਗ, ਜਾਲਸਾਜ਼, ਧੰਦੇਬਾਜ਼, ਚਾਲਬਾਜ਼ ਸਾਰੇ ਉਸਤਾਦਾਂ ਦੀ ਸ਼੍ਰੇਣੀ ਵਿੱਚ ਆ ਗਏ ਹਨ।

ਅਰਬੀ, ਫ਼ਾਰਸੀ ਵਿੱਚ ਇਹਦਾ ਰੁਤਬਾ ਕਾਇਮ ਹੈ, ਪਰ ਭਾਰਤੀ ਭਾਸ਼ਾਵਾਂ ਵਿੱਚ ਇਹ ਹੇਠਾਂ ਆ ਗਿਆ ਹੈ। ਉਸਤਾਦ ਸ਼ਬਦ ਅਰਬੀ ਦਾ ਮੰਨਿਆ ਜਾਂਦਾ ਹੈ, ਪਰ ਮੂਲ ਰੂਪ ਵਿੱਚ ਇਹ ਸਾਮੀ ਪਰਿਵਾਰ ਦਾ ਨਾ ਹੋ ਕੇ ਭਾਰਤੀ-ਇਰਾਨੀ ਪਰਿਵਾਰ ਦਾ ਹੈ। ਅਰਬੀ ਵਿੱਚ ਇਹਦਾ ਰੂਪ 'ਉਸਤਾਤ' ਹੈ ਅਤੇ ਫ਼ਾਰਸੀ ਵਿੱਚ ਓਸਤਾਦ। ਭਾਰਤੀ ਭਾਸ਼ਾਵਾਂ ਵਿੱਚ ਇਹਦੇ ਵਿਭਿੰਨ ਉਚਾਰਨ ਮਿਲਦੇ ਹਨ, ਜਿਵੇਂ- ਉਸਤਾਦ, ਉਤਾਦ, ਉਸਤਾਜ, ਵਸਤਾਦ (ਮਰਾਠੀ ਤੇ ਦੱਖਣੀ)। ਕਈ ਵਾਰੀ ਇਹ ਸਮਝਿਆ ਜਾਂਦਾ ਹੈ ਕਿ ਉਸਤਾਦ ਦਾ ਉਸਤਾਜ ਰੂਪ ਸ਼ਾਇਦ ਅਨਪੜ੍ਹਤਾ ਕਰਕੇ ਉਚਾਰਿਆ ਜਾਂਦਾ ਹੈ, ਪਰ ਜੇ ਇਹਦਾ ਅਰਬੀ ਉਚਾਰਨ ਦੇਖੀਏ ਤਾਂ ਉਹ 'ਅਸਤਾਜੀਆ' ਹੈ। ਉਰਦੂ ਵਿੱਚ ਵੀ ਉਸਤਾਜੀਆ ਹੀ ਲਿਖਿਆ ਜਾਂਦਾ ਹੈ। ਅਰਬੀ ਵਿੱਚ ਉਸਤਾਦ ਵਿੱਚ 'ਦਾਲ' ਦੀ ਵਰਤੋਂ ਹੁੰਦੀ ਹੈ, ਪਰ ਬਹੁਵਚਨ ਬਣਾਉਣ ਵੇਲੇ ਏਸੇ 'ਦਾ' ਨੂੰ 'ਜ਼' ਭਾਵ 'ਜ਼ਾਲ' ਵਿੱਚ ਰੂਪਾਂਤਰ ਕਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਉਸਤਾਦ ਉਸਤਾਜ਼ ਬਣ ਜਾਂਦਾ ਹੈ।

ਫਿਕ ਆਗਸਟ ਦੀ 'ਕੰਪੈਰਿਟਿਵ ਡਿਕਸ਼ਨਰੀ ਆਫ਼ ਇੰਡੋ-ਯੌਰਪੀਅਨ ਲੈਂਗੂਏਜਿਜ਼' ਵਿੱਚ ਜ਼ੇਂਦਾਵੇਸਤਾ ਦੇ 'ਅਈਵਿਸਤੀ' ਸ਼ਬਦ ਨੂੰ ਉਸਤਾਦ ਦਾ ਮੂਲ ਮੰਨਿਆ ਗਿਆ ਹੈ, ਜਿਸ ਵਿੱਚ ਅਧਿਆਪਕ, ਗੁਰੂ, ਨਿਗਰਾਨ ਦੇ ਭਾਵ ਹਨ। ਇਸ ਕੋਸ਼ ਵਿੱਚ ਅਈਵਿਸਤੀ ਨੂੰ ਸੰਸਕ੍ਰਿਤ ਦੇ 'ਅਭਿਸ਼ਟ' ਦੇ ਬਰਾਬਰ ਰੱਖਿਆ ਗਿਆ ਹੈ। ਵਿੱਲਹੈਮ ਗਿਗਰ ਵੀ 'ਹੈਂਡ ਬੁੱਕ ਆਫ਼ ਅਵੇਸਤਾਪ੍ਰਾਸ਼ੇ' ਵਿੱਚ ਇਹਦਾ ਇਹੀ ਅਰਥ ਕੀਤਾ ਗਿਆ ਹੈ। ਡੀ.ਐਨ. ਮੈਕੇਂਜੀ 'ਪਹਿਲਵੀ ਡਿਕਸ਼ਨਰੀ' ਵਿੱਚ ਅਈਵਿਸਤੀ ਦਾ ਪਹਿਲਵੀ ਰੂਪ 'ਆਸਤਾਦ' ਮੰਨਦਾ ਹੈ। ਉਸ ਅਨੁਸਾਰ 'ਮਨਿਸ਼ੀਅਨ ਪਰਸ਼ੀਅਨ' ਵਿੱਚ ਇਹਦਾ ਰੂਪ 'ਅਵਿਸਤਦ' ਸੀ। ਅੱਜ ਦੀ ਫ਼ਾਰਸੀ ਵਿੱਚ ਇਹੀ ਰੂਪ 'ਓਸਤਾਦ' ਹੈ। ਜਾਨ ਪਲੈਟਸ 'ਉਰਦੂ ਕਲਾਸੀਕਲ ਡਿਕਸ਼ਨਰੀ' ਵਿੱਚ ਪਹਿਲਵੀ ਰੂਪ 'ਓਸਤਾਤ' ਅਤੇ ਪੁਰਾਣੀ ਫ਼ਾਰਸੀ ਦੇ ਰੂਪ 'ਵਸ਼ਤਾਤ' ਦਾ ਹਵਾਲਾ ਦਿੰਦਾ ਹੈ।

ਮੋਨੀਅਰ ਵਿਲੀਅਮ ਮੋਨੀਅਰ 'ਸੰਸਕ੍ਰਿਤ-ਇੰਗਲਿਸ਼ ਡਿਕਸ਼ਨਰੀ' ਵਿੱਚ 'ਅਭਿਸ਼ਟ' ਦਾ ਅਰਥ ਪਾਲਣਹਾਰ, ਨਿਗਰਾਨ, ਉਤਮ, ਵਿਜੇਤਾ ਆਦਿ ਦੇ ਰੂਪ ਵਿੱਚ ਕਰਦਾ ਹੈ। ਅਭਿਸ਼ਟ ਬਣਿਆ ਹੈ- 'ਇਸ਼ਟ+ਅਭਿ' ਤੋਂ। ਸੰਸਕ੍ਰਿਤ ਵਿੱਚ ਇਸ਼ਟ, ਦੇਵ ਸ਼ਬਦ ਈਸ਼ਵਰ ਲਈ ਪ੍ਰਚੱਲਤ ਹਨ। ਇਸ਼ਟ ਦਾ ਅਰਥ-ਆਦਰਯੋਗ ਪੂਜਣਯੋਗ, ਪਿਆਰਾ ਆਦਿ ਕੀਤੇ ਜਾਂਦੇ ਹਨ। ਇੱਛਾ, ਇੱਸ਼ਨਾ, ਅਭਿਲਾਸ਼ਾ, ਕਾਮਨਾ ਆਦਿ ਸ਼ਬਦ 'ਇਸ਼੍' ਧਾਤੂ ਤੋਂ ਬਣੇ ਹਨ।

ਵੈਦਿਕ 'ਅਭਿ' ਉਪਸਰਗ ਮੂਲ ਰੂਪ ਵਿੱਚ ਨਿਕਟ, ਨੇੜੇ ਸਾਹਮਣੇ, ਪਹਿਲੇ ਆਦਿ ਦਾ ਭਾਵਸੂਚਕ ਹੈ। ਸੰਸਕ੍ਰਿਤ ਦੇ ਇਸ 'ਅਭਿ' ਉਪਸਰਗ ਦੇ ਬਰਾਬਰ ਜੇਂਦ ਵਿੱਚ ਅਈਵੀ ਜਾਂ ਅਈਬੀ /Aiwi, Aiib/ ਮਿਲਦਾ ਹੈ, ਅਭਿਸ਼ਿਟ ਦਾ ਅਰਥ ਹੈ- ਜੋ ਇੱਛਾਪੂਰਤੀ ਕਰੇ, ਜੋ ਅਕਾਂਖਿਆਵਾਂ ਪੂਰੀਆਂ ਕਰੇ ਭਾਵ ਸੁਆਮੀ, ਮਾਲਕ, ਪਾਲਕ, ਗੁਰੂ, ਨਿਗਰਾਨ। ਇਸ ਤਰ੍ਹਾਂ ਅਭਿਸ਼ਿਦ ਬਰਾਸਤਾ ਜੇਂਦਾਵੇਸਤਾ ਅਜੋਕੀ ਫ਼ਾਰਸੀ ਵਿੱਚ ਇਸ ਪ੍ਰਕਾਰ ਦੀ ਲੜੀ ਬਣਾਉਂਦਾ ਹੈ- /ਅਭਿਸ਼ਿਟ=ਅਈਵਿਸਤੀ> ਅਵਿਸਤਦ (ਵਸ਼ਤਾਤ)> ਓਸਤਾਤ> ਓਸਤਾਦ (ਫ਼ਾਰਸੀ)> ਉਸਤਾਦ (ਉਰਦੂ ਤੇ ਭਾਰਤੀ ਭਾਸ਼ਾਵਾਂ)।

ਇਸ ਤਰ੍ਹਾਂ ਉਸਤਾਦ ਦਾ ਅਰਥ ਬਣਿਆ: ਨਿਪੁੰਨ, ਪ੍ਰਬੀਨ, ਪੰਡਿਤ, ਗੁਣੀ ਗਿਆਨੀ, ਸਿੱਧਹਸਤ, ਹੁਸ਼ਿਆਰ, ਕੁਸ਼ਲ, ਯੋਗ, ਵਿਸ਼ੇਸ਼ਗ, ਹੁਨਰਮੰਦ, ਕਾਰੀਗਰ।

ਉਸਤਾਦ ਦੀ ਵਿਓਤਪਤੀ ਦੁਨੀਆ ਦੀਆਂ ਹੋਰ ਭਾਸ਼ਾਵਾਂ ਵਿੱਚ ਵੀ ਵੇਖੀ ਜਾ ਸਕਦੀ ਹੈ। ਜਿਵੇਂ ਆਇਜ਼ਰਬਾਇਜਾਨੀ ਤੇ ਓਜ਼ਬੇਕੀ ਵਿੱਚ ਇਹ 'ਉਸਤਾ' ਤੇ ਸਵਾਹਿਲੀ ਭਾਸ਼ਾ ਵਿੱਚ 'ਸਤਾਦੀ' ਹੈ। ਤੁਰਕਿਸ਼ ਵਿੱਚ 'ਉਸਤਾਤ'; ਸਪੈਨਿਸ਼ ਵਿੱਚ 'ਉਸਤੇਦ' ਆਦਿ। ਭਾਰਤ ਵਿੱਚ ਇਹਦੀ ਬਰਾਬਰੀ ਪੰਡਿਤ ਸ਼ਬਦ ਨਾਲ ਹੈ। ਪੰਡਿਤ ਇੱਕ ਉਪਾਧੀ ਵੀ ਹੈ ਜਿਵੇਂ ਪੰਡਿਤ, ਜਸਰਾਜ, ਪੰਡਿਤ ਭੀਮ ਸੈਨ ਜੋਸ਼ੀ ਆਦਿ। ਮੁਸਲਮਾਨ ਫਨਕਾਰਾਂ ਲਈ ਉਸਤਾਦ ਉਪਾਧੀ ਹੈ, ਜਿਵੇਂ ਉਸਤਾਦ ਅੱਲ੍ਹਾ ਰੱਖਾ ਖਾਂ; ਉਸਤਾਦ ਬੜੇ ਗੁਲਾਮ ਅਲੀ ਖਾਂ ਆਦਿ। ਮਦਾਰੀ ਦਾ ਤਮਾਸ਼ਾ ਦਿਖਾਉਣ ਵਾਲਾ ਤੇ ਉਹਦਾ ਜਮੂਰਾ ਮਦਾਰੀ ਨੂੰ ਉਸਤਾਦ ਨਾਲ ਸੰਬੋਧਨ ਕਰਦਾ ਹੈ। ਮਦਾਰੀ ਜੋ ਬਾਜੀ ਪਾ ਕੇ ਜਾਂ ਜਾਦੂਗਰੀ ਦਾ ਕਮਾਲ ਦਿਖਾਉਂਦਾ ਹੈ, ਲੋਕਾਂ ਲਈ ਉਹ ਚਮਤਕਾਰਮਈ ਹੁੰਦਾ ਹੈ। ਇਸ ਤਰ੍ਹਾਂ ਉਸਤਾਦ ਦੀ ਉਸਤਾਦੀ ਚਮਤਕਾਰ ਨਾਲ ਜੁੜ ਜਾਂਦੀ ਹੈ। ਬਾਅਦ ਵਿੱਚ ਹੱਥ ਦੀ ਸਫਾਈ ਦਿਖਾਉਣ ਵਾਲਿਆਂ, ਦੂਸਰਿਆਂ ਨੂੰ ਬੇਵਕੂਫ ਬਣਾ ਕੇ ਠੱਗਣ ਵਾਲਿਆਂ ਲਈ ਵੀ ਉਸਤਾਦ ਸ਼ਬਦ ਪ੍ਰਚੱਲਤ ਹੋ ਗਿਆ। ਇਸ ਤਰ੍ਹਾਂ ਪਖੰਡ ਵਾਂਗ ਇਹ ਵੀ ਆਪਣੇ ਉਚਤਮ ਅਰਥ ਗੁਆ ਕੇ ਹੇਠਲੇ ਪੱਧਰ 'ਤੇ ਵੀ ਵਿਚਰਦਾ ਹੈ, ਜਦਕਿ ਇਹਦੀ ਅਸਲ ਉਚਤਾ ਵੀ ਕਾਇਮ ਹੈ।

## Matrimonial

**Jatt Sikh well settled and educated family seeking suitable match for their daughter, age 27, height 5'-5". Boy should US citizen or PR holder. Girl has a US visitor visa and family is from Amritsar. Contact: +91-9878342510 (India)**



DYNASTY HOME CARE

## ਮੁਫ਼ਤ ਦੇਖਭਾਲ ਸੇਵਾਵਾਂ

-ਪ੍ਰੋਗਰਾਮ IDoA (ਇਲੀਨਾਏ ਡਿਪਾਰਟਮੈਂਟ ਆਨ ਏਜਿੰਗ) ਦੁਆਰਾ ਫੰਡ ਕੀਤਾ ਗਿਆ, ਤੁਹਾਡੇ ਲਈ ਕੋਈ ਵੀ ਕੀਮਤ ਨਹੀਂ!

-ਸਾਡੇ ਪਰਿਵਾਰ ਤੋਂ ਤੁਹਾਡੇ ਲਈ ਵਧੀਆ ਨਿੱਜੀ ਦੇਖਭਾਲ

ਕਮਿਊਨਿਟੀ ਕੇਅਰ ਪ੍ਰੋਗਰਾਮ (ਸੀ.ਸੀ.ਪੀ.) ਬਜ਼ੁਰਗ ਬਾਲਗਾਂ ਨੂੰ ਰੋਜ਼ਾਨਾ ਦੀਆਂ ਗਤੀਵਿਧੀਆਂ ਵਿੱਚ ਸਹਾਇਤਾ ਕਰਕੇ ਸੇਵਾਵਾਂ ਪ੍ਰਦਾਨ ਕਰਦਾ ਹੈ, ਜੋ ਉਨ੍ਹਾਂ ਨੂੰ ਨਰਸਿੰਗ ਹੋਮ ਵਿੱਚ ਜਾਣ ਤੋਂ ਰੋਕਦੀਆਂ ਹਨ।

### ਕੌਣ ਯੋਗ ਹੋ ਸਕਦਾ ਹੈ:

*60 ਸਾਲ ਜਾਂ ਇਸ ਤੋਂ ਵੱਧ ਉਮਰ ਦੇ
*ਇੱਕ ਕਾਨੂੰਨੀ ਸਥਾਈ ਨਿਵਾਸੀ ਜਾਂ ਯੂ.ਐਸ. ਨਾਗਰਿਕ
*ਇੱਕ ਨਿਰਧਾਰਤ ਰਕਮ ਤੋਂ ਘੱਟ ਮਹੀਨਾਵਾਰ ਆਮਦਨ ਅਤੇ ਸੰਪਤੀਆਂ
*ਸੀਮਤ ਸਰੀਰਕ ਗਤੀਵਿਧੀਆਂ

## ਅਸੀਂ ਤੁਹਾਡੇ ਲਈ ਕੀ ਕਰ ਸਕਦੇ ਹਾਂ

ਰੋਜ਼ਾਨਾ ਦੇ ਕੰਮਾਂ ਵਿੱਚ ਤੁਹਾਡੀ ਮਦਦ ਕਰਨ ਲਈ ਇੱਕ ਹੋਮਮੇਕਰ ਤੁਹਾਡੇ ਘਰ ਆਵੇਗਾ, ਜਿਸ ਵਿੱਚ ਨਿੱਜੀ ਦੇਖਭਾਲ ਜਿਵੇਂ ਕਿ ਇਨ੍ਹਾਂ ਨਾਲ ਸਹਾਇਤਾ ਸ਼ਾਮਲ ਹੈ, ਪਰ ਇਨ੍ਹਾਂ ਤੱਕ ਸੀਮਿਤ ਨਹੀਂ ਹੈ:
-ਭੋਜਨ ਤਿਆਰ ਕਰਨਾ
-ਇਸ਼ਨਾਨ
-ਘਰ ਦੇ ਛੋਟੇ-ਮੋਟੇ ਕੰਮ
-ਖਰੀਦਦਾਰੀ (ਚੱਲਦੇ ਕੰਮ)

ਦੇਖਭਾਲ ਕਰਨ ਵਾਲਿਆਂ ਨੂੰ ਕਿਵੇਂ ਭਰਤੀ ਕਰਨਾ
ਪ੍ਰਤੀਯੋਗੀ ਤਨਖਾਹ ਅਤੇ ਲਚਕਦਾਰ ਸਮਾਂ-ਸੂਚੀ

### ਅਰਜ਼ੀ ਕਿਵੇਂ ਦੇਣੀ ਹੈ?

ਸਾਨੂੰ ਹੁਣੇ ਕਾਲ ਕਰੋ 847-534-7500

Email: info@dynastyhomecareinc.com
www.dynastyhomecareinc.com

1401 E. Oakton St, Suite# 14
Des Plaines, IL 60018

## ਪੇਸ਼ ਸੇਵਾਵਾਂ

-ਮੈਡੀਕੇਡ ਤੇ ਮੈਡੀਕੇਅਰ / QMB ਬੀਮਾ
-ਲਿੰਕ ਕਾਰਡ ਅਤੇ ਸਨੈਪ
-ਬਜ਼ੁਰਗਾਂ ਲਈ ਮੁਫ਼ਤ ਫ਼ੋਨ

*CEDA/LIHEAP/ਊਰਜਾ ਸਹਾਇਤਾ ਪ੍ਰੋਗਰਾਮ
*SSA ਅਤੇ SSI
*ਹੈਲਥ ਕੇਅਰ ਮਾਰਕੀਟ ਪਲੇਸ/ਏਸੀਏ ਓਬਾਮਾ ਕੇਅਰ ਵਜੋਂ ਜਾਣਿਆ ਜਾਂਦਾ ਹੈ
*ਦੰਦ ਅਤੇ ਨਜ਼ਰ
*OCI ਕਾਰਡ
*ਸਿਟੀਜ਼ਨਸ਼ਿਪ ਤੇ ਇਮੀਗ੍ਰੇਸ਼ਨ ਸਹਾਇਤਾ
*ਹੋਰ ਵੀ ਸੇਵਾਵਾਂ ਪ੍ਰਦਾਨ ਕਰਦੇ ਹਾਂ

ਜੇਕਰ ਤੁਹਾਨੂੰ ਜਾਂ ਤੁਹਾਡੇ ਪਰਿਵਾਰਕ ਮੈਂਬਰ ਨੂੰ ਸਮਾਜਿਕ ਸੇਵਾਵਾਂ ਦੇ ਲਾਭਾਂ ਲਈ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਕਾਲ ਕਰੋ,
ਚਿਰਾਗ ਸ਼ਾਹ
ਫੋਨ: 847-372-5423

*ਸਾਡੇ ਕੋਆਰਡੀਨੇਟਰ ਬਹੁਤ ਸਾਰੀਆਂ ਸੰਘੀ, ਰਾਜ ਅਤੇ ਸਥਾਨਕ ਸਰਕਾਰੀ ਸਹਾਇਤਾ ਏਜੰਸੀਆਂ ਅਤੇ ਲਾਭਾਂ ਲਈ ਕਮਿਊਨਿਟੀ ਸੇਵਾਵਾਂ ਨੂੰ ਨੈਵੀਗੇਟ ਕਰਨ ਵਿੱਚ ਮਦਦ ਕਰਨਗੇ, ਜੋ ਤੁਹਾਡੇ ਬੀਮੇ ਅਤੇ ਲਾਭ ਦੀ ਯੋਗਤਾ 'ਤੇ ਨਿਰਭਰ ਕਰਦਾ ਹੈ।

# ਗ਼ੈਰ-ਰਾਜਸੀ ਵਿਅਕਤੀ ਦੀ ਰਾਜਸੀ ਚਹਿਲ ਕਦਮੀ

## ਅਦਬੀ ਸ਼ਖ਼ਸੀਅਤ



**ਰਵਿੰਦਰ ਸਿੰਘ ਸੋਢੀ, ਕੈਨੇਡਾ**
**ਫੋਨ: 1-604-369-2371**

ਉਸ ਦੇ ਸਧਾਰਨ ਪਰਿਵਾਰ ਵਿਚੋਂ ਸ਼ਾਇਦ ਕਿਸੇ ਨੇ ਕਦੇ ਪਿੰਡ ਦੇ ਪੰਚ ਦੀ ਚੋਣ ਲੜਨ ਦਾ ਸੋਚਿਆ ਵੀ ਨਾ ਹੋਵੇ, ਪਰ ਜਦੋਂ ਉਸ ਨੂੰ ਰਾਜ ਦੇ ਮੁੱਖ ਮੰਤਰੀ ਨੇ ਆਪਣੇ ਹਲਕੇ ਤੋਂ ਅਸੈਂਬਲੀ ਦੀ ਚੋਣ ਲੜਨ ਦੀ ਪੇਸ਼ਕਸ਼ ਕੀਤੀ ਤਾਂ ਉਸ ਨੇ ਇਨਕਾਰ ਕਰ ਦਿੱਤਾ। ਉਹ ਆਪਣੇ ਮਿੱਤਰਾਂ ਲਈ ਅਸੈਂਬਲੀ ਸੀਟ ਲਈ ਮੁੱਖ ਮੰਤਰੀ ਕੋਲ ਸਿਫ਼ਾਰਿਸ਼ ਕਰ ਦਿੰਦਾ। ਗੁਆਂਢੀ ਰਾਜ ਵਿਚ ਵੀ ਜ਼ੋਰ ਪਾ ਕੇ ਕਿਸੇ ਜਾਣ-ਪਛਾਣ ਵਾਲੇ ਨੂੰ (ਉਸ ਰਾਜ ਦੇ ਮੁੱਖ ਮੰਤਰੀ ਦੇ ਵਿਰੋਧ ਦੇ ਬਾਵਜੂਦ) ਸੀਟ ਦਿਵਾ ਦਿੰਦਾ, ਪਰ ਜਦ ਆਪਣੇ ਰਾਜ ਦੇ ਮੁੱਖ ਮੰਤਰੀ ਨੇ ਉਸ ਨੂੰ ਕੋਈ ਅਹੁਦਾ ਦੇਣ ਦੀ ਪੇਸ਼ਕਸ਼ ਕੀਤੀ ਤਾਂ ਉਸ ਨੇ ਕੋਰੀ ਨਾਂਹ ਕਰ ਦਿੱਤੀ। ਮੁੱਖ ਮੰਤਰੀ ਨੇ ਉਸ ਨੂੰ ਆਪਣੇ ਅਖ਼ਤਿਆਰੀ ਕੋਟੇ ਵਿੱਚੋਂ ਸਰਕਾਰੀ ਫਲੈਟ ਲੈਣ ਲਈ ਕਿਹਾ ਤਾਂ ਵੀ ਉਸ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਉਸ ਫਲੈਟ ਦੀ ਮਹੀਨੇ ਦੀ ਕਿਸ਼ਤ ਉਸ ਦੀ ਤਨਖ਼ਾਹ ਨਾਲੋਂ ਜ਼ਿਆਦਾ ਹੈ।

ਉਸ ਨੇ ਜਦੋਂ ਮੁੱਖ ਮੰਤਰੀ ਦੇ ਦਫ਼ਤਰ ਵਿੱਚ ਵਿਚਰਦੇ ਹੋਏ ਦੇਖਿਆ ਕਿ ਕੁਝ ਚਾਪਲੂਸ ਕਿਸਮ ਦੇ ਅਫਸਰ, ਮੁੱਖ ਮੰਤਰੀ ਨੂੰ ਹਨੇਰੇ 'ਚ ਰੱਖ ਕੇ ਨਾਜਾਇਜ਼ ਫ਼ਾਇਦਾ ਲੈ ਰਹੇ ਹਨ, ਤਾਂ ਉਸ ਨੇ ਸਬੂਤਾਂ ਸਮੇਤ ਮੁੱਖ ਮੰਤਰੀ ਨੂੰ ਅਸਲੀਅਤ ਤੋਂ ਜਾਣੂ ਕਰਵਾ ਕੇ ਉਸ ਦੀਆਂ ਅੱਖਾਂ ਖੋਲ੍ਹ ਦਿੱਤੀਆਂ।

ਇੱਕ ਵਾਰ ਮੁੱਖ ਮੰਤਰੀ ਨੇ ਉਸ ਨੂੰ ਆਪਣੀ ਥਾਂ ਪੁਲਿਸ ਮੁਖੀ ਵੱਲੋਂ ਬੁਲਾਈ ਵੱਡੇ ਪੁਲਿਸ ਅਫ਼ਸਰਾਂ ਦੀ ਮੀਟਿੰਗ ਵਿੱਚ ਭੇਜ ਦਿੱਤਾ। ਜਦੋਂ ਉਸ ਨੇ ਕਿਸੇ ਮੁੱਦੇ 'ਤੇ ਪੁਲਿਸ ਮੁਖੀ (ਜਿਸ ਨੂੰ 'ਸੁਪਰ ਕਾਪ' ਦੇ ਨਾਂ ਨਾਲ ਜਾਣਿਆ ਜਾਂਦਾ ਸੀ) ਦੀ ਗੱਲ ਕੱਟ ਕੇ ਮੁੱਖ ਮੰਤਰੀ ਦਾ ਪੱਖ ਪੇਸ਼ ਕੀਤਾ ਤਾਂ ਪੁਲਿਸ ਮੁਖੀ ਨੇ ਉਸ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਮੁੱਖ ਮੰਤਰੀ ਨੂੰ ਕੋਈ ਗੁਮਰਾਹ ਕਰ ਰਿਹਾ ਹੈ। ਇਹ ਸੁਣ ਕੇ ਉਹ ਮੀਟਿੰਗ ਵਿੱਚੋਂ ਵਾਕ ਆਊਟ ਕਰ ਗਿਆ। ਜਦੋਂ ਇਸ ਮੀਟਿੰਗ ਤੋਂ ਬਾਅਦ ਉਹ ਮੁੱਖ ਮੰਤਰੀ ਨੂੰ ਮਿਲਣ ਗਿਆ ਤਾਂ ਮੁੱਖ ਮੰਤਰੀ ਉਸ ਨੂੰ ਕਹਿੰਦੇ ਕਿ ਉਸ ਨੇ ਪੁਲਿਸ ਮੁਖੀ ਦੀ ਬੇਇਜ਼ਤੀ ਕਰ ਦਿੱਤੀ। ਇਹ ਸੁਣਦੇ ਹੀ ਉਹ ਮੁੱਖ ਮੰਤਰੀ ਨੂੰ ਸਤਿ ਸ੍ਰੀ ਅਕਾਲ ਕਹਿ ਕੇ ਪਟਿਆਲੇ ਆਪਣੇ ਘਰ ਪਹੁੰਚ ਜਾਂਦਾ ਹੈ। ਤੀਜੇ ਦਿਨ ਮੁੱਖ ਮੰਤਰੀ ਉਸ ਨੂੰ ਆਪ ਫੋਨ ਕਰਕੇ ਚੰਡੀਗੜ੍ਹ ਬੁਲਾਉਂਦਾ ਹੈ ਤਾਂ ਉਸ ਨੂੰ ਅਸਲੀ ਗੱਲ ਦੀ ਸਹੀ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਮੁੱਖ ਮੰਤਰੀ ਹੀ ਉਸ ਨਾਲ ਇਹ ਗੱਲ ਸਾਂਝੀ ਕਰਦਾ ਹੈ ਕਿ ਦੇਸ਼ ਦਾ ਪ੍ਰਧਾਨ ਮੰਤਰੀ ਉਸ ਨੂੰ ਹੋਮ ਮਨਿਸਟਰ ਬਣਾਉਣਾ ਚਾਹੁੰਦਾ ਹੈ ਅਤੇ ਇੱਕ ਸਟੇਜ 'ਤੇ ਇਹ ਵੀ ਦੱਸਦਾ ਹੈ ਕਿ ਉਸ ਨੂੰ ਇਹ ਖ਼ਦਸ਼ਾ ਹੈ ਕਿ ਉਸ ਨੂੰ, ਗੁਆਂਢੀ ਰਾਜ ਦੇ ਮੁੱਖ ਮੰਤਰੀ ਜਾਂ ਆਪਣੇ ਰਾਜ ਦੇ ਪੁਲਿਸ ਮੁਖੀ ਵਿਚੋਂ ਕਿਸੇ ਇੱਕ ਨੂੰ 'ਮਨੁੱਖੀ ਬੰਬ' ਦਾ ਨਿਸ਼ਾਨਾ ਬਣਾਇਆ ਜਾ ਸਕਦਾ ਹੈ।


ਜਦੋਂ ਰਾਜ ਦੀ ਮੁੱਖ ਵਿਰੋਧੀ ਪਾਰਟੀ ਦਾ ਪ੍ਰਧਾਨ ਉਸ ਨੂੰ ਖਾਸ ਤੌਰ 'ਤੇ ਆਪਣੇ ਕੋਲ ਬੁਲਾ ਕੇ ਇਹ ਸ਼ੱਕ ਜ਼ਾਹਰ ਕਰਦਾ ਹੈ ਕਿ ਸ਼ਾਇਦ ਸਮੇਂ ਦੀ ਸਰਕਾਰ ਉਸ ਨੂੰ ਕਿਸੇ ਝੂਠੇ ਕਤਲ ਕੇਸ ਵਿੱਚ ਨਾਮਜ਼ਦ ਕਰਨ ਦੀ ਗੋਂਦ ਗੁੰਦ ਰਹੀ ਹੈ ਤਾਂ ਉਹ ਇਹ ਗੱਲ ਮੁੱਖ ਮੰਤਰੀ ਨਾਲ ਕਰਕੇ ਦੂਜੇ ਵੱਡੇ ਨੇਤਾ ਦਾ ਸ਼ੱਕ ਦੂਰ ਕਰਦਾ ਹੈ ਅਤੇ ਉਸ ਨੇਤਾ ਦੀ ਮੁੱਖ ਮੰਤਰੀ ਨਾਲ ਮੁਲਾਕਾਤ ਵੀ ਕਰਵਾ ਦਿੰਦਾ ਹੈ।

ਮੁੱਖ ਮੰਤਰੀ ਨੂੰ ਉਸ 'ਤੇ ਅਜਿਹਾ ਵਿਸ਼ਵਾਸ ਸੀ ਕਿ ਪਾਰਟੀ ਦੇ ਹੈੱਡਕੁਆਰਟਰ ਦਿੱਲੀ ਤੋਂ ਜੋ ਖਾਸ ਸੁਨੇਹੇ ਪਹੁੰਚਦੇ ਸੀ ਜਾਂ ਭੇਜਣੇ ਹੁੰਦੇ ਸੀ ਤਾਂ ਇਹ ਕੰਮ ਉਹੀ ਕਰਦਾ। ਕੈਪਟਨ ਅਮਰਿੰਦਰ ਸਿੰਘ ਨਾਲ ਉਸ ਦੀ ਨੇੜਤਾ ਵੀ ਰਹੀ ਅਤੇ ਇੱਕ ਵਾਰ ਜਦੋਂ ਕੈਪਟਨ ਸਾਹਿਬ ਉਸ ਨਾਲ ਔਖੇ-ਭਾਰੇ ਹੋਏ ਤਾਂ ਉਸ ਨੇ ਬਾਅਦ ਵਿੱਚ ਉਨ੍ਹਾਂ ਵੱਲੋਂ ਬੁਲਾਏ ਜਾਣ 'ਤੇ ਉਨ੍ਹਾਂ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ। ਦੂਜੀ ਪਾਰਟੀ ਦੀ ਸਰਕਾਰ ਆਉਣ 'ਤੇ ਉਸਦੀ ਬਦਲੀ ਪਟਿਆਲੇ ਤੋਂ ਫਰੀਦਕੋਟ ਕਰਵਾ ਦਿੱਤੀ ਅਤੇ ਉਹ ਐਤਵਾਰ ਨੂੰ ਵੀ ਘਰ ਨਾ ਆ ਸਕੇ, ਇਸ ਲਈ ਨਾਲ ਲੱਗਦੇ ਜ਼ਿਲ੍ਹੇ ਦਾ ਵਾਧੂ ਚਾਰਜ ਵੀ ਦੇ ਦਿੱਤਾ। ਤਕਰੀਬਨ ਇੱਕ ਸਾਲ ਬਾਅਦ ਉਹ ਆਪਣੇ ਬਲਬੂਤੇ ਬਦਲੀ ਕਰਵਾ ਕੇ ਪਟਿਆਲਾ ਆਇਆ, ਪਰ ਜਦੋਂ ਕੈਪਟਨ ਮੁੱਖ ਮੰਤਰੀ ਬਣੇ ਤਾਂ ਪੁਰਾਣੀਆਂ ਗੱਲਾਂ ਭੁਲਾ ਦਿੱਤੀਆਂ ਗਈਆਂ।

ਜਦੋਂ ਦੂਜੀ ਪਾਰਟੀ ਦੀ ਸਰਕਾਰ ਆਈ ਤਾਂ ਇੱਕ ਵਾਰ ਉਸ ਸਰਕਾਰ ਦੇ ਮੁੱਖ ਮੰਤਰੀ ਨੇ ਉਸ ਨੂੰ ਖਾਸ ਤੌਰ 'ਤੇ ਆਪਣੇ ਦਫਤਰ ਵਿੱਚ ਬੁਲਾ ਕੇ ਐਸ. ਜੀ. ਪੀ. ਸੀ. ਦੀਆਂ ਚੋਣਾਂ ਵਿੱਚ ਉਨ੍ਹਾਂ ਦੀ ਸਹਾਇਤਾ ਕਰਨ ਲਈ ਕਿਹਾ। ਮੁੱਖ ਮੰਤਰੀ ਅਨੁਸਾਰ ਐਸ. ਜੀ. ਪੀ. ਸੀ. ਦੇ ਕੁਝ ਮੈਂਬਰ ਉਸ ਦੇ ਨਜ਼ਦੀਕ ਸਨ। ਉਸੇ ਸਰਕਾਰ ਦੇ ਖ਼ਜ਼ਾਨਾ ਮੰਤਰੀ ਨਾਲ ਉਸ ਦੀ ਗੂੜ੍ਹੀ ਸਾਂਝ ਸੀ। ਇਸ ਲਈ ਉਹ ਜਦੋਂ ਵੀ ਮੰਤਰੀ ਨੂੰ ਮਿਲਣ ਜਾਂਦਾ ਤਾਂ ਇਹ ਕਿਹਾ ਜਾਂਦਾ ਕਿ 'ਛੋਟਾ ਖ਼ਜ਼ਾਨਾ ਮੰਤਰੀ' ਆ ਗਿਆ। ਇੱਕ ਵਾਰ ਜਦੋਂ ਖ਼ਜ਼ਾਨਾ ਮੰਤਰੀ ਆਪਣੇ ਦਫਤਰ ਦੇ ਰਿਟਾਇਰਿੰਗ ਰੂਮ ਵਿੱਚ ਉਸ ਨਾਲ ਕੋਈ ਸਲਾਹ ਮਸ਼ਵਰਾ ਕਰ ਰਹੇ ਸੀ ਤਾਂ ਇੱਕ ਹੋਰ ਮੰਤਰੀ ਧੱਕੇ ਨਾਲ ਹੀ ਰਿਟਾਇਰਿੰਗ ਰੂਮ ਵਿੱਚ ਆ ਗਿਆ। ਖ਼ਜ਼ਾਨਾ ਮੰਤਰੀ ਨੇ ਉਸ ਮੰਤਰੀ ਨੂੰ ਦਫਤਰ ਵਿੱਚ ਬੈਠਣ ਲਈ ਕਿਹਾ। ਇਸ 'ਤੇ ਦੂਜਾ ਮੰਤਰੀ ਕਹਿੰਦਾ ਕਿ ਸਾਡੇ ਨਾਲੋਂ ਤਾਂ ਕਲਰਕ ਹੀ ਚੰਗਾ ਹੈ।

ਜਦੋਂ ਉਸ ਦੀ ਸੇਵਾ ਮੁਕਤੀ ਦਾ ਸਮਾਂ ਆਇਆ ਤਾਂ ਰਾਜ ਦੇ ਤਤਕਾਲੀ ਮੁੱਖ ਸਕੱਤਰ ਵੱਲੋਂ ਇਹ ਸੁਨੇਹਾ ਆਇਆ ਕਿ ਜਿਵੇਂ ਤੁਸੀਂ ਦੂਜੀ ਪਾਰਟੀ ਦੇ ਮੁੱਖ ਮੰਤਰੀ ਨਾਲ ਰਹਿ ਕੇ ਲੋਕ ਸੰਪਰਕ ਦਾ ਕੰਮ ਕਰਦੇ ਸੀ, ਮੌਜੂਦਾ ਮੁੱਖ ਮੰਤਰੀ ਇਹ ਚਾਹੁੰਦੇ ਹਨ ਕਿ ਤੁਸੀਂ ਉਨ੍ਹਾਂ ਨਾਲ ਵੀ ਕੰਮ ਕਰੋ, ਤੁਹਾਨੂੰ ਹਰ ਤਰ੍ਹਾਂ ਦੀ ਸਹੂਲਤ ਦਿੱਤੀ ਜਾਵੇਗੀ, ਪਰ ਉਸ ਨੇ ਨਾਂਹ ਕਰ ਦਿੱਤੀ। ਬਾਅਦ ਵਿੱਚ ਇੱਕ ਹੋਰ ਆਈ. ਏ. ਐਸ. ਅਫ਼ਸਰ ਨੇ ਵੀ ਉਨ੍ਹਾਂ ਨੂੰ ਮਨਾਉਣ ਦੇ ਯਤਨ ਕੀਤੇ, ਪਰ ਉਨ੍ਹਾਂ ਦੀ ਨਾਂਹ, ਹਾਂ ਵਿੱਚ ਨਾ ਬਦਲੀ।

ਜਿਸ ਵਿਅਕਤੀ ਵਿਸ਼ੇਸ਼ ਸਬੰਧੀ ਉੱਪਰ ਐਨਾ ਕੁਝ ਲਿਖਿਆ ਗਿਆ ਹੈ, ਉਹ ਕੋਈ ਆਈ. ਏ. ਐਸ. ਜਾਂ ਆਈ. ਪੀ. ਐਸ. ਅਫਸਰ ਨਹੀਂ ਅਤੇ ਨਾ ਹੀ ਕਿਸੇ ਵੱਡੇ ਰਾਜਸੀ ਪਰਿਵਾਰ ਵਿਚੋਂ ਹੈ। ਉਹ ਤਾਂ ਅਜਿਹਾ ਮਿਠ-ਬੋਲੜਾ, ਇਮਾਨਦਾਰ ਅਤੇ ਨਿਮਰ ਇਨਸਾਨ ਹੈ, ਜਿਸ ਨੇ ਆਪਣੇ ਅਧੀਨ ਕੰਮ ਕਰਨ ਵਾਲਿਆਂ ਨੂੰ ਵੀ ਹਮੇਸ਼ਾ ਆਦਰ ਸਤਿਕਾਰ ਦਿੱਤਾ, ਆਪਣੀਆਂ ਸਰਕਾਰੀ ਸਹੂਲਤਾਂ ਨੂੰ ਕਦੇ ਵੀ ਪਰਿਵਾਰ ਲਈ ਨਹੀਂ ਵਰਤਿਆ, ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਪੜ੍ਹਾ ਕੇ ਜ਼ਿੰਦਗੀ ਵਿੱਚ ਸਫਲਤਾ ਦੇ ਰਾਹ 'ਤੇ ਤੋਰਿਆ ਅਤੇ ਉਨ੍ਹਾਂ ਦੀ ਜੀਵਨ ਸਾਥਣ ਨੇ ਨੌਕਰੀ ਵੀ ਕੀਤੀ ਤੇ ਪਰਿਵਾਰ ਨੂੰ ਵੀ ਸਾਂਭਿਆ। ਇਸ ਸੁਹਿਰਦ ਇਨਸਾਨ ਦਾ ਸੁਪਨਾ ਸੀ ਕਿ ਐਮ. ਏ. ਕਰਕੇ ਕਾਲਜ ਲੈਕਚਰਾਰ ਬਣੇ, ਪਰ ਬਣ ਗਿਆ ਪੰਜਾਬ ਸਰਕਾਰ ਦਾ ਲੋਕ ਸੰਪਰਕ ਅਧਿਕਾਰੀ, ਜਿਹੜਾ ਆਪਣੇ ਲੰਬੇ ਕੱਦ ਕਰਕੇ ਜ਼ਮੀਨ ਤੋਂ ਭਾਵੇਂ ਛੇ ਫੁੱਟ ਉੱਚਾ ਅਤੇ ਧੌਣ ਸਿੱਧੀ ਕਰਕੇ ਤੁਰਦਾ ਰਿਹਾ, ਜਿਸ ਦੀ ਪਹੁੰਚ ਮੁੱਖ ਮੰਤਰੀ ਤੋਂ ਲੈ ਕੇ ਪ੍ਰਧਾਨ ਮੰਤਰੀ ਦੇ ਦਫਤਰ ਤੱਕ ਰਹੀ, ਪਰ




ਉਸ ਨੇ ਆਪਣੀ ਇਸ ਪਹੁੰਚ ਨੂੰ ਆਪਣੇ ਨਿੱਜੀ ਫਾਇਦੇ ਲਈ ਕਦੇ ਨਹੀਂ ਵਰਤਿਆ ਅਤੇ ਉਹ ਹਮੇਸ਼ਾ ਆਪਣੀ ਮਿੱਟੀ ਨਾਲ ਜੁੜਿਆ ਰਿਹਾ। ਹਾਂ, ਜਦੋਂ ਉਹ ਸਮੇਂ ਦੇ ਮੁੱਖ ਮੰਤਰੀ ਦੇ ਨਾਲ ਸੀ ਤਾਂ ਉਸ ਨੇ ਕਈ ਬੇਕਸੂਰ ਨੌਜਵਾਨਾਂ ਨੂੰ ਪੁਲਿਸ ਦੀ ਗੈਰ-ਕਾਨੂੰਨੀ ਪਕੜ ਤੋਂ ਬਚਾਇਆ, ਆਪਣੇ ਪਿੰਡ ਲਈ ਹੀ ਨਹੀਂ, ਕਈ ਹੋਰ ਇਲਾਕਿਆਂ ਲਈ ਵੀ ਸਰਕਾਰੀ ਇਮਦਾਦ ਦਿਵਾਈ। ਇਹ ਇਨਸਾਨ ਹੈ, ਪੰਜਾਬ ਸਰਕਾਰ ਦਾ ਸੇਵਾ ਮੁਕਤ ਲੋਕ ਸੰਪਰਕ ਅਧਿਕਾਰੀ ਸਰਦਾਰ ਉਜਾਗਰ ਸਿੰਘ।

ਉਨ੍ਹਾਂ ਦਾ ਰਾਜਸੀ ਖੇਤਰ ਵਿੱਚ ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਸਮੇਂ ਬਹੁਤ ਅਸਰ-ਰਸੂਖ ਸੀ, ਪਰ ਉਨ੍ਹਾਂ ਮੁੱਖ ਮੰਤਰੀ ਦੀ ਨੇੜਤਾ ਨੂੰ ਕਦੇ ਆਪਣੀ ਨਿਜੀ ਫਾਇਦੇ ਲਈ ਨਹੀਂ ਵਰਤਿਆ ਅਤੇ ਨਾ ਹੀ ਕਿਸੇ ਵਿਰੋਧੀ ਨਾਲ ਕਿੜ ਕੱਢਣ ਲਈ। ਰਾਜਸੀ ਗਲਿਆਰਿਆਂ ਵਿੱਚ ਉਨ੍ਹਾਂ ਦੀ ਪਹੁੰਚ ਕਰਕੇ ਕਈ ਉਨ੍ਹਾਂ ਤੋਂ ਖਾਰ ਖਾਣ ਲੱਗ ਪਏ। ਕੈਪਟਨ ਅਮਰਿੰਦਰ ਸਿੰਘ ਨਾਲ ਹੋਈ ਅਣਬਣ ਦਾ ਤਕਰੀਬਨ ਸਾਰੇ ਪੱਤਰਕਾਰਾਂ ਨੂੰ ਪਤਾ ਸੀ। ਇਸ ਲਈ ਜਦੋਂ ਕੈਪਟਨ ਮੁੱਖ ਮੰਤਰੀ ਬਣੇ ਤਾਂ ਸਾਰੇ ਉਨ੍ਹਾਂ ਨੂੰ ਡਰਾ ਰਹੇ ਸਨ ਕਿ ਜਾਂ ਤਾਂ ਉਨ੍ਹਾਂ ਨੂੰ ਕੋਈ ਝੂਠਾ ਕੇਸ ਪਾ ਕੇ ਨੌਕਰੀ ਤੋਂ ਕੱਢਿਆ ਜਾਵੇਗਾ ਅਤੇ ਜਾਂ ਕਿਤੇ ਦੂਰ-ਦੁਰਾਡੇ ਦੀ ਬਦਲੀ ਕੀਤੀ ਜਾਵੇਗੀ; ਪਰ ਕੈਪਟਨ ਅਮਰਿੰਦਰ ਸਿੰਘ ਨੂੰ ਇਹ ਇਲਮ ਸੀ ਕਿ ਉਜਾਗਰ ਸਿੰਘ ਇਮਾਨਦਾਰ ਅਤੇ ਆਪਣੇ ਕੰਮ ਦਾ ਮਾਹਰ ਹੋਣ ਦੇ ਨਾਲ-ਨਾਲ ਅਣਖ ਵਾਲਾ ਅਫਸਰ ਵੀ ਹੈ। ਇਸ ਲਈ ਉਸਦੀ ਬਦਲੀ ਤਾਂ ਕੀ ਹੋਣੀ ਸੀ, ਉਹ ਤਾਂ ਮੁੱਖ ਮੰਤਰੀ ਦਾ ਵਿਸ਼ਵਾਸ ਪਾਤਰ ਬਣ ਗਿਆ।

ਉਪਰੋਕਤ ਸਾਰੀ ਜਾਣਕਾਰੀ ਅਤੇ ਬਹੁਤ ਸਾਰੀ ਹੋਰ ਜਾਣਕਾਰੀ ਉਜਾਗਰ ਸਿੰਘ ਦੀ ਨਵ ਪ੍ਰਕਾਸ਼ਿਤ ਸਵੈ-ਜੀਵਨੀ 'ਸਬੂਤੇ ਕਦਮੀਂ' ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। 'ਸਬੂਤੇ ਕਦਮੀਂ' ਸਵੈ-ਜੀਵਨੀ ਦੀ ਵਿਸ਼ੇਸ਼ਤਾ ਇਹ ਹੈ ਕਿ ਲੇਖਕ ਨੇ ਆਪਣੇ ਸਧਾਰਨ ਪਰਿਵਾਰਕ ਪਿਛੋਕੜ, ਸਕੂਲੀ ਜੀਵਨ ਦੀਆਂ ਦੁਸ਼ਵਾਰੀਆਂ, ਨੌਵੀਂ ਵਿੱਚੋਂ ਫੇਲ੍ਹ ਹੋਣ ਦੀ ਗੱਲ, ਆਪਣੀ ਭੈੜੀ ਲਿਖਾਈ, ਪਹਿਲੀ ਨੌਕਰੀ ਦੀਆਂ ਮੁਸ਼ਕਲਾਂ, ਪ੍ਰਾਈਵੇਟ ਤੌਰ 'ਤੇ ਗਿਆਨੀ, ਬੀ. ਏ. ਅਤੇ ਐਮ. ਏ. ਕਰਨ ਦੇ ਪੜਾਅਵਾਂ ਦਾ ਜ਼ਿਕਰ ਬੜੀ ਇਮਾਨਦਾਰੀ ਨਾਲ ਕੀਤਾ ਹੈ। ਆਪਣੇ ਵੱਡੇ ਭਰਾ ਤੇ ਭਰਜਾਈ ਵੱਲੋਂ ਸਮੇਂ-ਸਮੇਂ ਮਿਲੀ ਸਹਾਇਤਾ ਅਤੇ ਅਗਵਾਈ ਸਬੰਧੀ ਬੜੇ ਸਤਿਕਾਰਤ ਸ਼ਬਦਾਂ ਵਿੱਚ ਉਲੇਖ ਕੀਤਾ ਹੈ। ਉਨ੍ਹਾਂ ਨੇ ਆਪਣੀ ਪਤਨੀ ਦੀ ਇਸ ਗੱਲੋਂ ਵਿਸ਼ੇਸ਼ ਵਡਿਆਈ ਕੀਤੀ ਹੈ, ਜਿਸ ਨੇ ਆਪਣੀ ਨੌਕਰੀ ਦੇ ਨਾਲ-ਨਾਲ ਬੱਚਿਆਂ ਦੀ ਪਰਵਰਿਸ਼ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ। ਉਨ੍ਹਾਂ ਨੇ ਇਹ ਵੀ ਲਿਖਿਆ ਹੈ ਕਿ ਜਵਾਨੀ ਵੇਲੇ ਉਨ੍ਹਾਂ ਦੇ ਬੱਚੇ ਆਪਣੇ ਪਿਤਾ ਨਾਲ ਕਈ ਵਾਰ ਇਸ ਲਈ ਨਾਰਾਜ਼ ਹੋ ਜਾਂਦੇ ਕਿ ਸਕੂਲ, ਕਾਲਜ ਜਾਣ ਸਮੇਂ ਬੱਚਿਆਂ ਨੂੰ ਸਰਕਾਰੀ ਵਾਹਨਾਂ ਦੀ ਵਰਤੋਂ ਕਿਉਂ ਨਹੀਂ ਕਰਨ ਦਿੰਦੇ, ਪਰ ਪਿਤਾ ਦੀ ਇਸ ਇਮਾਨਦਾਰੀ ਨੇ ਉਨ੍ਹਾਂ ਨੂੰ ਵੀ ਆਪਣੀ ਮਿਹਨਤ ਨਾਲ ਪੈਰਾਂ 'ਤੇ ਖੜ੍ਹੇ ਹੋਣ ਦੀ ਹਿੰਮਤ ਬਖ਼ਸ਼ੀ।

ਸ. ਉਜਾਗਰ ਸਿੰਘ ਨੂੰ ਇੱਕ ਵਕਤ ਵਿਜੀਲੈਂਸ ਦੀ ਇਨਕੁਆਰੀ ਦਾ ਸਾਹਮਣਾ ਵੀ ਕਰਨਾ ਪਿਆ, ਪਰ ਇਮਾਨਦਾਰੀ ਦੇ ਮੁਸ਼ਕਲ ਰਸਤੇ ਦੇ ਪਾਂਧੀ ਬਣਨ ਵਾਲੇ ਇਸ ਇਨਸਾਨ ਕੋਲ ਲੁਕਾਉਣ ਲਈ ਕੁਝ ਨਹੀਂ ਸੀ। ਇਸ ਲਈ ਇਹ ਬੇਦਾਗ਼ ਹੀ ਰਹੇ। ਜਦੋਂ ਇੱਕ ਵਾਰ ਪਟਿਆਲਾ ਦੇ ਤਤਕਾਲੀ ਐਸ. ਐਸ. ਪੀ. ਨੇ ਉਨ੍ਹਾਂ ਨੂੰ ਆਪਣੇ ਦਫਤਰ ਵਿੱਚ ਬੁਲਾ ਕੇ ਕਿਹਾ ਕਿ ਉਹ ਸ. ਬੇਅੰਤ ਸਿੰਘ ਦੀ ਬੰਬ ਵਿਸਫੋਟ ਵਾਲੀ ਘਟਨਾ ਦੇ ਪਿੱਛੇ ਕਿਸੇ ਸਾਜ਼ਿਸ਼ ਹੋਣ ਦੀ ਗੱਲ ਦੀ ਚਰਚਾ ਨਾ ਕਰਨ, ਨਹੀਂ ਤਾਂ ਉਨ੍ਹਾਂ ਦਾ ਵੀ ਉਹੀ ਹਸ਼ਰ ਹੋ ਸਕਦਾ ਹੈ, ਪਰ ਉਹ ਤਾਂ ਵੀ ਨਹੀਂ ਸੀ ਡਰੇ। ਇਹ ਵੱਖਰੀ ਗੱਲ ਹੈ ਕਿ ਉਸ ਐਸ. ਐਸ. ਪੀ. ਨੂੰ ਪਟਿਆਲੇ ਲਿਆਉਣ ਵਿੱਚ ਉਨ੍ਹਾਂ ਦਾ ਹੱਥ ਸੀ।

ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪਰਿਵਾਰ ਨਾਲ ਐਨੀ ਨੇੜਤਾ ਸੀ ਕਿ ਜਦੋਂ ਮੁੱਖ ਮੰਤਰੀ ਬੰਬ ਹਾਦਸੇ ਵਿੱਚ ਆਪਣੀ ਜਾਨ ਤੋਂ ਹੱਥ ਧੋ ਬੈਠੇ ਤਾਂ ਤਤਕਾਲੀ ਪ੍ਰਧਾਨ ਮੰਤਰੀ ਸ੍ਰੀ ਨਰਸਿਮਾ ਰਾਓ ਨੇ ਉਨ੍ਹਾਂ ਦੇ ਪਰਿਵਾਰ ਨੂੰ ਮਿਲਣ ਚੰਡੀਗੜ੍ਹ ਆਉਣਾ ਸੀ। ਪਰਿਵਾਰ ਦੇ ਮੈਂਬਰਾਂ ਨਾਲ ਜਦੋਂ ਉਜਾਗਰ ਸਿੰਘ ਵੀ ਕਮਰੇ ਵਿੱਚ ਜਾਣ ਲੱਗੇ ਤਾਂ ਇੱਕ ਐਸ. ਪੀ. ਨੇ ਉਨ੍ਹਾਂ ਨੂੰ ਕਮਰੇ ਦੇ ਅੰਦਰ ਜਾਣ ਤੋਂ ਰੋਕ ਦਿੱਤਾ। ਇਸ 'ਤੇ ਸਵਰਗੀ ਬੇਅੰਤ ਸਿੰਘ ਦੇ ਪਤਨੀ ਕਮਰੇ ਵਿਚੋਂ ਬਾਹਰ ਆ ਕੇ ਕਹਿਣ ਲੱਗੇ ਕਿ ਜੇ ਉਜਾਗਰ ਸਿੰਘ ਕਮਰੇ ਵਿੱਚ ਨਹੀਂ ਜਾ ਸਕਦਾ ਤਾਂ ਪਰਿਵਾਰ ਦਾ ਕੋਈ ਮੈਂਬਰ ਵੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਨਹੀਂ ਕਰੇਗਾ। ਸਿਕਿਓਰਿਟੀ ਵਾਲਿਆਂ ਨੂੰ ਉਨ੍ਹਾਂ ਨੂੰ ਵੀ ਕਮਰੇ ਵਿੱਚ ਜਾਣ ਦੀ ਆਗਿਆ ਦੇਣੀ ਪਈ।

ਇਸ ਪੁਸਤਕ ਵਿੱਚ ਰਾਜਨੀਤੀ ਦੇ ਖੇਤਰ ਦੀਆਂ ਹੋਰ ਕਈ ਗੁੱਝੀਆਂ ਗੱਲਾਂ ਦਾ ਵੀ ਉਨ੍ਹਾਂ ਨੇ ਜ਼ਿਕਰ ਕੀਤਾ ਹੈ। ਮਸਲਨ ਜਦੋਂ ਅਕਾਲੀ ਦਲ ਨੇ ਖਾੜਕੂਆਂ ਦੇ ਡਰ ਕਾਰਨ ਪੰਜਾਬ ਅਸੈਂਬਲੀ ਦੀਆਂ ਚੋਣਾਂ ਦਾ ਬਾਈਕਾਟ ਕਰ ਦਿੱਤਾ ਤਾਂ ਕੇਂਦਰੀ ਏਜੰਸੀਆਂ ਨੇ ਪਹਿਲਾਂ ਅਕਾਲੀ ਦਲ ਦੇ ਇੱਕ ਨੇਤਾ ਸੁਖਜਿੰਦਰ ਸਿੰਘ ਨੂੰ ਅਕਾਲੀ ਦਲ ਦੇ ਤੌਰ 'ਤੇ ਚੋਣਾਂ ਲੜਨ ਲਈ ਤਿਆਰ ਕੀਤਾ। ਪਹਿਲਾਂ ਤਾਂ ਉਹ ਮੰਨ ਗਿਆ, ਪਰ ਬਾਅਦ ਵਿੱਚ ਮੁੱਕਰ ਗਿਆ। ਫੇਰ ਉਨ੍ਹਾਂ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਇਸ ਕੰਮ ਲਈ ਤਿਆਰ ਕਰ ਲਿਆ। ਇਸੇ ਤਰ੍ਹਾਂ ਇੱਕ ਵਾਰ ਕਾਂਗਰਸ ਨੇ ਅਕਾਲੀ ਦਲ ਦੀ ਸਰਕਾਰ ਤੋੜਨ ਲਈ ਉਨ੍ਹਾਂ ਦੇ ਖ਼ਜ਼ਾਨਾ ਮੰਤਰੀ ਨਾਲ ਸੰਪਰਕ ਕੀਤਾ, ਪਰ ਸਫਲਤਾ ਨਾ ਮਿਲੀ।

ਉਨ੍ਹਾਂ ਨੇ ਇੱਕ ਹੋਰ ਘਟਨਾ ਦਾ ਉਲੇਖ ਵੀ ਕੀਤਾ ਹੈ ਕਿ ਇੱਕ ਵਾਰ ਇੱਕ ਆਈ. ਏ. ਐਸ. ਅਫਸਰ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਕੈਪਟਨ ਕੰਵਲਜੀਤ ਸਿੰਘ ਨੂੰ ਪਾਰਟੀ ਫੰਡ ਲਈ ਕੁਝ ਰਕਮ ਦੇਣੀ ਚਾਹੁੰਦਾ ਹੈ। ਉਜਾਗਰ ਸਿੰਘ ਨੇ ਇਸ ਕੰਮ ਵਿੱਚ ਪੈਣ ਤੋਂ ਨਾਂਹ ਕਰ ਦਿੱਤੀ। ਉਨ੍ਹਾਂ ਨੂੰ ਪਤਾ ਸੀ ਕਿ ਖ਼ਜ਼ਾਨਾ ਮੰਤਰੀ ਇਮਾਨਦਾਰ ਰਾਜਸੀ ਨੇਤਾ ਹੈ। ਜਦੋਂ ਉਸ ਅਫਸਰ ਨੇ ਉਨ੍ਹਾਂ 'ਤੇ ਜ਼ਿਆਦਾ ਹੀ ਜ਼ੋਰ ਪਾਇਆ ਤਾਂ ਉਨ੍ਹਾਂ ਨੇ ਮੰਤਰੀ ਨਾਲ ਇਹ ਗੱਲ ਕਰ ਦਿੱਤੀ। ਮੰਤਰੀ ਦਾ ਜੁਆਬ ਸੀ ਕਿ ਉਸ ਅਫਸਰ ਦੀ ਐਨੀ ਹਿੰਮਤ ਕਿਵੇਂ ਪਈ ਅਤੇ ਇਹ ਵੀ ਕਿਹਾ ਕਿ ਹੁਣ ਆਈ. ਏ. ਐਸ. ਅਫਸਰ ਵੀ ਇਹ ਕੰਮ ਕਰਨ ਲੱਗ ਪਏ ਹਨ।

ਸ. ਉਜਾਗਰ ਸਿੰਘ ਅੱਜ ਕੱਲ੍ਹ ਪਟਿਆਲੇ ਆਪਣੀ ਜੱਦੀ ਜਾਇਦਾਦ ਦੇ ਕੁਝ ਹਿੱਸੇ ਨੂੰ ਵੇਚਣ ਤੋਂ ਬਾਅਦ ਬਣਾਏ ਰਹਿਣ ਬਸੇਰੇ ਵਿੱਚ ਆਪਣਾ ਪਰਿਵਾਰਕ ਜੀਵਨ ਖ਼ੁਸ਼ੀ-ਖ਼ੁਸ਼ੀ ਬਿਤਾ ਰਹੇ ਹਨ। ਜ਼ਿੰਦਗੀ ਦੇ 74ਵੇਂ ਸਾਲ ਦੇ ਹੁਲਾਰੇ ਲੈ ਰਹੇ ਉਹ ਉਮਰ ਦੇ ਬੀਤਣ ਨਾਲ ਆਈਆਂ ਬਿਮਾਰੀਆਂ ਨੂੰ ਵੀ ਹੱਸ ਕੇ ਸਹਾਰ ਰਹੇ ਹਨ। ਸਾਹਿਤਕ ਸ਼ੌਕ ਨੂੰ ਪੂਰਾ ਕਰਨ ਲਈ ਕਈ ਪੁਸਤਕਾਂ ਲਿਖੀਆਂ ਹਨ। ਚਲੰਤ ਮਾਮਲਿਆਂ ਦੇ ਨਾਲ-ਨਾਲ ਸਾਹਿਤਕ ਵਿਸ਼ਿਆਂ 'ਤੇ ਕਲਮ ਚਲਾਉਂਦੇ ਰਹਿੰਦੇ ਹਨ ਅਤੇ ਪੁਸਤਕਾਂ ਦੇ ਰੀਵਿਊ ਕਰਨ ਵਿੱਚ ਉਨ੍ਹਾਂ ਦੀ ਖਾਸ ਮੁਹਾਰਤ ਹੈ। ਉਨ੍ਹਾਂ ਦੀਆਂ ਰਚਨਾਵਾਂ ਦੇਸ਼-ਵਿਦੇਸ਼ ਦੇ ਅਖ਼ਬਾਰਾਂ, ਮੈਗਜ਼ੀਨ ਅਤੇ ਵੈਬਸਾਈਟਾਂ ਵਾਲੇ ਖ਼ੁਸ਼ੀ-ਖ਼ੁਸ਼ੀ ਛਾਪਦੇ ਹਨ। ਕੁਝ ਵਿਸ਼ੇਸ਼ ਮੁੱਦਿਆਂ 'ਤੇ ਉਹ ਵੱਖ-ਵੱਖ ਟੀ. ਵੀ. ਚੈਨਲਾਂ 'ਤੇ ਆਪਣੇ ਵਿਚਾਰ ਵੀ ਪ੍ਰਗਟਾਉਂਦੇ ਰਹਿੰਦੇ ਹਨ।

ਸਵੈ-ਜੀਵਨੀ ਲਿਖਣਾ ਇੱਕ ਔਖਾ ਕਾਰਜ ਹੈ। ਜੇ ਲੇਖਕ ਆਪਣੀ ਵਡਿਆਈ ਆਪ ਕਰੇ ਤਾਂ ਆਪਣੇ ਮੂੰਹ ਮੀਆਂਮਿੱਠੂ ਬਣਨ ਵਾਲੀ ਗੱਲ ਹੁੰਦੀ ਹੈ ਅਤੇ ਆਪਣੀ ਬੁਰਾਈ ਕਰਨਾ ਕੋਈ ਚਾਹੁੰਦਾ ਨਹੀਂ, ਇਸ ਲਈ ਇਹ ਦੋ ਧਾਰੀ ਤਲਵਾਰ 'ਤੇ ਚਲਣ ਵਾਲਾ ਕੰਮ ਹੈ। ਖ਼ੁਸ਼ੀ ਇਸ ਗੱਲ ਦੀ ਹੈ ਕਿ ਸ. ਉਜਾਗਰ ਸਿੰਘ ਨੇ ਇਸ ਮੁਸ਼ਕਲ ਕਾਰਜ ਨੂੰ ਬੜੇ ਕਲਾਮਈ ਢੰਗ ਨਾਲ ਨੇਪਰੇ ਚੜ੍ਹਾਉਣ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ, ਜਿਸ ਲਈ ਉਹ ਵਧਾਈ ਦੇ ਹੱਕਦਾਰ ਹਨ।

ਉਨ੍ਹਾਂ ਦੀ 96 ਪੰਨਿਆਂ ਦੀ ਸਵੈ-ਜੀਵਨੀ 'ਸਬੂਤੇ ਕਦਮੀਂ' ਪੜ੍ਹਦਿਆਂ ਇਹ ਮਹਿਸੂਸ ਹੁੰਦਾ ਹੈ, ਜਿਵੇਂ ਕੋਈ ਨਾਵਲ ਪੜ੍ਹ ਰਹੇ ਹੋਈਏ। ਕਿਸੇ ਵੀ ਗੱਲ ਨੂੰ ਸਪੱਸ਼ਟ ਸ਼ਬਦਾਂ ਵਿੱਚ ਲਿਖਣ ਵਾਲੀ ਉਨ੍ਹਾਂ ਦੀ ਵਾਰਤਕ ਸ਼ੈਲੀ ਪਾਠਕਾਂ ਨੂੰ ਪ੍ਰਭਾਵਿਤ ਕਰਦੀ ਹੈ। ਪਾਠਕਾਂ ਦੀ ਰੁਚੀ ਆਦਿ ਤੋਂ ਅੰਤ ਤੱਕ ਬਣੀ ਰਹਿੰਦੀ ਹੈ। ਕੈਲੀਬਰ ਪਬਲੀਕੇਸ਼ਨ ਪਟਿਆਲਾ ਵੱਲੋਂ ਪ੍ਰਕਾਸ਼ਿਤ ਇਸ ਪੁਸਤਕ ਦਾ ਸਵਰਕ ਅਤੇ ਦਿੱਖ ਵੀ ਪ੍ਰਭਾਵਿਤ ਕਰਦੀ ਹੈ।

# ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਨੂੰ ਪੰਥਕ ਸਰੂਪ ਦੇਣ ਵਾਲੇ

# ਨਿਹੰਗ ਜਥੇਦਾਰ ਤੇਜਾ ਸਿੰਘ ਭੁੱਚਰ

**ਬਰਸੀ 'ਤੇ ਵਿਸ਼ੇਸ਼**

ਦਿਲਜੀਤ ਸਿੰਘ ਬੇਦੀ
ਫੋਨ: +91-76579-68570





ਸਿੱਖ ਪੰਥ ਦਾ ਅਣਖੀਲਾ ਜਰਨੈਲ, ਅਕਾਲੀ ਲਹਿਰ ਦਾ ਮੋਢੀ, ਗੁਰਦੁਆਰਾ ਸੁਧਾਰ ਲਹਿਰ ਦਾ ਸੱਚਾ-ਸੁੱਚਾ ਨਿਧੜਕ ਸੁਧਾਰਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਦੇ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪਹਿਲਾ ਜਥੇਦਾਰ, ਸਿੱਖੀ, ਕੇਸਾਂ-ਸੁਆਸਾਂ ਸੰਗ ਨਿਭਾਉਣ ਵਾਲਾ ਮਰਜੀਵੜਾ ਗੁਰੂ ਮਹਾਰਾਜ ਵੱਲੋਂ ਬਖਸ਼ਿਸ਼ ਬਾਣੀ ਬਾਣੇ ਦੇ ਧਾਰਨੀ ਨਿਹੰਗ ਜਥੇਦਾਰ ਤੇਜਾ ਸਿੰਘ ਭੁੱਚਰ ਨੇ ਗੁਰਦੁਆਰਾ ਸੁਧਾਰ ਲਹਿਰ ਲਈ ਅਣਥੱਕ ਮਿਹਨਤ ਕੀਤੀ। ਉਨ੍ਹਾਂ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਤਰਨਤਾਰਨ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਚੋਹਲਾ ਸਾਹਿਬ ਤੇ ਗੁਰਦੁਆਰਾ ਭਾਈ ਜੋਗਾ ਸਿੰਘ ਪਿਸ਼ਾਵਰ ਦਾ ਪ੍ਰਬੰਧ ਪੰਥਕ ਪ੍ਰਬੰਧ ਹੇਠ ਲਿਆਂਦਾ ਅਤੇ ਬਾਕੀ ਗੁਰਦੁਆਰਾ ਸਾਹਿਬਾਨ ਨੂੰ ਸਰਕਾਰੀ ਪਿੱਠੂਆਂ ਤੇ ਪੁਜਾਰੀਆਂ ਤੋਂ ਆਜ਼ਾਦ ਕਰਵਾਉਣ ਲਈ ਪੰਥ ਨੂੰ ਇੱਕ ਸੂਤਰਧਾਰ ਵਿੱਚ ਬੰਨ੍ਹ ਕੇ ਸੰਘਰਸ਼ ਲੜਿਆ, ਜਿਸ ਵਿਚੋਂ ਅਨੇਕਾਂ ਸਿੰਘਾਂ ਨੂੰ ਆਪਣੀਆਂ ਜਾਨਾਂ ਤੋਂ ਹੱਥ ਧੋਣੇ ਪਏ ਤੇ ਜਾਇਦਾਦਾਂ ਕੁਰਕ ਕਰਵਾਉਣੀਆਂ ਪਈਆਂ ਅਤੇ ਜ਼ੁਰਮਾਨੇ ਆਦਿ ਭੁਗਤਣੇ ਪਏ।

ਜਥੇਦਾਰ ਤੇਜਾ ਸਿੰਘ ਭੁੱਚਰ ਦਾ ਜਨਮ 28 ਅਕਤੂਬਰ 1887 ਈ. ਨੂੰ ਨਾਨਕੇ ਪਿੰਡ ਫੇਰੂ ਜ਼ਿਲ੍ਹਾ ਲਾਹੌਰ ਵਿਖੇ ਹੋਇਆ। ਇਨ੍ਹਾਂ ਦਾ ਜੱਦੀ ਪਿੰਡ ਨਿੱਕਾ ਭੁੱਚਰ ਤਰਨਤਾਰਨ ਸੀ। ਇਨ੍ਹਾਂ ਦੇ ਪਿਤਾ ਸ਼ਾਹ ਮਾਇਆ ਸਿੰਘ ਹਕੀਮ ਅਤੇ ਮਾਤਾ ਮਹਿਤਾਬ ਕੌਰ ਸਨ। ਜਥੇਦਾਰ ਤੇਜਾ ਸਿੰਘ ਨੇ ਜਵਾਨ ਹੁੰਦਿਆਂ ਹੀ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਜਨਤਕ ਕਰਦਿਆਂ ਆਪਣੇ ਸਾਥੀਆਂ ਨਾਲ ਮਿਲ ਕੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ, ਜਿਸ ਨੂੰ ਅਕਾਲੀ ਲਹਿਰ ਵੀ ਕਿਹਾ ਜਾਂਦਾ ਹੈ, ਸ਼ੁਰੂ ਕੀਤੀ। ਇਹ ਲਹਿਰ ਗੁਰਮਤਿ ਸਿਧਾਂਤਾਂ, ਮਾਨਤਾਵਾਂ, ਪਰੰਪਰਾਵਾਂ ਅਤੇ ਸੰਸਥਾਵਾਂ ਨੂੰ ਸਮਰਪਿਤ ਸੀ। 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਨੂੰ ਮੁੱਖ ਰੱਖ ਕੇ ਜਥੇਦਾਰ ਭੁੱਚਰ ਮਨੁੱਖ ਵਿੱਚ ਜਾਤ ਬਰਾਦਰੀ ਕਾਰਨ ਪਏ ਰੰਗ-ਨਸਲ, ਵੱਡੇ-ਛੋਟੇ ਦੇ ਅੰਤਰ ਨੂੰ ਸਿੱਖਾਂ ਅਤੇ ਮਾਨਵਤਾ ਲਈ ਲਾਹਨਤ ਮੰਨਦੇ ਸਨ। ਇਸ ਨੂੰ ਠੱਲ੍ਹ ਪਾਉਣ ਲਈ ਉਨ੍ਹਾਂ ਹਮਵਿਚਾਰ ਸਾਥੀਆਂ ਨੂੰ ਜਥੇਬੰਦ ਕਰਕੇ ਗੜਗੱਜ ਖਾਲਸਾ ਦੀਵਾਨ ਨੂੰ ਸੰਗਠਤ ਕੀਤਾ। ਪੰਜਾਬੀ ਰਵੀਦਾਸੀਏ, ਲੁਹਾਰ, ਚਮਾਰ, ਈਸਾਈਆਂ ਅਤੇ ਮੁਸਲਮਾਨਾਂ ਵਿੱਚੋਂ ਸਜੇ ਸਿੰਘਾਂ ਨੂੰ ਖੂਹਾਂ 'ਤੇ ਚੜ੍ਹਾ ਪਾਣੀ ਭਰਨ ਦੇ ਹੱਕ ਦਿਵਾਏ। ਗੁਰਦੁਆਰਾ ਲਹਿਰ ਵੀ ਦਲਿਤ ਸਿੰਘਾਂ ਨੂੰ ਉੱਚ ਮੰਨੇ ਜਾਂਦੇ ਸਿੱਖਾਂ ਦੇ ਬਰਾਬਰ ਹੱਕ ਦਿਵਾਉਣ ਲਈ ਹੀ ਸ਼ੁਰੂ ਹੋਣ ਦਾ ਇੱਕ ਬਹਾਨਾ ਬਣੀ। 18ਵੀਂ ਸਦੀ ਦੇ ਮੱਧ ਤੋਂ ਬਾਅਦ ਦੇ ਮਹਾਨ ਜਰਨੈਲ ਬੁੱਢਾ ਦਲ ਦੇ ਛੇਵੇਂ ਮੁਖੀ ਅਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਹੇ ਅਕਾਲੀ ਬਾਬਾ ਫੂਲਾ ਸਿੰਘ ਦੀ ਸ਼ਖਸੀਅਤ ਤੇ ਜੀਵਨ ਤੋਂ ਜਥੇਦਾਰ ਤੇਜਾ ਸਿੰਘ ਭੁੱਚਰ ਪੂਰਨ ਰੂਪ ਵਿੱਚ ਪ੍ਰਭਾਵਿਤ ਸਨ। ਗੁਰੂ ਕਾਲ ਉਪਰੰਤ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸ਼੍ਰੋਮਣੀ ਖਾਲਸਾ ਪੰਥ ਬੁੱਢਾ ਦਲ ਦੇ ਮੁਖੀ ਹੀ ਹੋਇਆ ਕਰਦੇ ਸਨ। ਅੰਗਰੇਜ਼ ਹਕੂਮਤ ਨਾਲ ਬੁੱਢਾ ਦਲ ਨਿਹੰਗ ਸਿੰਘਾਂ ਦੀ ਅਣਬਣ ਹੋਣ ਕਾਰਨ ਹਾਲਾਤ ਬਹੁਤੇ ਸੁਖਾਵੇਂ ਨਹੀਂ ਸਨ। ਸਮੇਂ ਸਮੇਂ ਨਿਹੰਗ ਸਿੰਘਾਂ ਨੂੰ ਮੌਕੇ ਦੀਆਂ ਹਕੂਮਤਾਂ ਨਾਲ ਲੋਹਾ ਲੈਣਾ ਪੈਂਦਾ ਰਿਹਾ ਹੈ, ਜਿਸ ਕਾਰਨ ਹਾਲਾਤ ਅਣਸੁਖਾਂਵੇ ਬਣਦੇ ਰਹੇ।

ਜਦੋਂ 12 ਅਕਤੂਬਰ 1920 ਈ. ਨੂੰ ਹਰਿਮੰਦਰ ਸਾਹਿਬ ਪਰਿਸਰ ਉੱਤੇ ਸੰਗਤੀ ਕਬਜ਼ਾ ਹੋਇਆ ਤਾਂ ਜਥੇਦਾਰ ਭੁੱਚਰ ਦੀ ਪੰਥ ਪ੍ਰਸਤੀ, ਸੇਵਾ ਦੇ ਜਜ਼ਬੇ ਅਤੇ ਕੁਰਬਾਨੀ ਦੀ ਸ਼ਕਤੀ ਨੂੰ ਮੁੱਖ ਰੱਖ ਕੇ ਜਥੇਦਾਰ ਭੁੱਚਰ ਨੂੰ ਸਰਕਾਰੀ ਸ਼ਹਿ ਪ੍ਰਾਪਤ ਪੁਜਾਰੀਵਾਦ ਦੇ ਯਤਨ ਨੂੰ ਠੱਲ੍ਹਣ ਲਈ ਅਕਾਲ ਤਖ਼ਤ ਸਾਹਿਬ ਦਾ ਪਹਿਲਾ ਜਥੇਦਾਰ ਬਣਨ ਦਾ ਮਾਣ ਦਿੱਤਾ ਗਿਆ। ਜਥੇਦਾਰ ਭੁੱਚਰ ਨੇ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਨੂੰ ਪੰਥਕ ਸਰੂਪ ਦਿੱਤਾ ਅਤੇ ਬਿਪਰਵਾਦੀ ਰਹੁ-ਰੀਤਾਂ ਨੂੰ ਗੁਰਦੁਆਰਿਆਂ ਵਿੱਚੋਂ ਕੱਢਣ ਦੀ ਸ਼ੁਰੂਆਤ ਕੀਤੀ। ਉਨ੍ਹਾਂ ਦੇ ਯਤਨਾਂ ਸਦਕਾ ਹੀ ਨਵੰਬਰ 1920 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਸੰਬਰ 1920 ਵਿੱਚ ਸ਼੍ਰੋਮਣੀ ਅਕਾਲੀ ਦਲ ਬਣੇ। ਜਥੇਦਾਰ ਭੁੱਚਰ ਨੇ ਆਪਣੇ ਜਥੇ ਦੀ ਅਗਵਾਈ ਕਰਦਿਆਂ ਅਣਗਿਣਤ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕੀਤਾ। ਉਨ੍ਹਾਂ ਦੀ ਇਸੇ ਸੇਵਾ ਸਦਕਾ ਜਥੇਦਾਰ ਤੇਜਾ ਸਿੰਘ ਭੁੱਚਰ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਅੰਗਰੇਜ਼ ਸਰਕਾਰ ਦੀ ਪੁਲਿਸ ਨੇ ਕਈ ਵਾਰ ਗ੍ਰਿਫਤਾਰ ਕੀਤਾ ਤੇ ਜ਼ੇਲ੍ਹਾਂ ਵਿੱਚ ਸੁੱਟ ਕੇ ਤਸੀਹੇ ਦਿੱਤੇ। ਆਪਣੇ ਜੀਵਨ ਦੇ ਲਗਭਗ 15 ਸਾਲ ਉਨ੍ਹਾਂ ਨੇ ਜੇਲ੍ਹਾਂ ਵਿੱਚ ਬਿਤਾਏ। ਮੁਕੱਦਮੇ ਲੜਦਿਆਂ ਉਨ੍ਹਾਂ ਦੀ ਸਾਰੀ ਉਮਰ ਹੀ ਕੋਰਟ ਕਚਹਿਰੀਆਂ ਵਿੱਚ ਬੀਤ ਗਈ। ਜਾਇਦਾਦ ਦਾ ਵੱਡਾ ਹਿੱਸਾ ਸਰਕਾਰੀ ਕੁਰਕੀਆਂ, ਜ਼ਮਾਨਤਾਂ ਅਤੇ ਜ਼ੁਰਮਾਨਿਆਂ ਦੀ ਭੇਟਾ ਹੋ ਗਿਆ।

ਜਥੇਦਾਰ ਤੇਜਾ ਸਿੰਘ ਭੁੱਚਰ ਨਿਹੰਗੀ ਬਾਣੇ ਵਿੱਚ ਰਹਿੰਦੇ ਸਨ, ਉਨ੍ਹਾਂ ਦੀ ਗੋਲ ਦਸਤਾਰ ਵਿੱਚ ਚੱਕਰ ਤੇ ਹੱਥ ਵਿੱਚ ਤੀਰ ਹੁੰਦਾ ਸੀ। ਨਨਕਾਣਾ ਸਾਹਿਬ ਦੇ ਸਾਕੇ ਤੋਂ ਬਾਅਦ ਜਥੇਦਾਰ ਤੇਜਾ ਸਿੰਘ ਭੁੱਚਰ ਨੇ ਸਾਰੀ ਜ਼ਿੰਦਗੀ ਕਾਲੇ ਵਸਤਰ ਪਹਿਨਣ ਦਾ ਫੈਸਲਾ ਕੀਤਾ ਤੇ ਸਾਰੀ ਜ਼ਿੰਦਗੀ ਕਾਲੇ ਬਸਤਰ ਪਹਿਨੇ। ਮਹੰਤਾਂ-ਪੁਜਾਰੀਆਂ ਸਮੇਂ ਅੰਗਰੇਜ਼ ਅਫਸਰ ਸ੍ਰੀ ਦਰਬਾਰ ਸਾਹਿਬ ਦੀ ਘੰਟਾ ਘਰ ਬਾਹੀ ਵਿਖੇ ਕੁਰਸੀਆਂ 'ਤੇ ਬੈਠ ਕੇ ਦੀਵਾਲੀ ਵੇਖਿਆ ਕਰਦੇ ਸਨ। ਇਸ ਪਰੰਪਰਾ ਦਾ ਵੀ ਜਥੇਦਾਰ ਭੁੱਚਰ ਨੇ ਵਿਰੋਧ ਹੀ ਨਹੀਂ ਕੀਤਾ, ਸਗੋਂ ਆਪ ਠੁੱਡੇ ਮਾਰ ਕੇ ਕੁਰਸੀਆਂ ਵਗਾਹ ਮਾਰੀਆਂ ਤੇ ਉਨ੍ਹਾਂ ਨੂੰ ਦਰੀਆਂ 'ਤੇ ਬੈਠਣ ਲਈ ਕਹਿ ਦਿੱਤਾ। ਫਿਰ ਅੰਗਰੇਜ਼ ਸਰਕਾਰ ਦਾ ਤਸ਼ੱਦਦ ਜਥੇਦਾਰ ਭੁੱਚਰ 'ਤੇ ਢਹਿ ਪਿਆ। ਉਨ੍ਹਾਂ 'ਤੇ ਕਈ ਕੇਸ ਬਣਾ ਦਿੱਤੇ ਗਏ ਤੇ ਜੇਲ੍ਹ ਵਿੱਚ ਡੱਕ ਦਿੱਤਾ ਗਿਆ। ਉਨ੍ਹਾਂ ਅਪ੍ਰੈਲ 1921 ਵਿੱਚ ਗੜਗੱਜ ਅਕਾਲੀ ਦੀਵਾਨ ਕਾਇਮ ਕੀਤਾ। ਫਰਵਰੀ 1922 ਵਿੱਚ 'ਗੜਗੱਜ ਅਕਾਲੀ' ਅਖ਼ਬਾਰ ਜਾਰੀ ਕੀਤਾ, ਜਿਸ ਵਿੱਚ ਪੰਥਕ ਸਰਗਰਮੀਆਂ ਤੇ ਸਰਕਾਰੀ ਮਾਰੂ ਨੀਤੀਆਂ ਦਾ ਖੁਲਾਸਾ ਹੁੰਦਾ ਸੀ। ਚਾਬੀਆਂ ਦਾ ਮੋਰਚਾ, ਗੁਰੂ ਕੇ ਬਾਗ ਦੇ ਮੋਰਚੇ ਸਮੇਂ ਵੀ ਆਪ ਜੇਲ੍ਹ ਵਿੱਚ ਬੰਦ ਰਹੇ। 13 ਅਪ੍ਰੈਲ 1923 ਨੂੰ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਵਿੱਚ ਹਿੰਦੂ-ਮੁਸਲਿਮ ਫਸਾਦ ਸ਼ੁਰੂ ਹੋ ਗਏ। ਬਦ-ਅਮਨੀ ਕਾਰਨ ਬਹੁਤ ਜ਼ਿਆਦਾ ਨੁਕਸਾਨ ਹੋਇਆ। ਜਥੇਦਾਰ ਭੁੱਚਰ ਨੇ 200 ਸਿੰਘਾਂ ਸਮੇਤ ਭਾਈਚਾਰਕ ਸਾਂਝ ਲਈ ਸ਼ਾਂਤਮਈ ਜਲੂਸ ਕੱਢਿਆ। ਗਲੀ ਮੁਹੱਲਿਆਂ 'ਚ ਘਰੋ-ਘਰ ਪਹੁੰਚ ਕੀਤੀ। ਜਿਸ ਨਾਲ ਮਾਹੌਲ ਸ਼ਾਂਤ ਹੋਇਆ। ਸਰਕਾਰ ਨੇ ਗੁਰੂ ਕੇ ਬਾਗ ਦੇ ਮੋਰਚੇ ਦੌਰਾਨ ਫੜੇ ਸਾਰੇ ਅਕਾਲੀ ਰਿਹਾਅ ਕਰ ਦਿੱਤੇ। ਫਿਰ ਜਥੇਦਾਰ ਤੇਜਾ ਸਿੰਘ ਭੁੱਚਰ ਨੇ ਦੂਜਾ ਅਖਬਾਰ 'ਬੱਬਰ ਸ਼ੇਰ' ਚਲਾਇਆ, ਜਿਸ ਵਿੱਚ ਅੰਗਰੇਜ਼ ਸਰਕਾਰ ਵਿਰੁੱਧ ਆਵਾਜ਼ ਉਠਾਈ। ਇਸ ਦੇ ਸਾਰੇ ਸੰਪਾਦਕਾਂ ਨੂੰ ਸਰਕਾਰ ਵੱਲੋਂ ਗ੍ਰਿਫ਼ਤਾਰ ਕਰਕੇ ਸਜ਼ਾਵਾਂ ਸੁਣਾ ਦਿੱਤੀਆਂ ਗਈਆਂ। ਪ੍ਰੈਸ ਤੇ ਰੀਕਾਰਡ ਜ਼ਬਤ ਕਰ ਲਿਆ ਗਿਆ।

ਜਥੇਦਾਰ ਤੇਜਾ ਸਿੰਘ ਭੁੱਚਰ 2 ਅਕਤੂਬਰ 1939 ਈ. ਨੂੰ ਦੁਪਹਿਰ ਵੇਲੇ ਆਪਣੇ ਪਿੰਡ ਤੋਂ ਗੱਗੋਬੂਹੇ ਵੱਲ ਆ ਰਹੇ ਸਨ, ਤਦ ਅੰਗਰੇਜ਼ ਸਰਕਾਰ ਦੀ ਸ਼ਹਿ 'ਤੇ ਆਪ ਦੇ ਵਿਰੋਧੀਆਂ ਨੇ ਅਚਾਨਕ ਹਮਲਾ ਕਰ ਦਿੱਤਾ, ਜਿਸ ਵਿੱਚ ਇਨ੍ਹਾਂ ਦੀ ਲੱਤ 'ਤੇ ਵੱਡੀ ਸੱਟ ਵੱਜ ਗਈ। ਅੰਗਰੇਜ਼ ਸਰਕਾਰ ਤੇ ਵਿਰੋਧੀਆਂ ਨੇ ਇਸ ਹਮਲੇ ਨੂੰ ਨਿੱਜੀ ਦੁਸ਼ਮਣੀ ਕਹਿ ਕੇ ਛੁਟਿਆਉਣ ਦਾ ਕੋਝਾ ਯਤਨ ਕੀਤਾ, ਪਰ ਦਰਜ ਰਿਪੋਰਟ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਇਹ ਪੰਥ ਦੋਖੀਆਂ ਵੱਲੋਂ ਕੀਤਾ ਗਿਆ ਮਾਰੂ ਹਮਲਾ ਸੀ, ਜੋ ਜਥੇਦਾਰ ਭੁੱਚਰ ਦੀ ਪੰਥ ਪ੍ਰਸਤੀ ਤੋਂ ਦੁਖੀ ਸਨ। ਇਹ ਸੂਰਮਾ, ਗੜਗੱਜ, ਬੱਬਰ ਸ਼ੇਰ, ਹਠੀਲੇ ਸੁਭਾਅ ਵਾਲਾ ਪ੍ਰਭਾਵਸ਼ਾਲੀ ਨੇਤਾ ਸੀ, ਜੋ 3 ਅਕਤੂਬਰ 1939 ਈ. ਨੂੰ ਸਵੇਰੇ ਤੜਕਸਾਰ ਅਕਾਲ ਪੁਰਖ ਦੇ ਚਰਨਾਂ 'ਚ ਅਭੇਦ ਹੋ ਗਿਆ। ਜਥੇਦਾਰ ਤੇਜਾ ਸਿੰਘ ਭੁੱਚਰ ਯਾਦਗਾਰੀ ਕਮੇਟੀ ਨਿੱਕੇ ਭੁੱਚਰ ਵੱਲੋਂ ਉਨ੍ਹਾਂ ਦੀ 84ਵੀਂ ਬਰਸੀ 16 ਅੱਸੂ ਮੌਜੂਦਾ ਸੰਮਤ ਨਾਨਕਸ਼ਾਹੀ 555 ਅਨੁਸਾਰ 2 ਅਕਤੂਬਰ ਨੂੰ ਉਨ੍ਹਾਂ ਦੇ ਜੱਦੀ ਪਿੰਡ ਨਿੱਕੇ ਭੁੱਚਰ, ਜ਼ਿਲ੍ਹਾ ਤਰਨਤਾਰਨ ਵਿਖੇ ਮਨਾਈ ਜਾ ਰਹੀ ਹੈ।

## ਮਾਂ

-ਡਾ. ਬਲਜਿੰਦਰ ਸਿੰਘ
ਫੋਨ: +91-9815040500

ਵਜੂਦ ਮੇਰੇ ਨੂੰ ਸਿਰਜਣ ਵਾਲੀ
ਜਿਸਦਾ ਮੈਂ ਕਰਜ਼ਾਈ ਹਾਂ।
ਗੋਦੀ ਚੁੱਕ ਮੈਨੂੰ ਰਹੀ ਖਿਡਾਉਂਦੀ
ਜਦ ਮੈਂ ਹੁੰਦਾ ਛੋਟਾ ਸਾਂ।
ਪਾਲ਼-ਪੋਸ ਉਸ ਵੱਡਿਆਂ ਕੀਤਾ
ਕਦੇ ਵੀ ਅੱਕੀ-ਥੱਕੀ ਨਾ।
ਕੁੱਲ ਦੁਨੀਆਂ 'ਤੇ ਲੱਖਾਂ ਰਿਸ਼ਤੇ
ਪਰ ਸਭ ਤੋਂ ਉਚੀ ਉਸਦੀ ਥਾਂ।
ਇੱਕ ਦਿਨ ਮੈਨੂੰ ਛੱਡ ਕੇ ਤੁਰ'ਗੀ
ਲੱਭਦਾ ਫਿਰਾਂ ਉਹ ਸ਼ੀਤਲ ਛਾਂ।
ਵਿੱਚ ਮੱਝਧਾਰਾਂ ਫਿਰਾਂ ਗੁਆਚਾ
ਸਮਝ ਨਾ ਆਵੇ ਕਿੱਧਰ ਜਾਂ।
ਮੈਨੂੰ 'ਬਿੰਦਾ' ਆਖ ਬੁਲਾਵਣ ਵਾਲੀ
ਲੈ ਗਈ ਨਾਲੇ ਇਹੋ ਨਾਂ।
ਕਲਮ 'ਬਿੰਦੇ' ਦੀ ਅਰਦਾਸ ਕਰੇ ਇਹ
ਕਦੇ ਨਾ ਮੋਏ ਕਿਸੇ ਦੀ ਮਾਂ,
ਕਦੇ ਨਾ ਵਿੱਛੜੇ ਕਿਸੇ ਦੀ ਮਾਂ!









# ਖੂਬ ਰੌਣਕਾਂ ਲੱਗੀਆਂ ਸਿਨਸਿਨੈਟੀ ਦੇ 12ਵੇਂ ਖੇਡ ਮੇਲੇ ਵਿੱਚ

**ਸਿਨਸਿਨੈਟੀ, ਓਹਾਇਓ (ਪੰਜਾਬੀ ਪਰਵਾਜ਼ ਬਿਊਰੋ):** ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ, ਸਿਨਸਿਨੈਟੀ ਵੱਲੋਂ ਲੰਘੇ ਦਿਨੀਂ 12ਵਾਂ ਸਾਲਾਨਾ ਖੇਡ ਮੇਲਾ ਕਰਵਾਇਆ ਗਿਆ, ਜਿਸ ਨੂੰ ਲੋਕਾਂ ਨੇ ਭਰਵਾਂ ਹੁੰਗਾਰਾ ਦਿੱਤਾ। ਮੇਲੇ ਦੌਰਾਨ ਜਿੱਥੇ ਕਬੱਡੀ ਦੇ ਫਸਵੇਂ ਮੈਚ





ਹੋਏ, ਉਥੇ ਵਾਲੀਬਾਲ, ਸੂਟ ਵਾਲੀਬਾਲ, ਸੌਕਰ ਤੇ ਕ੍ਰਿਕਟ ਦੇ ਮੈਚ ਵੀ ਕਰਵਾਏ ਗਏ, ਜਿਨ੍ਹਾਂ ਦਾ ਸਰੋਤਿਆਂ ਨੇ ਭਰਪੂਰ ਅਨੰਦ ਮਾਣਿਆ। ਖੇਡਾਂ ਉਪਰੰਤ ਲੋਕਾਂ ਦੇ ਮਨੋਰੰਜਨ ਲਈ ਗਾਇਕੀ ਦਾ ਖੁੱਲ੍ਹਾ ਅਖਾੜਾ ਲੱਗਿਆ, ਜਿਸ ਵਿੱਚ ਨਾਮੀ ਗਾਇਕ ਨਿੰਜਾ, ਮੰਨਤ ਨੂਰ, ਜੈਨੀ ਜੌਹਲ ਤੇ ਰਵ ਇੰਦਰ ਨੇ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ। ਮੇਲੇ ਦੌਰਾਨ ਰਵ ਇੰਦਰ ਦੇ ਨਵੇਂ ਗੀਤ ਦਾ ਪੋਸਟਰ ਵੀ ਜਾਰੀ ਕੀਤਾ ਗਿਆ।

ਸ਼ੇਰ-ਏ-ਪੰਜਾਬ ਸੁਸਾਇਟੀ ਦਾ ਇਹ ਮੇਲਾ ਸਵਰਗੀ ਜਸਦੇਵ ਸਿੰਘ ਗੋਲਾ ਅਤੇ ਬਲਬੀਰ ਬਾਠ ਬਿੱਲੂ ਦੀ ਨਿੱਘੀ ਯਾਦ ਨੂੰ ਸਮਰਪਿਤ ਸੀ। ਮੇਲੇ ਦੀ ਸ਼ੁਰੂ ਸਵੇਰੇ ਅਰਦਾਸ ਨਾਲ ਹੋਈ। ਇਹ ਮੇਲਾ ਰੌਇਲ ਬਲੂ ਇਵੈਂਟ ਸੈਂਟਰ (ਮਿਡਲਟਨ) ਦੇ ਕਰੀਬ ਦਸ ਏਕੜ ਗਰਾਊਂਡ ਵਿੱਚ ਕਰਵਾਇਆ ਗਿਆ। ਨਿੱਜੀ ਸੰਪਤੀ ਹੋਣ ਕਾਰਨ ਮੇਲਾ ਦੇਰ ਰਾਤ 8 ਵਜੇ ਤੱਕ ਚੱਲਦਾ ਰਿਹਾ, ਜਦਕਿ ਵਾਲੀਬਾਲ ਆਦਿ ਖੇਡਾਂ ਸਵੇਰੇ ਹੀ ਸ਼ੁਰੂ ਹੋ ਗਈਆਂ ਸਨ। ਸੁਰੱਖਿਆ ਦੇ ਪੁਖਤਾ ਪ੍ਰਬੰਧ ਸਨ। ਪਰਿਵਾਰਕ ਮੇਲਾ ਹੋਣ ਕਾਰਨ ਪ੍ਰਬੰਧਕਾਂ ਨੇ ਬੱਚਿਆਂ, ਔਰਤਾਂ ਤੇ ਬਜ਼ੁਰਗਾਂ ਲਈ ਵਿਸ਼ੇਸ਼ ਪ੍ਰਬੰਧ ਕੀਤੇ ਹੋਏ ਸਨ। ਮੇਲੇ ਵਿੱਚ ਮਿਡਵੈਸਟ ਸਟੇਟਾਂ ਤੋਂ ਲੋਕੀਂ ਵੱਡੀ ਗਿਣਤੀ ਵਿੱਚ ਪਹੁੰਚੇ। ਮੇਲੀਆਂ ਲਈ ਖਾਣ-ਪੀਣ, ਚਾਹ-ਪਾਣੀ ਦਾ ਖੁੱਲ੍ਹਾ ਤੇ ਵਧੀਆ ਇੰਤਜ਼ਾਮ ਕੀਤਾ ਹੋਇਆ ਸੀ। ਤਾਜ਼ਾ ਜਲੇਬੀਆਂ ਵੀ ਹਾਜ਼ਰ ਸਨ।

ਮੇਲੇ ਵਿੱਚ ਕਬੱਡੀ ਦੀਆਂ ਚਾਰ ਟੀਮਾਂ ਨੇ ਆਪਣੀ ਖੇਡ ਦਾ ਪ੍ਰਦਰਸ਼ਨ ਕੀਤਾ, ਜਿਨ੍ਹਾਂ ਵਿੱਚ ਮੈਟਰੋ ਨਿਊ ਯਾਰਕ, ਪੰਜਾਬ ਸਪੋਰਟਸ ਕਲੱਬ ਮਿਸੀਸਿਪੀ, ਬਾਬਾ ਦੀਪ ਸਿੰਘ ਮਿਸ਼ੀਗਨ ਤੇ ਨਿਊ ਜਰਸੀ (ਸਾਂਝੀ ਟੀਮ) ਅਤੇ ਸ਼ੇਰ-ਏ-ਪੰਜਾਬ ਸਿਨਸਿਨੈਟੀ ਟੀਮਾਂ ਸ਼ਾਮਲ ਸਨ। ਕੁਲ ਪੰਜ ਮੈਚ ਖੇਡੇ ਗਏ। ਸਾਰੀਆਂ ਹੀ ਟੀਮਾਂ ਨੇ ਆਪਣੀ ਜਿੱਤ ਯਕੀਨੀ ਬਣਾਉਣ ਲਈ ਵਿਰੋਧੀ ਟੀਮ ਨੂੰ ਕਾਂਟੇ ਦੀ ਟੱਕਰ ਦਿੱਤੀ, ਪਰ ਸੈਮੀ ਫਾਈਨਲ ਤੇ ਫਾਈਨਲ ਮੈਚ ਦੌਰਾਨ ਖਿਡਾਰੀਆਂ ਨੇ ਪੂਰਾ ਤਾਣ ਲਾਇਆ ਅਤੇ ਦਮਦਾਰ ਖੇਡ ਦਿਖਾਈ। ਦਰਸ਼ਕ ਵੀ ਇਹ ਮੈਚ ਦੇਖਦੇ ਪੂਰੇ ਉਤਸ਼ਾਹ ਵਿੱਚ ਆਏ ਹੋਏ ਸਨ।

ਫਾਈਨਲ ਮੈਚ ਮੈਟਰੋ ਨਿਊ ਯਾਰਕ ਟੀਮ ਨੇ ਜਿੱਤਿਆ ਅਤੇ ਕਬੱਡੀ ਕੱਪ ਆਪਣੀ ਝੋਲੀ ਪੁਆਇਆ। ਕਬੱਡੀ ਦਾ ਪਹਿਲਾ ਇਨਾਮ ਦਵਿੰਦਰ ਸਿੰਘ ਕਾਹਲੋਂ ਅਤੇ ਸੋਨੂ ਔਜਲਾ ਸਰਹਿੰਦ (ਕਲੀਵਲੈਂਡ) ਵੱਲੋਂ ਸਪਾਂਸਰ ਕੀਤਾ ਗਿਆ ਸੀ। ਦੂਜੇ ਥਾਂ ਬਾਬਾ ਦੀਪ ਸਿੰਘ ਮਿਸ਼ੀਗਨ ਤੇ ਨਿਊ ਜਰਸੀ (ਸਾਂਝੀ ਟੀਮ) ਆਈ।

ਕੁਮੈਂਟੇਟਰ ਕਾਲਾ ਰਸ਼ੀਨ ਤੇ ਸੁਰਜੀਤ ਕਕਰਾਲੀ ਵਾਰੋ ਵਾਰੀ ਕਬੱਡੀ ਦੀ ਵਧੀਆ ਕੁਮੈਂਟੇਟਰੀ ਤੇ ਸ਼ੇਅਰੋ-ਸ਼ਾਇਰੀ ਕਰਦਿਆਂ ਖਿਡਾਰੀਆਂ ਦੀ ਖੇਡ ਬਾਰੇ ਜਾਣਕਾਰੀ ਦਿੰਦੇ ਰਹੇ। ਬੈਸਟ ਰੇਡਰ ਰਾਜੂ ਤੇ ਬੈਸਟ ਸਟਾਪਰ ਅਰਸ਼ ਝੋਲੀ ਐਲਾਨੇ ਗਏ। ਮੈਚ ਸ਼ੂਰੂ ਹੋਣ ਤੋਂ ਪਹਿਲਾਂ ਆਏ ਮਹਿਮਾਨਾਂ ਦੀ ਖਿਡਾਰੀਆਂ ਨਾਲ ਜਾਣ-ਪਛਾਣ ਕਰਵਾਈ ਗਈ। ਅਨਮੋਲ ਮਾਵੀ ਨੇ ਮੰਚ ਸੰਚਾਲਨ ਦੀ ਸੇਵਾ ਸਾਰਾ ਦਿਨ ਬਾਖੂਬੀ ਨਿਭਾਈ।

ਇਸ ਖੇਡ ਮੇਲੇ ਵਿੱਚ ਵਾਲੀਬਾਲ ਦੀਆਂ ਅੱਠ ਟੀਮਾਂ ਵਿਚਕਾਰ ਮੁਕਾਬਲੇ ਹੋਏ, ਜਿਨ੍ਹਾਂ ਵਿੱਚ ਦੀਪ ਸਿੱਧੂ ਕਲੱਬ












(ਕੈਲੀਫੋਰਨੀਆ) ਦੀ ਟੀਮ ਪਹਿਲੇ ਸਥਾਨ ਉਤੇ ਰਹੀ, ਜਦਕਿ ਦੂਜੇ ਸਥਾਨ ਉਤੇ ਸ਼ਿਕਾਗੋ ਵਾਲੀਬਾਲ ਟੀਮ (ਟੋਨੀ ਸੰਘੇੜਾ) ਰਹੀ। ਪਹਿਲੇ ਥਾਂ ਆਉ ਵਾਲੀ ਟੀਮ ਨੂੰ ਸੰਜੀਵ ਕੌਸ਼ਲ ਵਲੋਂ ਸਪਾਂਸਰ ਕੀਤਾ 5100 ਡਾਲਰ ਦਾ ਇਨਾਮ ਦਿੱਤਾ ਗਿਆ, ਜਦਕਿ ਦੂਜਾ 3100 ਡਾਲਰ ਦਾ ਸ਼ੇਰ-ਏ-ਪੰਜਾਬ ਸੁਸਾਇਟੀ ਵੱਲੋਂ ਦਿੱਤਾ ਗਿਆ।

ਸੂਟ ਵਾਲੀਬਾਲ ਦੇ ਮੁਕਾਬਲੇ ਵੀ ਦਿਲਚਸਪ ਸਨ। ਪਹਿਲਾ 4100 ਡਾਲਰ ਦਾ ਇਨਾਮ ਗਰੀਨਵੁੱਡ (ਇੰਡੀਆਨਾ) ਦੀ ਟੀਮ ਨੇ ਜਿੱਤਿਆ ਅਤੇ ਡੇਅਟਨ (ਓਹਾਇਓ) ਦੀ ਟੀਮ ਦੂਜੇ ਥਾਂ ਰਹੀ ਤੇ 3100 ਡਾਲਰ ਦਾ ਇਨਾਮ ਪ੍ਰਾਪਤ ਕੀਤਾ। ਇਸੇ ਦੌਰਾਨ ਸੌਕਰ ਦੀਆਂ 5 ਟੀਮਾਂ ਵਿਚਾਲੇ ਵੀ ਮੁਕਾਬਲੇ ਹੋਏ, ਜਿਸ ਵਿੱਚ ਸਿਨਸਿਨੈਟੀ ਸਿੰਬਾ ਟੀਮ ਪਹਿਲੇ ਥਾਂ ਉਤੇ ਰਹੀ ਤੇ ਇੰਡੀਆਨਾ ਦੀ ਇੰਡੀਅਨਐਪੋਲਿਸ ਐਫ.ਸੀ. ਟੀਮ ਦੂਜੇ ਥਾਂ ਉਤੇ ਰਹੀ।

ਦੋਹਾਂ ਟੀਮਾਂ ਨੂੰ ਮੇਜ਼ਬਾਨ ਖੇਡ ਸੁਸਾਇਟੀ ਤੇ ਸਾਡਾ ਪਿੰਡ ਇੰਡੀਆਨਾ ਵੱਲੋਂ ਸਾਂਝੇ ਤੌਰ 'ਤੇ ਪਹਿਲਾ ਤੇ ਦੂਜਾ ਕ੍ਰਮਵਾਰ 4100 ਤੇ 3100 ਡਾਲਰ ਦਾ ਇਨਾਮ ਦਿੱਤਾ ਗਿਆ।

ਖੇਡ ਮੇਲੇ ਤੋਂ ਇੱਕ ਦਿਨ ਪਹਿਲਾਂ ਕ੍ਰਿਕਟ ਦੇ ਮੈਚ ਕਰਵਾਏ ਗਏ, ਜਿਨ੍ਹਾਂ ਵਿੱਚ 5 ਟੀਮਾਂ ਨੇ ਆਪੋ ਆਪਣੀ ਪਾਰੀ ਖੇਡੀ। ਫਾਈਨਲ ਮੈਚ ਸ਼ੇਰ-ਏ-ਪੰਜਾਬ ਸੁਸਾਇਟੀ ਦੀ ਟੀਮ ਅਤੇ ਲੁਈਵਿਲ (ਕਨਟੱਕੀ) ਦੇ ਕ੍ਰਿਕਟ ਕਲੱਬ ਵਿਚਾਲੇ ਹੋਇਆ, ਜਿਸ ਵਿੱਚ ਸ਼ੇਰ-ਏ-ਪੰਜਾਬ ਸੁਸਾਇਟੀ ਦੀ ਟੀਮ ਜੇਤੂ ਰਹੀ। ਜੇਤੂ ਟੀਮ ਨੂੰ 5100 ਡਾਲਰ ਦਾ ਪਹਿਲਾ ਅਤੇ 4100 ਡਾਲਰ ਦਾ ਦੂਜਾ ਇਨਾਮ ਮਿਸਟਰ ਸਿੰਘ ਟਰਾਂਸਪੋਰਟ (ਸਿਨਸਿਨੈਟੀ) ਵਾਲੇ ਰਵੀ ਘੋਤੜਾ ਤੇ ਇਕਬਾਲ ਸਿੰਘ ਵੱਲੋਂ ਦਿੱਤਾ ਗਿਆ।

ਰੱਸਾਕਸ਼ੀ ਦੇ ਵੀ ਫਸਵੇਂ ਮੁਕਾਬਲੇ ਹੋਏ। ਫਾਈਨਲ ਵਿੱਚ ਗਰੀਨਵੁੱਡ ਤੇ ਫੀਸ਼ਰ (ਇੰਡੀਆਨਾ) ਦੀਆਂ ਟੀਮਾਂ ਬਰਾਬਰ ਰਹੀਆਂ। ਬੱਚਿਆਂ ਦੀਆਂ ਖੇਡਾਂ ਵੀ ਕਰਵਾਈਆਂ ਗਈਆਂ। ਜੇਤੂ ਬੱਚਿਆਂ ਨੂੰ ਸੌ ਡਾਲਰ ਦਾ ਪਹਿਲਾ ਤੇ ਪੰਜਾਹ ਡਾਲਰ ਦਾ ਦੂਜਾ ਨਕਦ ਇਨਾਮ ਦਿੱਤਾ ਗਿਆ, ਜਦਕਿ ਖੇਡਾਂ ਵਿੱਚ ਭਾਗ ਲੈਣ ਵਾਲੇ ਹਰ ਬੱਚੇ ਨੂੰ 20-20 ਡਾਲਰ ਹੌਸਲਾ ਅਫਜ਼ਾਈ ਵਜੋਂ ਦਿੱਤੇ ਗਏ।

ਪ੍ਰਬੰਧਕਾਂ ਅਨੁਸਾਰ ਸਾਰੀਆਂ ਖੇਡਾਂ ਦੀਆਂ ਟੀਮਾਂ ਵੱਖ ਵੱਖ ਸਟੇਟਾਂ ਤੋਂ ਆਈਆਂ ਹੋਈਆਂ ਸਨ। ਜੇਤੂ ਟੀਮਾਂ ਤੋਂ ਇਲਾਵਾ ਖੇਡ ਪ੍ਰਦਰਸ਼ਨ ਕਰਨ ਵਾਲੀਆਂ ਹੋਰਨਾਂ ਟੀਮਾਂ ਨੂੰ ਆਉਣ-ਜਾਣ ਦਾ ਖਰਚਾ ਦਿੱਤਾ ਗਿਆ। ਗੁਰਨੇਕ ਨੇਕਾ ਇੰਡੀਅਨ ਫਿਊਜ਼ਨ ਰਸੈਟੋਰੈਂਟ ਅਤੇ ਬਰਾੜ ਨੌਲੀ ਵਾਲਾ ਵੱਲੋਂ ਕਬੱਡੀ ਖਿਡਾਰੀ ਪੰਡਿਤ ਸੁਰਖਪੁਰੀਏ ਦਾ ਸਨਮਾਨ ਕੀਤਾ ਗਿਆ, ਜਦਕਿ ਸੁੱਖ ਸੇਖੋਂ ਵੱਲੋਂ ਸੁਰਖਪੁਰੀਆ ਯੂਬਾ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਦੋਵੇਂ ਕੁਮੈਂਟੇਟਰਾਂ ਤੇ ਛੇ ਰੈਫਰੀਆਂ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ।



ਮੇਲੇ ਦੇ ਮੁੱਖ ਮਹਿਮਾਨ ਸੱਲ੍ਹਾਂ ਪਰਿਵਾਰ ਵਾਲੇ ਸਨ, ਜਿਸ ਵਿੱਚ ਜਥੇਦਾਰ ਤਾਰਾ ਸਿੰਘ ਸੱਲ੍ਹਾਂ ਅਤੇ ਸੱਲ੍ਹਾਂ ਭਰਾ- ਬਲਦੇਵ ਸਿੰਘ, ਗੁਰਮੀਤ ਸਿੰਘ ਤੇ ਸਰਬਜੀਤ ਸਿੰਘ ਸ਼ਾਮਲ ਸਨ। ਗ੍ਰੈਂਡ ਸਪਾਂਸਰ ਘੁਮਾਣ ਭਰਾ- ਹਰਸ਼ਰਨ ਸਿੰਘ (ਹੈਰੀ) ਤੇ ਅਮਰਬੀਰ ਸਿੰਘ ਸਨ, ਜਦਕਿ ਗੈਸਟ ਆਫ ਆਨਰ ਢੀਂਡਸਾ ਭਰਾ- ਲਖਬੀਰ ਸਿੰਘ ਤੇ ਅਮਰਜੀਤ ਸਿੰਘ ਸਨ। ਇਨ੍ਹਾਂ ਨੇ ਜੇਤੂ ਟੀਮਾਂ ਨੂੰ ਇਨਾਮ ਤਕਸੀਮ ਕੀਤੇ। ਸ਼ੇਰ-ਏ-ਪੰਜਾਬ ਸੁਸਾਇਟੀ ਵੱਲੋਂ ਆਏ ਮੁੱਖ ਮਹਿਮਾਨ ਸਮੇਤ ਵਿਸ਼ੇਸ਼ ਮਹਿਮਾਨਾਂ ਦਾ ਲੋਈਆਂ ਦੇ ਕੇ ਸਨਮਾਨ ਕੀਤਾ ਗਿਆ।

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ





# ਸਿਨਸਿਨੈਟੀ ਦਾ ਖੇਡ ਮੇਲਾ

ਇਸ ਮੌਕੇ ਲੱਕੀ ਡਰਾਅ ਵੀ ਕੱਢਿਆ ਗਿਆ। ਬੱਚਿਆਂ ਨੂੰ ਲੱਕੀ ਡਰਾਅ ਕੱਢਣ ਲਈ ਸਟੇਜ ਉਤੇ ਬੁਲਾਇਆ ਅਤੇ ਉਨ੍ਹਾਂ ਨੇ ਡੱਬੇ ਵਿੱਚੋਂ ਇੱਕ ਇੱਕ ਪਰਚੀ ਕੱਢੀ। ਪਹਿਲਾ ਇਨਾਮ ਮੋਟਰਸਾਈਕਲ ਦਾ ਸੀ, ਜੋ ਕਲੀਵਲੈਂਡ ਦੇ ਹਰਪ੍ਰੀਤ ਸਿੰਘ ਕੰਗ ਦਾ ਨਿਕਲਿਆ। ਦੂਜਾ ਇਨਾਮ ਆਈਪੈਡ ਸੀ, ਜੋ ਗੁਰਮੇਲ ਸਿੰਘ ਫਗੂੜਾ ਨੂੰ ਮਿਲਿਆ।

ਖੇਡਾਂ ਉਪਰੰਤ ਰਾਤ ਕਰੀਬ 8 ਵਜੇ ਤੱਕ ਗਾਇਕੀ ਦਾ ਖੁੱਲ੍ਹਾ ਅਖਾੜਾ ਵੀ ਲੱਗਿਆ, ਜਿਸ ਵਿੱਚ ਨਾਮੀ ਪੰਜਾਬੀ ਗਾਇਕ ਨਿੰਜਾ, ਮੰਨਤ ਨੂਰ, ਜੈਨੀ ਜੌਹਲ ਤੇ ਸਥਾਨਕ ਗਾਇਕ ਰਵ ਇੰਦਰ ਨੇ ਆਪਣੇ ਹਿੱਟ ਗੀਤ ਗਾ ਕੇ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ। ਉਨ੍ਹਾਂ ਲੋਕਾਂ ਦੀ ਫਰਮਾਇਸ਼ਾਂ ਵੀ ਪੂਰੀਆਂ ਕੀਤੀਆਂ ਅਤੇ ਬੋਲੀਆਂ ਵੀ ਪਾਈਆਂ।



ਕਲੱਬ ਦੇ ਪ੍ਰਧਾਨ ਚਰਨਜੀਤ ਸਿੰਘ ਬਰਾੜ, ਚੇਅਰਮੈਨ ਅਮਰੀਕ ਸਿੰਘ ਟਿਵਾਣਾ, ਸੁਰਜੀਤ ਸਿੰਘ ਮਾਵੀ, ਹਰਵਿੰਦਰ ਸਿੰਘ ਵਾਲੀਆ, ਜਸਵੰਤ ਸਿੰਘ ਜੱਸੀ, ਗੁਰਮਿੰਦਰ ਸੰਧੂ, ਪਲਵਿੰਦਰ ਢਿੱਲੋਂ, ਅਮਰਜੀਤ ਅਗਰਵਾਲ, ਗੁਰਪ੍ਰੀਤ ਗਿੱਲ, ਪ੍ਰੀਤਮਪਾਲ ਸਿੰਘ, ਹਰਿੰਦਰ ਕੰਗ, ਪਰਮਜੀਤ ਗਰਚਾ, ਹੈਪੀ ਮਤੋਤ, ਨਰਿੰਦਰਪਾਲ ਤਾਤਲਾ, ਸੁਰਮੁਖ ਸਿੰਘ ਕੰਗ, ਹੈਪੀ ਮੁੰਡੀ, ਰਾਜ ਸੰਧੂ, ਸੁਖਦੇਵ ਸਿੰਘ ਗਰਚਾ, ਵਿਨੀਤ ਗੁਪਤਾ, ਪੰਮਾ ਢਿੱਲਵਾਂ, ਸਿਮਰਨਜੀਤ ਮੱਲ੍ਹੀ, ਗੁਰਨੇਕ ਸਿੰਘ, ਸੁਰਿੰਦਰ ਚੀਮਾ, ਸੁਰਿੰਦਰਪਾਲ ਤੇ ਗੋਲਡੀ ਮੁੰਡੀ ਨੇ ਮੇਲੇ ਦੇ ਪ੍ਰਬੰਧਾਂ ਵਿੱਚ ਅਹਿਮ ਭੂਮਿਕਾ ਨਿਭਾਈ। ਸ਼ੇਰ-ਏ-ਪੰਜਾਬ ਸੁਸਾਇਟੀ ਨੇ ਮੇਲੇ ਨੂੰ ਕਾਮਯਾਬ ਬਣਾਉਣ ਲਈ ਆਏ ਮਹਿਮਾਨਾਂ, ਸਪਾਂਸਰਾਂ ਤੇ ਖਿਡਾਰੀਆਂ ਦਾ ਧੰਨਵਾਦ ਕੀਤਾ ਹੈ।

**ਤਸਵੀਰਾਂ: ਹਰਜਸ ਮੀਡੀਆ**






















# ਇੱਕ ਟੈਲੀਫੋਨ ਕਾਲ ਨੇ ਬਦਲੀ ਮਹਿੰਦਰ ਸਿੰਘ ਗਿੱਲ ਦੀ ਸਿਆਸੀ ਤਕਦੀਰ

## ਸਿਆਸਤ ਦਾ ਪਿੜ

ਗੁਰਪ੍ਰੀਤ ਸਿੰਘ ਮੰਡਿਆਣੀ
ਫੋਨ: +91-8872664000



35 ਸਾਲ ਦੀ ਉਮਰ ਵਿੱਚ ਹੀ ਲੋਕ ਸਭਾ ਦੀ ਮੈਂਬਰੀ ਜਿੱਤਣ ਵਾਲੇ ਤੇ 40 ਸਾਲ ਦੀ ਛੋਟੀ ਜਿਹੀ ਉਮਰੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਪ੍ਰਧਾਨਗੀ ਨੂੰ ਹੱਥ ਪਾਉਣ ਵਾਲੇ ਮਹਿੰਦਰ ਸਿੰਘ ਗਿੱਲ ਚੰਡੀਗੜ੍ਹ ਵਿੱਚ 84 ਸਾਲ ਦੀ ਉਮਰੇ ਫੌਤ ਹੋ ਗਏ ਸਨ। ਯਕ-ਲਖਤ ਸਿਆਸੀ ਚੜ੍ਹਾਈ ਕਰਨ ਤੋਂ ਬਾਅਦ ਉਹ 41 ਸਾਲ ਦੀ ਉਮਰ ਵਿੱਚ ਹੀ ਪੰਜਾਬ ਵਿੱਚ ਸਿਆਸੀ ਮੰਜ਼ਰ 'ਚੋਂ ਗਾਇਬ ਹੋ ਗਏ। 14 ਸਾਲ ਦੇ ਸਿਆਸੀ ਬਨਵਾਸ ਕੱਟਣ ਤੋਂ ਬਾਅਦ ਉਨ੍ਹਾਂ ਨੂੰ 1992 ਵਿੱਚ ਜਾ ਕੇ ਮੁੜ ਸਿਆਸੀ ਸਾਹ ਆਇਆ। ਪੰਜਾਬ ਦੀ ਸਿਆਸਤ ਵਿੱਚੋਂ ਆਉਣ ਅਤੇ ਮੁੜ ਪ੍ਰਗਟ ਹੋਣ ਦਾ ਕਿੱਸਾ ਵੀ ਕਾਫੀ ਦਿਲਚਸਪ ਹੈ। ਮਹਿੰਦਰ ਸਿੰਘ ਗਿੱਲ 1971 ਦੀ ਆਮ ਚੋਣ ਮੌਕੇ ਅਕਾਲੀ ਦਲ ਦੇ ਸਿਟਿੰਗ ਮੈਂਬਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ ਨੂੰ ਹਰਾ ਕੇ ਐਮ.ਪੀ. ਬਣੇ। ਇੰਦਰਾ ਗਾਂਧੀ ਪ੍ਰਧਾਨ ਮੰਤਰੀ ਸਨ ਤੇ ਉਨ੍ਹਾਂ ਨੇ 1975 ਵਿੱਚ ਦੇਸ਼ 'ਚ ਐਮਰਜੈਂਸੀ ਲਾ ਕੇ ਅਥਾਹ ਤਾਕਤ ਆਪਣੇ ਹੱਥ 'ਚ ਕਰ ਲਈ ਸੀ। ਇੰਦਰਾ ਗਾਂਧੀ ਦਾ ਛੋਟਾ ਪੁੱਤਰ ਸੰਜੇ ਗਾਂਧੀ ਭਾਵੇਂ ਕੋਈ ਐਮ.ਐਲ.ਏ., ਐਮ.ਪੀ. ਨਹੀਂ ਸੀ ਬਣਿਆ, ਪਰ ਪ੍ਰਧਾਨ ਮੰਤਰੀ ਨੇ ਉਹਨੂੰ ਆਪਣਾ ਸਿਆਸੀ ਵਾਰਸ ਬਣਾਉਣ ਦੀ ਗਰਜ਼ ਨਾਲ ਪ੍ਰਧਾਨ ਮੰਤਰੀ ਅਤੇ ਕਾਂਗਰਸ ਪ੍ਰਧਾਨ ਦੀ ਪੂਰੀ ਤਾਕਤ ਇਸਤੇਮਾਲ ਕਰਨ ਦੀ ਸੰਜੇ ਗਾਂਧੀ ਨੂੰ ਛੁੱਟੀ ਦਿੱਤੀ ਹੋਈ ਸੀ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਨਿਰੰਜਣ ਸਿੰਘ ਤਾਲਿਬ ਦੀ 1976 'ਚ ਫੌਤਗੀ ਤੋਂ ਬਾਅਦ ਸੰਜੇ ਗਾਂਧੀ ਦੀ ਮਨਸ਼ਾ ਮੁਤਾਬਿਕ ਮਹਿੰਦਰ ਸਿੰਘ ਗਿੱਲ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਥਾਪਿਆ ਗਿਆ। ਉਨ੍ਹੀਂ ਦਿਨੀਂ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਸੀ ਤੇ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਸਨ। ਆਮ ਤੌਰ 'ਤੇ ਮੁੱਖ ਮੰਤਰੀ ਕੋਲ ਹੀ ਸੱਤਾ ਦਾ ਚਾਬੁਕ ਹੁੰਦਾ ਹੈ, ਪਰ ਸੰਜੇ ਗਾਂਧੀ ਦੀ ਸਰਪ੍ਰਸਤੀ ਕਰਕੇ ਮਹਿੰਦਰ ਸਿੰਘ ਗਿੱਲ ਦੀ ਵੱਧ ਚੜ੍ਹਤ ਸੀ। ਇਸ ਗੱਲ ਦਾ ਜਾਹਿਰਾ ਸਬੂਤ 1 ਅਪ੍ਰੈਲ 1976 ਨੂੰ ਜੱਗ ਜਾਹਰ ਹੋਇਆ। ਇਸ ਦਿਨ ਸੰਜੇ ਗਾਂਧੀ ਨੇ ਪੰਜਾਬ ਦਾ ਦੌਰਾ ਕੀਤਾ। ਲੁਧਿਆਣਾ ਤੋਂ ਲੈ ਕੇ ਫਿਰੋਜ਼ਪੁਰ ਜਿਲ੍ਹੇ ਦੇ ਫੇਰੂ ਸ਼ਹਿਰ ਤੱਕ ਉਨ੍ਹਾਂ ਨੇ ਲਗਭਗ 100 ਕਿਲੋਮੀਟਰ ਦਾ ਸਫਰ ਖੁੱਲ੍ਹੀ ਗੱਡੀ ਵਿੱਚ ਕੀਤਾ। ਇਹ ਸਿਰਫ਼ ਸਫ਼ਰ ਹੀ ਨਹੀਂ ਸੀ ਬਲਕਿ ਇੱਕ ਜਲੂਸ ਸੀ ਜੀਹਦੇ ਵਿੱਚ ਸੰਜੇ ਗਾਂਧੀ ਨੇ ਪੰਜਾਬ ਦੇ ਲੋਕਾਂ ਨੂੰ ਖੁੱਲ੍ਹਾ ਇਸ਼ਾਰਾ ਕੀਤਾ ਕਿ ਮੇਰੀਆਂ ਨਜ਼ਰਾਂ ਵਿੱਚ ਮਹਿੰਦਰ ਸਿੰਘ ਗਿੱਲ ਦੀ ਅਹਿਮੀਅਤ ਮੁੱਖ ਮੰਤਰੀ ਜ਼ੈਲ ਸਿੰਘ ਤੋਂ ਵੱਧ ਹੈ। ਜਲੂਸ ਦੀ ਸੱਭ ਤੋਂ ਮੂਹਰਲੀ ਖੁੱਲ੍ਹੀ ਗੱਡੀ ਵਿੱਚ ਸੰਜੇ ਗਾਂਧੀ ਖੜ੍ਹਾ ਸੀ ਤੇ ਉਹਦੇ ਨਾਲ ਮਹਿੰਦਰ ਸਿੰਘ ਗਿੱਲ ਖੜ੍ਹਾ ਸੀ। ਮੁੱਖ ਮੰਤਰੀ ਜ਼ੈਲ ਸਿੰਘ ਦਾ ਮਗਰਲੀ ਗੱਡੀ ਵਿੱਚ ਹੋਣਾ ਇਸ ਗੱਲ ਦੀ ਕਸਰ ਬਾਕੀ ਨਹੀਂ ਸੀ ਛੱਡ ਰਿਹਾ ਕਿ ਪਾਰਟੀ ਹਾਈ ਕਮਾਂਡ ਦੀਆਂ ਨਜ਼ਰਾਂ 'ਚ ਮਹਿੰਦਰ ਸਿੰਘ ਗਿੱਲ ਮੁੱਖ ਮੰਤਰੀ ਤੋਂ ਉੱਤੇ ਹੈ।

ਜ਼ਿਕਰਯੋਗ ਹੈ ਕਿ ਉਨ੍ਹਾਂ ਦਿਨਾਂ ਵਿੱਚ ਸੰਜੇ ਗਾਂਧੀ ਹੀ ਸਰਕਾਰ ਅਤੇ ਪਾਰਟੀ ਵਿੱਚ ਆਲ-ਇਨ-ਆਲ ਸੀ। ਲੁਧਿਆਣਾ-ਫਿਰੋਜ਼ਪੁਰ ਰੋਡ 'ਤੇ ਜੌੜੀਆਂ ਨਹਿਰਾਂ ਕੋਲ ਫਿਰੋਜਸ਼ਾਹ ਦੇ ਮੁਕਾਮ 'ਤੇ ਸੰਜੇ ਗਾਂਧੀ ਨੇ ਐਂਗਲੋ ਸਿੱਖ ਵਾਰ ਮਿਊਜ਼ੀਅਮ ਦਾ ਉਦਘਾਟਨ ਕੀਤਾ ਸੀ, ਜੋ ਕਿ ਮਹਿੰਦਰ ਸਿੰਘ ਗਿੱਲ ਦੇ ਲੋਕ ਸਭਾ ਹਲਕੇ 'ਚ ਪੈਂਦਾ ਸੀ। ਇਹ ਤੋਂ ਅਗਾਂਹ ਸੰਜੇ ਗਾਂਧੀ ਨੇ ਅੰਮ੍ਰਿਤਸਰ ਤੱਕ ਵੀ ਇਵੇਂ ਹੀ ਜਲੂਸ ਕੱਢਿਆ ਸੀ। ਇਹ ਦਿਨ ਮਹਿੰਦਰ ਸਿੰਘ ਗਿੱਲ ਦੇ ਸਿਆਸੀ ਜੀਵਨ ਦੀ ਸਿਖਰ ਦੁਪਹਿਰ ਹੋ ਨਿਬੜਿਆ। 16 ਮਾਰਚ 1977 'ਚ ਨੂੰ ਹੋਈ ਲੋਕ ਸਭਾ ਇਲੈਕਸ਼ਨ ਵਿੱਚ ਮਹਿੰਦਰ ਸਿੰਘ ਗਿੱਲ ਮੁੜ ਫਿਰੋਜ਼ਪੁਰ ਲੋਕ ਸਭਾ ਹਲਕੇ ਤੋਂ ਕਾਂਗਰਸ ਦੀ ਉਮੀਦਵਾਰ ਬਣੇ। ਇਸ ਚੋਣ ਵਿੱਚ ਕਾਂਗਰਸ ਦੀ ਹਮਾਇਤ ਕਰਨ ਵਾਲੀ ਸੀ.ਪੀ.ਆਈ. ਨੇ ਵੀ ਮਹਿੰਦਰ ਸਿੰਘ ਗਿੱਲ ਦੇ ਖਿਲਾਫ ਆਪਣਾ ਸੂਬਾਈ ਪ੍ਰਧਾਨ (ਸੂਬਾ ਸੈਕਟਰੀ) ਅਵਤਾਰ ਸਿੰਘ ਮਲਹੋਤਰਾ ਨੂੰ ਗਿੱਲ ਦੀਆਂ ਵੋਟਾਂ ਤੋੜਨ ਖਾਤਰ ਖੜ੍ਹਾ ਕੀਤਾ, ਜੋ ਕਿ 50 ਹਜਾਰ ਵੋਟਾਂ ਤੋੜ ਗਿਆ। ਸੀ.ਪੀ.ਆਈ. ਨੇ ਆਲ ਇੰਡੀਆ ਪੱਧਰ 'ਤੇ ਕਾਂਗਰਸ ਨਾਲ ਰਲ ਕੇ ਚੋਣ ਲੜੀ ਸੀ, ਪਰ ਕਈ ਥਾਂਵਾਂ 'ਤੇ ਸੰਜੇ ਗਾਂਧੀ ਦੇ ਉਮੀਦਵਾਰਾਂ ਦੀ ਮੁਖਾਲਫਤ ਕਰਨ ਬਹਾਨੇ ਆਪਣੇ ਬੰਦੇ ਖੜ੍ਹੇ ਕੀਤੇ ਸਨ। ਇਹ ਵੀ ਸੁਣਨ 'ਚ ਆਉਂਦਾ ਸੀ ਕਿ ਅਵਤਾਰ ਸਿੰਘ ਮਲਹੋਤਰਾ ਨੂੰ ਮੁੱਖ ਮੰਤਰੀ ਜ਼ੈਲ ਸਿੰਘ ਦੀ ਹੱਲਾਸ਼ੇਰੀ ਸੀ। ਇਸ ਸਭ ਕਾਸੇ ਦੇ ਬਾਵਜੂਦ ਮਹਿੰਦਰ ਸਿੰਘ ਗਿੱਲ ਦੀਆਂ ਵੋਟਾਂ ਅਕਾਲੀ ਉਮੀਦਵਾਰ ਮਹਿੰਦਰ ਸਿੰਘ ਸਾਈਂਆਵਾਲੇ ਨਾਲੋਂ ਵੱਧ ਨਿਕਲੀਆਂ, ਪਰ ਸ. ਗਿੱਲ ਨੂੰ ਧੱਕੇ ਨਾਲ ਹਰਾਇਆ ਗਿਆ। ਗਿਣਤੀ ਮੌਕੇ ਅਕਾਲੀ ਦਲ ਦੇ ਤੇਜ ਤਰਾਰ ਆਗੂ ਤੇ ਸ. ਗਿੱਲ ਹੱਥੋਂ ਪਿਛਲੀ ਚੋਣ ਹਾਰ ਚੁੱਕੇ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ ਨੇ ਵੀ ਗਿਣਤੀ ਕੇਂਦਰਾਂ 'ਤੇ ਪਹੁੰਚ ਕੇ ਗਿੱਲ ਨੂੰ ਹਰਾਉਣ 'ਚ ਆਪਣਾ ਰੋਲ ਨਿਭਾਇਆ ਸੁਣਦੇ ਹੁੰਦੇ ਸੀ।

ਵੋਟਾਂ ਦੀ ਗਿਣਤੀ 20 ਮਾਰਚ 1977 ਨੂੰ 9 ਕੇਂਦਰਾਂ 'ਤੇ ਸ਼ੁਰੂ ਹੋਈ। ਲੋਕ ਸਭਾ ਹਲਕੇ ਵਿੱਚ ਪੈਂਦੇ ਸਾਰੇ 9 ਵਿਧਾਨ ਸਭਾ ਹਲਕਿਆਂ ਦੀ ਹੋਈ ਗਿਣਤੀ ਵਿੱਚ ਮਹਿੰਦਰ ਸਿੰਘ ਗਿੱਲ ਦੀਆਂ ਵੋਟਾਂ ਵਿੱਚ ਆਪਣੇ ਨੇੜਲੇ ਵਿਰੋਧੀ ਤੋਂ 1900 ਵੱਧ ਨਿਕਲੀਆਂ। 21 ਮਾਰਚ ਦੁਪਹਿਰ ਤਿੰਨ ਵਜੇ ਡਾਕ ਰਾਹੀਂ ਆਈਆਂ 769 ਵੋਟਾਂ ਦੀ ਗਿਣਤੀ ਰਿਟਰਨਿੰਗ ਅਫ਼ਸਰ-ਕਮ ਡੀ.ਸੀ. ਫਿਰੋਜ਼ਪੁਰ ਦੇ ਦਫ਼ਤਰ ਵਿੱਚ ਸ਼ੁਰੂ ਹੋਈ ਤਾਂ ਅਚਾਨਕ ਹੀ ਇੱਕ ਵੱਡੀ ਭੀੜ ਨੇ ਅੰਦਰ ਜਾ ਕੇ ਖਰੂਦ ਪਾ ਦਿੱਤਾ। ਦਫ਼ਤਰ ਦੀ ਭੰਨ ਤੋੜ ਕੀਤੀ, ਚੋਣ ਅਮਲਾ ਕੁੱਟਿਆ ਤੇ ਡਾਕ ਰਾਹੀਂ ਆਏ ਬੈਲਟ ਪੇਪਰ ਪਾੜ ਦਿੱਤੇ। ਪੁਲਿਸ ਨੇ ਭੀੜ ਨੂੰ ਰੋਕਣ ਖਾਤਰ ਕੋਈ ਖਾਸ ਤਰੱਦਦ ਨਾ ਕੀਤਾ। ਗਿੱਲ ਦੀ ਮੁੱਖ ਮੰਤਰੀ ਨਾਲ ਵਿਗੜੀ ਹੋਣ ਦਾ ਪੂਰਾ ਅਸਰ ਦਿਖਾਈ ਦੇ ਰਿਹਾ ਸੀ। ਇਹੀ ਕੁਝ ਫਾਜ਼ਿਲਕਾ ਵਿੱਚ ਹੋਇਆ। ਫਾਜ਼ਿਲਕਾ ਵਿਧਾਨ ਸਭਾ ਹਲਕੇ ਵਿੱਚ ਵੋਟਾਂ ਦੀ ਗਿਣਤੀ ਹੋਣ ਤੋਂ ਬਾਅਦ ਬੈਲਟ ਬਾਕਸ ਸਟਰੌਂਗ ਵਿੱਚ ਜਮ੍ਹਾਂ ਕਰਾ ਦਿੱਤੇ ਗਏ ਸਨ ਤੇ ਮਹਿੰਦਰ ਸਿੰਘ ਗਿੱਲ ਦੀਆਂ ਇੱਥੋਂ ਕਾਫੀ ਵੋਟਾਂ ਵਧ ਗਈਆਂ ਸਨ। ਭੀੜ ਨੇ ਸਟਰੌਂਗ ਰੂਮ 'ਤੇ ਜਾ ਕੇ ਹਮਲਾ ਕੀਤਾ ਤੇ ਸਟਰੌਂਗ ਰੂਮ ਵਿੱਚ ਅੱਗ ਲਾ ਦਿੱਤੀ।

ਚੋਣ ਕਮਿਸ਼ਨ ਨੇ ਸਾਰੇ ਲੋਕ ਸਭਾ ਹਲਕੇ ਵਿੱਚ ਮੁੜ ਵੋਟਾਂ ਪਾਉਣ ਦਾ ਹੁਕਮ ਦੇ ਦਿੱਤਾ। ਮਹਿੰਦਰ ਸਿੰਘ ਗਿੱਲ ਨੇ ਇਸ ਫੈਸਲੇ ਨੂੰ ਧੱਕਾ ਕਰਾਰ ਦਿੱਤਾ। ਉਨ੍ਹਾਂ ਦਾ ਤਰਕ ਸੀ ਕਿ ਲੋਕ ਸਭਾ ਹਲਕੇ 'ਚ ਸਾਰੇ 9 ਵਿਧਾਨ ਸਭਾ ਹਲਕਿਆਂ ਵਿੱਚ ਪੁਰ ਅਮਨ ਗਿਣਤੀ ਮੁਕੰਮਲ ਹੋਣ ਤੋਂ ਬਾਅਦ ਸਾਰੇ ਸਹਾਇਕ ਰਿਟਰਨਿੰਗ ਅਫ਼ਸਰਾਂ ਨੇ ਆਪੋ ਆਪਣੇ ਵਿਧਾਨ ਸਭਾ ਹਲਕੇ ਦੀ ਰਿਜ਼ਲਟ ਸ਼ੀਟ ਰਿਟਰਨਿੰਗ ਅਫ਼ਸਰ ਕੋਲ ਜਮ੍ਹਾਂ ਜਦੋਂ ਕਰਵਾ ਦਿੱਤੀ ਸੀ ਤਾਂ ਉਸ ਤੋਂ ਮਗਰੋਂ ਹੋਈ ਗੜਬੜ ਵਾਲਾ ਬਹਾਨਾ ਬੇਤੁਕਾ ਹੈ। ਸਾਰੇ ਵਿਧਾਨ ਸਭਾ ਹਲਕਿਆਂ ਦੀਆਂ ਵੋਟਾਂ ਦਾ ਟੋਟਲ ਵੀ ਰਿਟਰਨਿੰਗ ਅਫਸਰ (ਡੀ.ਸੀ.) ਨੇ ਕਰ ਲਿਆ ਸੀ, ਜਿਸ ਮੁਤਾਬਿਕ ਸ. ਗਿੱਲ ਨੂੰ 1 ਲੱਖ 96 ਹਜ਼ਾਰ ਤੇ 16 ਵੋਟਾਂ, ਜਦਕਿ ਅਕਾਲੀ ਉਮੀਦਵਾਰ ਨੂੰ 1 ਲੱਖ 94 ਹਜ਼ਾਰ ਤੇ 95 ਵੋਟਾਂ ਮਿਲੀਆਂ ਤਸਦੀਕ ਹੋਈਆਂ ਸਨ। ਜੇ ਸਾਰੇ ਦੇ ਸਾਰੇ 769 ਡਾਕ ਬੈਲਟ ਪੇਪਰ ਉਨ੍ਹਾਂ ਦੇ ਖਿਲਾਫ ਵੀ ਮੰਨ ਲਏ ਜਾਣ ਤਾਂ ਵੀ ਉਹ ਨਤੀਜੇ 'ਤੇ ਕੋਈ ਅਸਰ ਨਹੀਂ ਸੀ ਪਾ ਸਕਦੇ।



■ ਮਹਿੰਦਰ ਸਿੰਘ ਗਿੱਲ

ਫਾਜ਼ਿਲਕਾ ਹਲਕੇ ਦੀ ਜਦੋਂ ਰਿਜ਼ਲਟ ਸ਼ੀਟ ਰਿਟਰਨਿੰਗ ਅਫ਼ਸਰ ਕੋਲ ਪਹੁੰਚ ਚੁੱਕੀ ਸੀ ਤਾਂ ਬਾਅਦ ਵਿੱਚ ਬੈਲਟ ਬਕਸਿਆਂ ਨੂੰ ਅੱਗ ਲੱਗਣ ਦੇ ਕੋਈ ਮਾਈਨੇ ਨਹੀਂ ਰਹਿ ਜਾਂਦੇ। ਰਿਟਰਨਿੰਗ ਅਫ਼ਸਰ ਨੂੰ ਜਿੱਤ ਦਾ ਐਲਾਨ ਕਰਨਾ ਚਾਹੀਦਾ ਸੀ। ਰੋਸ ਵਜੋਂ ਸ. ਗਿੱਲ ਨੇ ਅਪ੍ਰੈਲ 1977 ਨੂੰ ਸਮੁੱਚੇ ਲੋਕ ਸਭਾ ਹਲਕੇ 'ਚ ਦੁਬਾਰਾ ਕਰਾਈ ਗਈ ਪੋਲਿੰਗ ਦਾ ਬਾਈਕਾਟ ਕੀਤਾ, ਜੀਹਦੇ 'ਚ ਅਕਾਲੀ ਉਮੀਦਵਾਰ ਮਹਿੰਦਰ ਸਿੰਘ ਸਾਂਈਂਆਵਾਲਾ ਜੇਤੂ ਰਹੇ। ਮਹਿੰਦਰ ਸਿੰਘ ਗਿੱਲ ਚੋਣ ਕਮਿਸਨ ਦੇ ਖਿਲਾਫ ਸੁਪਰੀਮ ਕੋਰਟ ਵਿੱਚ ਗਏ। ਸੁਪਰੀਮ ਕੋਰਟ ਨੇ ਸਮੁੱਚੇ ਲੋਕ ਸਭਾ ਹਲਕੇ 'ਚ ਦੁਬਾਰਾ ਹੋਈ ਮੁੜ ਪੋਲਿੰਗ ਨੂੰ ਰੱਦ ਕਰ ਦਿੱਤਾ ਤੇ ਆਖਿਆ ਕਿ ਸਿਰਫ਼ ਫਾਜ਼ਿਲਕਾ ਵਿਧਾਨ ਸਭਾ ਹਲਕੇ ਵਿੱਚ ਦੁਬਾਰਾ ਪੋਲਿੰਗ ਕਰਾਈ ਜਾਵੇ। ਬਾਕੀ 8 ਵਿਧਾਨ ਸਭਾ ਹਲਕਿਆਂ ਦੀ ਗਿਣਤੀ 16 ਮਾਰਚ ਵਾਲੀ ਹੀ ਮੰਨੀ ਜਾਵੇ ਤੇ ਫਾਜ਼ਿਲਕਾ ਵਿੱਚ ਸਿਰਫ ਨਵੀਂ ਪੋਲਿੰਗ ਦੀ ਗਿਣਤੀ ਨੂੰ ਬਾਕੀ 8 ਹਲਕਿਆਂ ਦੀ ਪੁਰਾਣੀ ਗਿਣਤੀ ਵਿੱਚ ਜੋੜ ਕੇ ਰਿਜ਼ਲਟ ਐਲਾਨਿਆ ਜਾਵੇ। ਸੋ ਫਾਜਿਲਕਾ ਵਿੱਚ ਦੁਬਾਰਾ ਪੋਲਿੰਗ ਹੋਈ, ਉਦੋਂ ਤੱਕ ਸਿਆਸੀ ਹਾਲਾਤ ਬਦਲ ਚੁੱਕੇ ਸਨ।

ਪੰਜਾਬ ਵਿੱਚ ਪ੍ਰਕਾਸ਼ ਸਿੰਘ ਬਾਦਲ ਵਾਲੀ ਅਕਾਲੀ-ਜਨਤਾ ਪਾਰਟੀ ਦੀ ਸਰਕਾਰ ਕਾਇਮ ਹੋ ਚੁੱਕੀ ਸੀ ਤੇ ਹਰਿਆਣਾ ਵਿੱਚ ਵੀ ਜਨਤਾ ਪਾਰਟੀ ਦੀ ਸਰਕਾਰ ਬਣ ਗਈ ਸੀ, ਜਿਸ ਵਿੱਚ ਬਿਸ਼ਨੋਈ ਬਰਾਦਰੀ ਨਾਲ ਸਬੰਧਤ ਭਜਨ ਲਾਲ ਸਹਿਕਾਰਤਾ ਮੰਤਰੀ ਸੀ। ਫਾਜ਼ਿਲਕਾ ਹਲਕੇ ਵਿੱਚ ਵੱਡੀ ਗਿਣਤੀ ਵਿੱਚ ਬਿਸ਼ਨੋਈ ਵੋਟਰ ਹੋਣ ਕਰਕੇ ਸ. ਬਾਦਲ ਨੇ ਭਜਨ ਲਾਲ ਨੂੰ ਵੀ ਅਕਾਲੀ ਉਮੀਦਵਾਰ ਦੇ ਹੱਕ ਵਿੱਚ ਚੋਣ ਪ੍ਰਚਾਰ ਲਈ ਸੱਦਿਆ ਸੀ। ਸੋ ਇੱਥੋਂ ਮਹਿੰਦਰ ਸਿੰਘ ਗਿੱਲ ਦੀਆਂ ਵੋਟਾਂ ਬਹੁਤ ਘੱਟ ਗਈਆਂ। ਜਦੋਂ ਇਨ੍ਹਾਂ ਨੂੰ ਬਾਕੀ 8 ਵਿਧਾਨ ਸਭਾ ਹਲਕਿਆਂ ਦੀਆਂ ਪਹਿਲੀਆਂ ਵੋਟਾਂ ਨਾਲ ਜੋੜ ਕੇ ਦੇਖਇਆ ਗਿਆ ਤਾਂ ਕੁੱਲ ਮਿਲਾ ਕੇ ਗਿੱਲ ਦੀਆਂ ਵੋਟਾਂ ਘੱਟ ਗਈਆਂ ਤੇ ਅਕਾਲੀ ਉਮੀਦਵਾਰ ਨੂੰ ਜੇਤੂ ਕਰਾਰ ਦਿੱਤਾ ਗਿਆ।

1977 'ਚ ਹੋਈ ਲੋਕ ਸਭਾ ਚੋਣ ਦੌਰਾਨ ਇੰਦਰਾ ਗਾਂਧੀ ਤੇ ਸੰਜੇ ਗਾਂਧੀ ਸਣੇ ਸਾਰੀ ਕਾਂਗਰਸ ਪਾਰਟੀ ਚੋਣ ਹਾਰ ਗਈ ਸੀ ਤੇ ਜਨਤਾ ਪਾਰਟੀ ਸਰਕਾਰ ਬਣ ਗਈ ਸੀ। ਅੰਮ੍ਰਿਤਸਰ ਤੋਂ ਲੈ ਕੇ ਕਲਕੱਤੇ ਤੱਕ ਕਾਂਗਰਸ ਨੂੰ ਇੱਕ ਵੀ ਸੀਟ ਹਾਸਲ ਨਹੀਂ ਸੀ ਹੋਈ। ਅਜਿਹੇ ਹਾਲਾਤ ਵਿੱਚ ਮਹਿੰਦਰ ਸਿੰਘ ਗਿੱਲ ਦਾ ਚੋਣ ਵਿੱਚ ਆਪਣੇ ਵਿਰੋਧੀ ਉਮੀਦਵਾਰ ਤੋਂ ਵੱਧ ਵੋਟਾਂ ਲੈ ਜਾਣਾ ਮਾਅਨੇ-ਖੇਜ ਸੀ। ਕਾਂਗਰਸ ਪਾਰਟੀ ਨੇ ਇਸ ਹਾਰ ਲਈ ਇੰਦਰਾ ਗਾਂਧੀ ਨੂੰ ਜ਼ਿੰਮੇਵਾਰ ਕਰਾਰ ਦੇ ਕੇ ਦਰ-ਕਿਨਾਰ ਕਰਨਾ ਸ਼ੁਰੂ ਕਰ ਦਿੱਤਾ। 1978 'ਚ ਇੰਦਰਾ ਗਾਂਧੀ ਨੇ ਆਪਣੀ ਵੱਖਰੀ ਪਾਰਟੀ ਬਣਾ ਕੇ ਇਹਦਾ ਨਾਂ ਕਾਂਗਰਸ (ਇੰਦਰਾ) ਰੱਖ ਲਿਆ। ਮਹਿੰਦਰ ਸਿੰਘ ਗਿੱਲ ਇੰਦਰਾ ਵਾਲੀ ਕਾਂਗਰਸ ਵਿੱਚ ਨਾ ਗਏ। ਇੰਦਰਾ ਕਾਂਗਰਸ ਦੀ ਚੜ੍ਹਤ ਹੋ ਗਈ ਤੇ ਉਹ 1980 'ਚ ਮੁੜ ਸੱਤਾ 'ਚ ਆ ਗਈ। ਮੁੱਖ ਕਾਂਗਰਸ ਸਿਆਸੀ ਤੌਰ 'ਤੇ ਖਤਮ ਹੋ ਗਈ ਤੇ ਨਤੀਜੇ ਵਜੋਂ ਮਹਿੰਦਰ ਸਿੰਘ ਗਿੱਲ ਵੀ ਸਿਆਸੀ ਤੌਰ 'ਤੇ ਲੋਪ ਹੋ ਗਏ।

ਹੁਣ ਗੱਲ ਕਰੀਏ ਉਸ ਦਿਲਚਸਪ ਕਿੱਸੇ ਦੀ ਜਦੋਂ ਇੱਕ ਟੈਲੀਫੋਨ ਕਾਲ ਨੇ ਉਨ੍ਹਾਂ ਦਾ ਸਿਆਸੀ ਬਨਵਾਸ ਤੋੜਿਆ। ਇਹ ਗੱਲ 1992 ਦੀ ਹੈ, ਜਦੋਂ ਪੰਜਾਬ ਵਿੱਚ ਬਾਈਕਾਟ ਵਾਲੀ ਵਿਧਾਨ ਸਭਾ ਚੋਣ ਹੋਈ। ਮਹਿੰਦਰ ਸਿੰਘ ਗਿੱਲ ਆਪਣੇ ਪੁਰਾਣੇ ਸਿਆਸੀ ਰਿਸ਼ਤਿਆਂ ਦੀ ਬਦੌਲਤ ਬਨੂੜ ਹਲਕੇ ਤੋਂ ਟਿਕਟ ਲੈ ਆਏ। ਉਸ ਮੌਕੇ ਖੜਕੂਵਾਦ ਦੀ ਵਜਾਹ ਕਰਕੇ ਹਰੇਕ ਬੰਦਾ ਚੋਣ ਲੜਨ ਤੋਂ ਡਰਦਾ ਸੀ। 1991 ਵਾਲੀ ਰੱਦ ਹੋਈ ਚੋਣ 'ਚ ਕਾਂਗਰਸ ਨੇ ਬਾਈਕਾਟ ਕੀਤਾ ਸੀ ਅਤੇ ਅਕਾਲੀ ਦਲ ਨੇ ਚੋਣ ਲੜੀ ਸੀ। ਅਕਾਲੀ ਦਲ ਸਮੇਤ ਹੋਰ ਦਰਜਨਾਂ ਉਮੀਦਵਾਰਾਂ ਦਾ ਖਾੜਕੂਆਂ ਨੇ ਕਤਲ ਕਰ ਦਿੱਤਾ ਸੀ। ਐਤਕੀਂ ਅਕਾਲੀ ਦਲ ਦਾ ਬਾਈਕਾਟ ਸੀ ਤੇ ਕਾਂਗਰਸ ਚੋਣ ਲੜ ਰਹੀ ਸੀ। ਖਾੜਕੂਆਂ ਨੇ ਚੋਣ ਲੜਨ ਵਾਲੇ ਉਮੀਦਵਾਰਾਂ ਅਤੇ ਵੋਟਾਂ ਪਾਉਣ ਵਾਲੀਆਂ 'ਤੇ ਹਮਲਿਆਂ ਦੀ ਚੇਤਾਵਨੀ ਦਿੱਤੀ ਹੋਈ ਸੀ। ਇਸ ਹਾਲਾਤ ਵਿੱਚ ਟਿਕਟ ਹਾਸਲ ਕਰਨ ਖਾਤਰ ਕੋਈ ਖਾਸ ਤਰੱਦਦ ਨਹੀਂ ਸੀ ਕਰਨਾ ਪਿਆ, ਬਲਕਿ ਕਈ ਥਾਂਈਂ ਤਾਂ ਬਹੁਤ ਜੋਰ ਪਾ ਕੇ ਉਮੀਦਵਾਰਾਂ ਨੂੰ ਕਾਂਗਰਸ ਦਾ ਟਿਕਟ ਲੈਣ ਲਈ ਮਨਾਇਆ ਗਿਆ। ਇਸ ਹਾਲਾਤ 'ਚ ਟਿਕਟ ਤਾਂ ਸੁਖਾਲਾ ਮਿਲ ਗਿਆ, ਪਰ ਅਗਾਂਹ ਦੀ ਰਾਹ ਮਹਿੰਦਰ ਸਿੰਘ ਗਿੱਲ ਵਾਸਤੇ ਔਖੀ ਸੀ। ਬਨੂੜ ਹਲਕਾ ਉਨ੍ਹਾਂ ਦੇ ਆਪਣੇ ਹਲਕੇ ਤੋਂ 250 ਕਿਲੋਮੀਟਰ ਦੂਰ ਪੰਜਾਬ ਦੇ ਦੂਜੇ ਸਿਰੇ 'ਤੇ ਪੈਂਦਾ ਹੋਣ ਕਰਕੇ ਉਨ੍ਹਾਂ ਦੀ ਨਾ ਕੋਈ ਜਾਣ-ਪਛਾਣ ਸੀ ਅਤੇ ਨਾ ਕੋਈ ਰਿਸ਼ਤੇਦਾਰੀ ਸੀ। ਪਾਰਟੀ ਵੱਲੋਂ ਕੋਈ ਚੋਣ ਮੁਹਿੰਮ ਨਹੀਂ ਸੀ ਤੇ ਸਾਰਾ ਕੰਮ ਉਮੀਦਵਾਰ ਨੂੰ ਖੁਦ ਹੀ ਕਰਨਾ ਪੈਣਾ ਸੀ। ਟਿਕਟ ਲੈ ਕੇ ਚੰਡੀਗੜ੍ਹੋਂ ਹਲਕੇ ਵਿੱਚ ਵੜਨ ਤੋਂ ਪਹਿਲਾਂ ਉਨ੍ਹਾਂ ਨੂੰ ਕਿਸੇ ਨੇ ਦੱਸ ਪਾਈ ਸੀ ਕਿ ਹਲਕੇ ਇੱਕ ਵੱਡੇ ਪਿੰਡ ਲਾਲੜੂ ਮੰਡੀ ਵਿੱਚ ਇੱਕ ਪੈਟਰੋਲ ਪੰਪ ਦਾ ਮਾਲਕ ਲਾਲਾ ਵਾਸਦੇਵ ਕਾਂਗਰਸੀ ਹੈਗਾ, ਤੂੰ ਉਹਦੇ ਕੋਲ ਚਲਿਆ ਜਾਹ। ਸੋ ਉਨ੍ਹਾਂ ਦੀ ਚੋਣ ਮੁਹਿੰਮ ਦੀ ਸ਼ੁਰੂਆਤ ਇਉਂ ਸ਼ੁਰੂ ਹੋਈ।

ਮੁੱਖ ਅਕਾਲੀ ਦਲ ਭਾਵੇਂ ਬਾਈਕਾਟ ਸੀ, ਪਰ ਇੱਕ ਛੋਟਾ ਜਿਹਾ ਬਰਨਾਲਾ ਅਕਾਲੀ ਦਲ ਪੰਜਾਬ ਦੀਆਂ 5-7 ਸੀਟਾਂ 'ਤੇ ਚੋਣ ਲੜ ਰਿਹਾ ਸੀ। ਬਨੂੜ ਤੋਂ ਕੈਪਟਨ ਕੰਵਲਜੀਤ ਸਿੰਘ ਬਰਨਾਲਾ ਅਕਾਲੀ ਦਲ ਦੇ ਉਮੀਦਵਾਰ ਸਨ, ਜੋ ਕਾਂਗਰਸ ਅਤੇ ਮਹਿੰਦਰ ਸਿੰਘ ਦੇ ਮੁੱਖ ਵਿਰੋਧੀ ਉਮੀਦਵਾਰ ਸਨ। ਖਾੜਕੂਆਂ ਦੀ ਦਹਿਸ਼ਤ ਕਰਕੇ ਵੋਟਰਾਂ ਦੀ ਗਿਣਤੀ ਨਾਂ-ਮਾਤਰ ਹੋਣ ਦਾ ਅੰਦਾਜ਼ਾ ਸਰਕਾਰ ਨੂੰ ਸੀ। ਅਕਾਲੀ ਵੋਟਰਾਂ ਨੇ ਤਾਂ ਆਪਣੀ ਮਰਜੀ ਨਾਲ ਹੀ ਘਰੇ ਬੈਠਣਾ ਸੀ, ਜਦਕਿ ਦੂਜੇ ਵੋਟਰਾਂ ਨੇ ਦਹਿਸ਼ਤ ਕਰਕੇ ਪੋਲਿੰਗ ਬੂਥਾਂ 'ਤੇ ਨਹੀਂ ਸੀ ਆਉਣਾ, ਜੀਹਦੇ ਕਰਕੇ ਕੇਂਦਰ ਸਰਕਾਰ ਦੀ ਫਜੀਹਤ ਹੋਣੀ ਸੀ। ਵੋਟਰਾਂ ਦੀ ਗਿਣਤੀ ਵਧਾਉਣ ਲਈ ਚੋਣ ਅਮਲੇ ਨੂੰ ਹਦਾਇਤ ਸੀ ਕਿ ਜਿਹੜਾ ਮਰਜੀ ਵੋਟ ਪਾਉਣ ਆਵੇ, ਤੁਸੀ ਉਹਨੂੰ ਰੋਕਣਾ ਟੋਕਣਾ ਨਹੀਂ ਤੇ ਨਾ ਹੀ ਉਸ ਦੀ ਸ਼ਨਾਖਤ ਪੁੱਛਣੀ ਹੈ, ਬਸ ਵੋਟ ਪਰਚੀ ਉਹਦੇ ਹੱਥ 'ਚ ਫੜਾ ਦੇਣੀ ਹੈ।

ਮਹਿੰਦਰ ਸਿੰਘ ਗਿੱਲ ਆਪਣੀ ਜਿੱਤ ਬਾਬਤ ਇਸ ਅੰਦਾਜ਼ੇ ਕਰਕੇ ਆਸਵੰਦ ਸਨ ਕਿ ਅਕਾਲੀ ਵੋਟਰਾਂ ਨੇ ਤਾਂ ਘਰੋਂ ਵੋਟ ਪਾਉਣ ਨਿਕਲਣਾ ਨਹੀਂ, ਜਿੰਨੀਆਂ ਕੁ ਵੋਟਾਂ ਪਈਆਂ, ਉਹ ਕਾਂਗਰਸ ਦੀਆਂ ਹੀ ਹੋਣਗੀਆਂ। ਮਹਿੰਦਰ ਸਿੰਘ ਗਿੱਲ ਨੇ ਮੈਨੂੰ ਚੰਡੀਗੜ੍ਹ ਵਿਚਲੀ ਦੋ ਸੈਕਟਰ ਵਾਲੀ ਕੋਠੀ ਵਿੱਚ 1998 ਦੌਰਾਨ ਇਹ ਗੱਲ ਸੁਣਾਈ ਕਿ 1992 ਵਾਲੀ ਇਲੈਕਸ਼ਨ 'ਚ ਬਨੂੜ ਦੇ ਪੋਲਿੰਗ ਸਟੇਸ਼ਨ ਦੇ ਬਾਹਰ ਜਾ ਕੇ ਮੈਂ ਦੇਖਿਆ ਕਿ ਕੈਪਟਨ ਕੰਵਲਜੀਤ ਸਿੰਘ ਦੇ ਬੰਦੇ ਬੱਈਆਂ ਦੀਆਂ ਵੋਟਾਂ ਭੁਗਤਾ ਰਹੇ ਸਨ। ਦੋ ਟਰੱਕਾਂ ਵਿੱਚ ਉਨ੍ਹਾਂ ਨੇ ਬੱਈਏ ਭਰੇ ਹੋਏ ਸਨ, ਜੀਹਨਾ ਦਾ ਪ੍ਰੋਗਰਾਮ ਇਹ ਸੀ ਕਿ ਇੱਕ ਬੂਥ ਵਿੱਚ ਵੋਟਾਂ ਭੁਗਤਾ ਕੇ ਓਹੀ ਦੂਜੇ ਬੂਥਾਂ ਵਿੱਚ ਜਾ ਕੇ ਵੋਟਾਂ ਭੁਗਤਾ ਦੇਣ। ਕਿਉਂਕਿ ਰੋਕ ਟੋਕ ਕੋਈ ਨਹੀਂ ਸੀ ਤੇ ਇਹ ਵੀ ਹਦਾਇਤ ਸੀ ਕਿ ਜੇ ਕੋਈ ਉਂਗਲੀ 'ਤੇ ਨਿਸ਼ਾਨ ਲਵਾਉਣ ਤੋਂ ਮਨ੍ਹਾ ਕਰੇ ਤਾਂ ਨਿਸ਼ਾਨ ਨਾ ਲਾਇਆ ਜਾਵੇ।

ਮਹਿੰਦਰ ਸਿੰਘ ਗਿੱਲ ਨੇ ਦੱਸਿਆ ਸੀ ਕਿ ਮੈਨੂੰ ਜਿੱਤਣ ਦੀ ਉਮੀਦ ਖਤਮ ਹੁੰਦੀ ਜਾਪੀ। ਨਿਰਾਸ਼ ਹੋ ਕੇ ਮੈਂ ਬਨੂੜ-ਚੰਡੀਗੜ੍ਹ ਰੋਡ 'ਤੇ ਬੱਸ ਸਟਾਪ ਕੋਲ ਇੱਕ ਬੈਂਚ 'ਤੇ ਆ ਕੇ ਬੈਠ ਗਿਆ। ਸੜਕ ਦੇ ਦੂਜੇ ਪਾਰ ਮੈਨੂੰ ਇੱਕ ਟੈਲੀਫੋਨ ਪੀ.ਸੀ.ਓ. ਨਜ਼ਰ ਆਇਆ। ਮੇਰੇ ਕੋਲ ਪੰਜਾਬ ਸਰਕਾਰ ਦੀ ਸਰਕਾਰੀ ਟੈਲੀਫੋਨਾਂ ਵਾਲੀ ਡਾਇਰੀ ਸੀ। ਮੈਂ ਇੱਕ ਬੇਉਮੀਦਾ ਜਿਹਾ ਹੰਬਲਾ ਮਾਰਨ ਦੀ ਕੋਸ਼ਿਸ ਕੀਤੀ। ਪੀ.ਸੀ.ਓ. ਉਤੇ ਜਾ ਕੇ ਮੈਂ ਡੀ.ਜੀ.ਪੀ. ਪੰਜਾਬ ਦੀ ਰਿਹਾਇਸ਼ ਦਾ ਫੋਨ ਨੰਬਰ ਮਿਲਾਇਆ। ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਮੂਹਰਿਓਂ ਆਵਾਜ਼ ਆਈ, "ਮੈਂ ਕੇ.ਪੀ.ਐਸ. ਗਿੱਲ ਬੋਲਦਾ ਹਾਂ, ਦੱਸੋ ਕੀ ਪਰੌਬਲਮ ਹੈ?" ਮੈਂ ਜਵਾਬ ਦਿੱਤਾ, "ਗਿੱਲ ਸਾਹਿਬ, ਮੈਂ ਤੁਹਾਡਾ ਗੋਤੀ ਮਹਿੰਦਰ ਸਿੰਘ ਗਿੱਲ ਬੋਲਦਾ ਹਾਂ। ਅੱਜ ਤੁਹਾਡੇ ਗਿੱਲ ਭਰਾ ਦੀ ਜਿੱਤ-ਹਾਰ ਤੁਹਾਡੀ ਮੁੱਠੀ ਵਿੱਚ ਹੈ।" "ਹਾਂ ਹਾਂ ਦੱਸੋ ਕੀ ਚਾਹੁੰਦੇ ਹੋ?" ਡੀ.ਜੀ.ਪੀ. ਨੇ ਜਵਾਬ ਦਿੱਤਾ। ਮੈਂ ਕਿਹਾ, ਜਨਾਬ ਬਨੂੜ ਕਸਬੇ 'ਚ ਬੱਈਆਂ ਦੇ ਟਰੱਕ ਵੋਟਾਂ ਭੁਗਤਾ ਰਹੇ ਨੇ, ਜੇ ਇਹ ਟਰੱਕ ਰੋਕ ਦਿਓ ਤਾਂ ਮੈਂ ਜਿੱਤ ਸਕਦਾ ਹਾਂ। ਕੇ.ਪੀ.ਐਸ. ਗਿੱਲ ਨੇ ਮੇਰੀ ਗੱਲ ਅੱਧ ਵਿਚਾਲਿਓਂ ਬੁੱਚ ਕੇ ਕਿਹਾ, "ਹੁਣੇ ਲੈ, ਇਕੱਲੇ ਬਨੂੜ ਕਸਬੇ ਕੀ ਮੈਂ ਹੁਣੇ ਸਮੁੱਚੇ ਹਲਕੇ 'ਚ ਹੀ ਘੁੰਮ ਰਹੇ ਸਾਰੇ ਟਰੱਕ ਜਬਤ ਕਰਨ ਦਾ ਹੁਕਮ ਦੇ ਦਿੰਨਾਂ ਵਾਂ, ਇੰਨੇ ਨਾਲ ਸਰ ਜਊ?" ਮੈਂ ਕਿਹਾ, ਨਹੀਂ ਗਿੱਲ ਭਰਾਵਾ ਇੰਨਾ ਹੀ ਬਥੇਰਾ ਹੈ। ਦਸਾਂ ਮਿੰਟਾਂ 'ਚ ਪੁਲਿਸ ਟਰੱਕਾਂ ਨੂੰ ਘੇਰ ਕੇ ਠਾਣੇ ਲੈ ਗਈ। ਟਰੱਕ ਰੁਕਣ ਦਾ ਨਤੀਜਾ ਇਹ ਨਿਕਲਿਆ ਕਿ ਮੈਂ ਜਿੱਤ ਗਿਆ। ਇਹ ਮਹਿੰਦਰ ਸਿੰਘ ਗਿੱਲ ਵੱਲੋਂ ਨਵਾਂ ਸਿਆਸੀ ਜਨਮ ਲੈਣ ਦੀ ਕਹਾਣੀ ਹੈ, ਜਿਹੜੀ ਉਨ੍ਹਾਂ ਨੇ ਮੈਨੂੰ ਖੁਦ ਸੁਣਾਈ ਸੀ।

'ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ'

# ਵਜ਼ੀਰ ਖਾਨ

**"ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ" ਪੁਸਤਕ ਨੌਜਵਾਨ ਲੇਖਕ ਅਲੀ ਰਾਜਪੁਰਾ ਵਲੋਂ ਖੋਜ ਕਰ ਕੇ ਤਿਆਰ ਕੀਤੀ ਗਈ ਭਾਈਚਾਰਕ ਸਾਂਝ ਸਬੰਧੀ ਇੱਕ ਪੜ੍ਹਨਯੋਗ ਪੁਸਤਕ ਹੈ। ਲੇਖਕ ਹੁਣ ਤੱਕ 19 ਪੁਸਤਕਾਂ ਲਿਖ ਚੁੱਕਾ ਹੈ। ਅਸੀਂ ਸੁਹਿਰਦ ਪਾਠਕਾਂ ਲਈ ਇਸ ਪੁਸਤਕ 'ਪੰਜਾਬੀ ਪਰਵਾਜ਼' ਵਿੱਚ ਲੜੀਵਾਰ ਛਾਪ ਰਹੇ ਹਾਂ। ਇਸ ਅੰਕ ਵਿੱਚ ਗੁਰਬਾਣੀ ਨਾਲ ਮੋਹ ਕਰਨ ਅਤੇ ਖੁਦ ਨੂੰ 'ਗੁਰੂ ਦਾ ਖ਼ਾਦਮ' ਕਹਿਣ ਵਾਲੇ ਵਜ਼ੀਰ ਖਾਨ ਦਾ ਵੇਰਵਾ ਹੈ...**


ਅਲੀ ਰਾਜਪੁਰਾ
ਫੋਨ:+91-9417679302





ਵਜ਼ੀਰ ਖਾਨ ਵੱਲੋਂ ਲਾਹੌਰ, ਪਾਕਿਸਤਾਨ ਵਿੱਚ ਬਣਾਈ ਗਈ ਮਸੀਤ

ਸ਼ੇਖ਼ ਅਬਦੁੱਲ ਲਤੀਫ਼ ਦਾ ਪੁੱਤਰ ਹਕੀਮ ਵਜ਼ੀਰ ਖ਼ਾਨ ਸੀ। ਉਂਝ ਉਸ ਦਾ ਅਸਲ ਨਾਂ ਅਲੀਮ-ਉਦ-ਦੀਨ ਅਨਸਾਰੀ ਸੀ। ਇਹ ਚਿਨੋਟ ਜ਼ਿਲ੍ਹਾ ਝੰਗ (ਪਾਕਿਸਤਾਨ) ਦਾ ਵਸਨੀਕ ਸੀ। ਬਾਦਸ਼ਾਹ ਜਹਾਂਗੀਰ ਸ਼ਾਹਜਹਾਂ ਦਾ ਇਤਬਾਰੀ ਅਹਿਲਕਾਰ ਸੀ ਅਤੇ ਸ਼ਾਹਜਹਾਂ ਨੇ 1628 ਈ. ਵਿੱਚ ਇਸ ਨੂੰ ਲਾਹੌਰ ਦਾ ਗਵਰਨਰ ਥਾਪ ਦਿੱਤਾ ਸੀ। ਉਂਝ ਇਹ ਗੁਰੂ ਅਰਜਨ ਦੇਵ ਜੀ ਦਾ ਸਾਦਿਕ ਸੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਵੀ ਸੇਵਾ 'ਚ ਜੁੜਦਾ ਰਿਹਾ। ਉਸ ਦਾ ਗੁਰਬਾਣੀ ਨਾਲ ਇੰਨਾ ਮੋਹ ਦੱਸਿਆ ਜਾਂਦਾ ਹੈ ਕਿ ਇੱਕ ਵਾਰ ਉਹ ਲਾਹੌਰ ਵਿੱਚੋਂ ਲੰਘਿਆ ਜਾ ਰਿਹਾ ਸੀ ਕਿ ਉਸ ਦੇ ਕੰਨੀਂ ਭਾਈ ਭਾਨੂੰ ਦੇ ਘਰੋਂ ਉੱਚੀ-ਉੱਚੀ ਸੁਖਮਨੀ




ਵਜ਼ੀਰ ਖਾਨ ਦਾ ਇੱਕ ਚਿੱਤਰ

ਸਾਹਿਬ ਪੜ੍ਹੇ ਜਾਣ ਦੀ ਆਵਾਜ਼ ਪਈ ਤਾਂ ਵਜ਼ੀਰ ਖਾਨ ਨੂੰ ਐਸਾ ਆਨੰਦ ਆਇਆ ਕਿ ਉਹ ਲੰਘਿਆ ਜਾਂਦਾ ਸੁਣਨ ਲਈ ਮੁੜ ਪਿਆ। ਉਸ ਦੇ ਮਨ 'ਤੇ ਸੁਖਮਨੀ ਸਾਹਿਬ ਦਾ ਏਨਾ ਅਸਰ ਹੋਇਆ ਕਿ ਉਹ ਸੁਖਮਨੀ ਸਾਹਿਬ ਸੁਣੇ ਬਿਨਾ ਪ੍ਰਸ਼ਾਦ ਮੂੰਹ 'ਚ ਨਹੀਂ ਪਾਉਂਦਾ ਸੀ। ਵਜ਼ੀਰ ਆਪਣੇ ਆਪ ਨੂੰ ਗੁਰੂ ਦਾ ਖ਼ਾਦਮ ਕਹਿੰਦਾ ਹੁੰਦਾ ਸੀ। ਆਪ ਉਹ ਭਾਵੇਂ ਪ੍ਰਸਿੱਧ ਹਕੀਮ ਸੀ, ਪਰ ਜਲੋਧਰ ਦੀ ਬਿਮਾਰੀ ਨੇ ਐਸਾ ਗ੍ਰਸਿਆ ਕਿ ਸਾਰੇ ਉਪਰਾਲੇ ਅਸਫ਼ਲ ਸਿੱਧ ਹੋਏ। ਵਜ਼ੀਰ ਖ਼ਾਨ ਨੂੰ ਪਾਲਕੀ ਵਿੱਚ ਬਿਠਾ ਕੇ ਅੰਮ੍ਰਿਤਸਰ ਲਿਆਂਦਾ ਗਿਆ। ਗੁਰੂ ਅਰਜਨ ਦੇਵ ਜੀ ਉਸ ਸਮੇਂ ਦੁੱਖ ਭੰਜਨੀ ਬੇਰੀ ਪਾਸ ਖੜ੍ਹੇ ਉੱਪਰ ਬੈਠ ਕੇ ਅੰਮ੍ਰਿਤ ਸਰੋਵਰ ਦੀ ਗਾਰ ਕਢਵਾ ਰਹੇ ਸਨ।

ਕੁਝ ਸਾਖੀਆਂ ਵਿੱਚ ਜ਼ਿਕਰ ਮਿਲਦਾ ਹੈ ਕਿ ਵਜ਼ੀਰ ਖਾਨ ਦੀ ਪਾਲਕੀ ਦੁੱਖ ਭੰਜਨੀ ਬੇਰੀ ਹੇਠਾਂ ਰੱਖ ਦਿੱਤੀ ਅਤੇ ਉਸ ਨੂੰ ਹੇਠਾਂ ਲਿਟਾ ਦਿੱਤਾ ਗਿਆ। ਵਜ਼ੀਰ ਖ਼ਾਨ ਨੇ ਦੂਰ ਤੋਂ ਹੀ ਕਿਹਾ, "ਮਹਾਰਾਜ ਬਖ਼ਸ਼ੋ।" ਬਾਬਾ ਬੁੱਢਾ ਜੀ ਸਰੋਵਰ ਵਿੱਚੋਂ ਗਾਰ ਕੱਢ ਰਹੇ ਸਨ। ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ, "ਬਾਬਾ ਜੀ, ਵਜ਼ੀਰ ਖਾਨ ਉੱਤੇ ਕਿਰਪਾ ਕਰੋ...।" ਜਦੋਂ ਗੁਰੂ ਜੀ ਨੇ ਇਹੋ ਹੀ ਬਚਨ ਮੁੜ ਦੁਹਰਾਏ ਤਾਂ ਬਾਬਾ ਜੀ ਨੇ ਗਾਰ ਦੀ ਭਰੀ ਹੋਈ ਟੋਕਰੀ ਵਜ਼ੀਰ ਖਾਨ ਦੇ ਪੇਟ ਉੱਤੇ ਮਾਰੀ, ਵਜ਼ੀਰ ਖ਼ਾਨ ਦਾ ਸਾਰਾ ਪੇਟ ਸਾਫ ਹੋ ਗਿਆ। ਗੁਰੂ ਜੀ ਨੇ ਵਜ਼ੀਰ ਖਾਨ ਨੂੰ ਆਪਣੇ ਹੱਥੀਂ ਕੜਾਹ ਪ੍ਰਸ਼ਾਦ ਦਿੱਤਾ। ਉਸ ਨੇ ਜਦੋਂ ਸਦਾ ਸ਼ਾਂਤੀ ਲਈ ਬਖ਼ਸ਼ਿਸ਼ ਮੰਗੀ ਤਾਂ ਗੁਰੂ ਜੀ ਨੇ ਸਦਾ ਅਕਾਲ ਪੁਰਖ, ਅੱਲ੍ਹਾ-ਵਾਹਿਗੁਰੂ ਦਾ ਜੱਸ ਗਾਉਣ ਤੇ ਸੁਣਨ ਲਈ ਕਿਹਾ।

ਵਜ਼ੀਰ ਖ਼ਾਨ ਲਾਹੌਰ ਤੋਂ ਦਿੱਲੀ ਜਾ ਪਹੁੰਚਿਆ, ਪਰ ਉਥੇ ਵੀ ਉਸ ਦੀ ਕਿਸਮਤ ਨੇ ਸਾਥ ਨਾ ਦਿੱਤਾ ਤਾਂ ਉੱਥੋਂ ਅਕਬਰਾਬਾਦ (ਆਗਰਾ) ਜਾ ਡੇਰੇ ਲਾਏ। ਇਸੇ ਦੌਰਾਨ ਗੁਰੂ ਅਰਜਨ ਦੇਵ ਜੀ ਸ਼ਹੀਦੀ ਪਾ ਗਏ। ਵਜ਼ੀਰ ਖ਼ਾਨ ਬਹੁਤ ਤੜਫ਼ਿਆ, ਪਰ ਉਸ ਦੀ ਕੋਈ ਪੇਸ਼ ਨਾ ਗਈ। ਅਕਬਰਾਬਾਦ ਵਿੱਚ ਹਕੀਮੀ ਕਾਰਨ ਸ਼ੁਹਰਤ ਬਹੁਤ ਹੀ ਵਧ ਗਈ ਤੇ ਬਾਦਸ਼ਾਹ ਨੇ ਫੇਰ ਆਪਣੇ ਪਾਸ ਨੌਕਰ ਰੱਖ ਲਿਆ ਸੀ। ਜਹਾਂਗੀਰ ਨੇ ਵੀ ਹੁਣ ਇੱਜ਼ਤ ਦੇਣੀ ਆਰੰਭ ਕਰ ਦਿੱਤੀ। ਥੋੜ੍ਹੇ ਹੀ ਦਿਨਾਂ ਵਿੱਚ ਉਹ ਸ਼ਹਿਨਸ਼ਾਹ, ਸਾਹਿਬਜ਼ਾਦਿਆਂ ਤੇ ਹਰਮ ਦੀਆਂ ਬੇਗ਼ਮਾਂ ਦੇ ਨਿੱਜੀ ਹਕੀਮ ਨਿਯਤ ਹੋ ਗਏ। ਐਸੀ ਦਿਆਨਤਦਾਰੀ ਤੇ ਲਗਨ ਨਾਲ ਕੰਮ ਕੀਤਾ ਕਿ ਦੀਵਾਨ ਦੇ ਰੁਤਬੇ ਤੱਕ ਜਾ ਪੁੱਜੇ। ਉੱਥੇ ਵੀ ਫ਼ਰਜ਼ ਨਿਭਾਉਣ ਦੀ ਹੱਦ ਦੱਸੀ। ਪਹਿਲਾਂ ਮਾਲਖ਼ਾਨਾ ਦੇ ਵਿਚਾਰਲਾ ਤੇ ਫਿਰ ਦੀਵਾਨ ਬਣ ਗਏ। ਸ਼ਾਹਜ਼ਾਦਾ ਖ਼ੁਰਮ ਵਜ਼ੀਰ ਖਾਨ ਨੂੰ ਆਪਣੇ ਨਾਲ ਰੱਖਣ ਲੱਗਿਆ। ਇਸ ਤਰ੍ਹਾਂ ਵਜ਼ੀਰ ਖਾਨ ਦੀ ਚਾਰੇ ਪਾਸੇ ਮਹਿਮਾ ਸੁਣਨ ਨੂੰ ਮਿਲਣ ਲੱਗੀ। ਜਹਾਂਗੀਰ ਦੇ ਸਮੇਂ ਹੀ ਇਹ ਵਾਪਿਸ ਲਾਹੌਰ ਆ ਗਏ।

ਸਾਈਂ ਮੀਆਂ ਮੀਰ ਜੀ ਜਦੋਂ ਦਿੱਲੀ ਗਏ ਤਾਂ ਵਜ਼ੀਰ ਖਾਨ ਕੋਲ਼ ਠਹਿਰ ਕੀਤੀ ਸੀ ਤੇ ਇਨ੍ਹਾਂ ਦੋਵੇਂ ਮਹਾਂਪੁਰਸ਼ਾਂ ਨੇ ਕਈ ਹੋਰਨਾਂ ਨੂੰ ਨਾਲ਼ ਲੈ ਕੇ ਜਹਾਂਗੀਰ ਨੂੰ ਪ੍ਰੇਰਿਆ ਸੀ ਤੇ ਤਾਹੀਓਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗਵਾਲੀਅਰ ਦੇ ਕਿਲ੍ਹੇ 'ਚੋਂ ਰਿਹਾਈ ਸੰਭਵ ਹੋ ਸਕੀ ਸੀ। ਨੂਰਜਹਾਂ ਸਖ਼ਤ ਬੀਮਾਰ ਰਹਿਣ ਲੱਗ ਪਈ ਸੀ ਤੇ ਵਜ਼ੀਰ ਖ਼ਾਨ ਦੀ ਸੋਭਾ ਉਹ ਕਈ ਵਾਰ ਸੁਣ ਚੁੱਕੀ ਸੀ। ਲਾਹੌਰ ਆ ਕੇ ਉਸ ਨੇ ਇਲਾਜ ਕਰਵਾਇਆ ਤੇ ਬਿਲਕੁਲ ਤੰਦਰੁਸਤ ਹੋ ਗਈ ਸੀ। ਨੂਰਜਹਾਂ ਨੇ ਵਜ਼ੀਰ ਖ਼ਾਨ ਨੂੰ ਲੱਖਾਂ ਰੁਪਏ ਅਤੇ ਜ਼ੇਵਰ ਇਨਾਮ ਵਜੋਂ ਦਿੱਤੇ ਸਨ।

ਗੁਰੂ ਹਰਿਗੋਬਿੰਦ ਸਾਹਿਬ ਨਾਲ ਉਸ ਦੀਆਂ ਕਈ ਮੁਲਾਕਾਤਾਂ ਹੋਈਆਂ। ਵਜ਼ੀਰ ਖ਼ਾਨ ਕਈ ਵਾਰ ਅੰਮ੍ਰਿਤਸਰ ਆਉਂਦਾ ਤੇ ਗੁਰੂ ਜੀ ਵੀ ਉਸ ਕੋ਼ਲ ਲਾਹੌਰ ਚਲੇ ਜਾਂਦੇ ਸਨ। ਜਦੋਂ ਵੀ ਕਿਸੇ ਨੇ ਗੁਰੂ ਜੀ ਬਾਰੇ ਮੁਗ਼ਲ ਦਰਬਾਰ ਵਿੱਚ ਕੋਈ ਗੱਲ ਕਰਨੀ ਚਾਹੀ ਤਾਂ ਵਜ਼ੀਰ ਖਾਨ ਨੇ ਜ਼ਰੂਰ ਟੋਕਿਆ ਸੀ। ਇਸ ਕਾਰਨ ਉਨ੍ਹਾਂ ਨੂੰ ਗੁਰੂ ਘਰ ਵਿੱਚ ਗੁਰੂ ਕਾ ਹਕਾਰਾ ਕਰਕੇ ਲਿਖਿਆ ਹੈ। ਸੰਨ 1628 ਵਿੱਚ ਜਹਾਂਗੀਰ ਦੀ ਥਾਂ ਸ਼ਾਹਜਹਾਂ ਤਖ਼ਤ ਉੱਤੇ ਬੈਠਿਆ। ਉਦੋਂ ਸ਼ਾਹਜਹਾਂ ਆਪ ਤਾਂ ਪੰਜਾਬ ਨਹੀਂ ਆ ਸਕਿਆ, ਇਸ ਲਈ ਸ਼ਾਹੀ ਫ਼ੌਜਾਂ ਨੇ ਗੁਰੂ ਘਰ ਨਾਲ ਝੜਪਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ। 1628 ਵਿੱਚ ਅੰਮ੍ਰਿਤਸਰ ਦੇ ਨਜ਼ਦੀਕ ਗੁਮਟਾਲੇ ਵਿਖੇ ਪਹਿਲੀ ਝੜਪ ਹੋਈ, ਜਿਸ ਵਿੱਚ ਸ਼ਾਹੀ ਫੌਜਾਂ ਨੂੰ ਹਾਰ ਝੱਲਣੀ ਪਈ। ਵਜ਼ੀਰ ਖ਼ਾਨ ਨੇ ਸਾਰੀ ਸਹੀ ਗੱਲ-ਬਾਤ ਸ਼ਾਹਜਹਾਂ ਨੂੰ ਪਹੁੰਚਾ ਦਿੱਤੀ। ਇਸ ਤੋਂ ਛੇਤੀ ਹੀ ਅਗਲੇ ਸਾਲ ਜਦ ਹਰਿਗੋਬਿੰਦਪੁਰ ਵਿੱਚ ਦੂਜੀ ਜੰਗ ਹੋਈ ਤਾਂ ਵਜ਼ੀਰ ਖ਼ਾਨ ਨੇ ਮੌਕਾ ਸੰਭਾਲਿਆ। ਇਸ ਪਿੱਛੋਂ ਕੁਕਰਮੀ ਅਤੇ ਈਰਖਾਲੂ ਲੋਕ ਸ਼ਾਹਜਹਾਂ ਨੂੰ ਗੁਰੂ ਜੀ ਵਿਰੁੱਧ ਚੁੱਕਦੇ ਰਹੇ, ਪਰੰਤੂ ਦਾਰਾ ਸ਼ਿਕੋਹ ਤੇ ਜਿਹੜੇ ਹੋਰ ਨੇਕ ਦਿਲ ਸਨ, ਬਾਦਸ਼ਾਹ ਨੂੰ ਇਸ ਕੰਮ ਤੋਂ ਵਰਜਦੇ ਰਹੇ।

ਇੱਕ ਵਾਰ ਤਾਂ ਗੱਲ ਇੱਥੋਂ ਤੱਕ ਪੁੱਜ ਗਈ ਕਿ ਬਾਦਸ਼ਾਹ ਨੇ ਹਰਿਗੋਬਿੰਦਪੁਰ ਨਗਰ ਨੂੰ ਢਾਹ ਦੇਣ ਦਾ ਹੁਕਮ ਦਿੱਤਾ। ਵਜ਼ੀਰ ਖ਼ਾਨ ਨੇ ਨੀਤੀ ਵਰਤੀ, ਜਿਹੜੀ ਉਸ ਨਗਰ ਵਿੱਚ ਗੁਰੂ ਜੀ ਨੇ ਮਸਜਿਦ ਉਸਾਰੀ ਹੋਈ ਸੀ, ਉਸਦੀ ਦਲੀਲ ਦੇ ਕੇ ਦਾਰਾਸ਼ਿਕੋਹ ਨੂੰ ਕਿਹਾ ਸੀ, "ਜਿਸ ਗੁਰੂ ਨੇ ਮਸਜਿਦ ਬਣਾਈ ਹੋਈ ਹੈ, ਉਹ ਇਸਲਾਮ ਦਾ ਵਿਰੋਧੀ ਕਿਵੇਂ ਹੋ ਸਕਦਾ ਹੈ?" ਇਸ ਤਰ੍ਹਾਂ ਵਜ਼ੀਰ ਖ਼ਾਨ ਨੇ ਆਪਣੀ ਸਮਝ ਨਾਲ ਸਾਰੇ ਨਗਰ ਨੂੰ ਤਬਾਹੀ ਤੋਂ ਬਚਾ ਲਿਆ ਸੀ। 1632 ਈ. ਵਿੱਚ ਜਦੋਂ ਸ਼ਾਹਜ਼ਹਾਂ ਪੰਜਾਬ ਨੂੰ ਆਇਆ ਸੀ ਤਾਂ ਵਿਰੋਧੀਆਂ ਨੇ ਉਸ ਦੇ ਕੰਨ ਭਰੇ ਸਨ, ਵਜ਼ੀਰ ਖ਼ਾਨ ਉਸ ਸਮੇਂ ਫ਼ਤਹਿ ਖ਼ਾਨ ਦੀ ਬਗ਼ਾਵਤ ਨੂੰ ਦਬਾਉਣ ਲਈ ਦੌਲਤਾਬਾਦ (ਸਿੰਧ) ਗਏ ਹੋਏ ਸਨ। ਗੁਰੂ ਜੀ ਦੇ ਵਿਰੋਧੀ ਸ਼ਾਹਜਹਾਂ ਨੂੰ ਗੁਰੂ ਹਰਿਗੋਬਿੰਦ ਸਾਹਿਬ ਵਿਰੁੱਧ ਕਾਰਵਾਈ ਕਰਨ ਲਈ ਪ੍ਰੇਰ ਰਹੇ ਸਨ ਤਾਂ ਦੂਜੇ ਪਾਸੇ ਵਜ਼ੀਰ ਖ਼ਾਨ ਜਿੱਤ ਕੇ ਪੁੱਜ ਗਿਆ ਸੀ ਅਤੇ ਉਸਨੇ ਸ਼ਾਹਜਹਾਂ ਦੇ ਸਾਰੇ ਭੁਲੇਖੇ ਦੂਰ ਕਰ ਦਿੱਤੇ।

ਵਜ਼ੀਰ ਖਾਨ ਨੇ ਕਿਸੇ ਦੀ ਇੱਕ ਨਾ ਚੱਲਣ ਦਿੱਤੀ। ਵਿਰੋਧੀਆਂ ਨੇ ਸ਼ਿਕਾਇਤਾਂ ਕੀਤੀਆਂ ਕਿ ਗੁਰੂ ਹਰਿਗੋਬਿੰਦ ਜੀ ਨੂੰ ਜੇ ਨਾ ਰੋਕਿਆ ਗਿਆ ਤਾਂ ਕਈ ਉਪੱਦਰ ਹੋਣਗੇ। ਵਜ਼ੀਰ ਖਾਨ ਨੇ ਸਾਰੇ ਵੇਰਵੇ ਦੱਸੇ ਅਤੇ ਬਾਬਰ ਤੋਂ ਲੈ ਕੇ ਜਹਾਂਗੀਰ ਤੱਕ ਦੇ ਗੁਰੂ ਸਾਹਿਬ ਨਾਲ ਸਬੰਧਾਂ ਨੂੰ ਦੱਸਿਆ। ਉਸ ਨੇ ਕਿਹਾ ਕਿ ਗੁਰੂ ਜੀ 'ਤੇ ਧਾਵਾ ਬੋਲਣਾ ਖਜ਼ਾਨੇ ਦੀ ਬਰਬਾਦੀ ਤੇ ਪਰਜਾ ਨੂੰ ਦੁਖੀ ਕਰਨ ਵਾਲੀ ਗੱਲ ਹੈ। ਗੁਰੂ ਜੀ ਭਾਵੇਂ ਚਾਰ ਵਾਰੀ ਜਿੱਤੇ ਸਨ, ਪਰ ਉਨ੍ਹਾਂ ਨੇ ਕੋਈ ਮੱਲ ਨਹੀਂ ਮਾਰੀ ਸੀ। ਖ਼ਜ਼ਾਨਾ ਨਹੀਂ ਲੁੱਟਿਆ ਸੀ। ਇਸ ਤੋਂ ਜ਼ਾਹਰ ਹੋ ਜਾਂਦਾ ਹੈ ਕਿ ਉਹ ਲੜਨ ਲਈ ਮਜਬੂਰ ਕਰ ਦਿੱਤੇ ਗਏ ਸਨ। ਗੁਰੂ ਘਰ ਤਾਂ ਹਰ ਇੱਕ ਲਈ ਖੁੱਲ੍ਹਾ ਹੈ, ਲੰਗਰ ਚਲਦੇ ਹਨ। ਵਜ਼ੀਰ ਖਾਨ ਨੇ ਕਿਹਾ ਪੀਰਾਂ-ਫ਼ਕੀਰਾਂ ਤੋਂ ਜਿੱਤਣਾ ਕੀ ਔਖਾ ਹੈ! ਸਿਰ ਝੁਕਾਅ ਦੇਈਏ ਤਾਂ ਜਿੱਤ ਗਏ। ਫਿਰ ਜੋ ਮੰਗੋ ਸੋ ਲੈ ਲਵੋ। ਇਹ ਤਾਂ ਮੁੱਢੋਂ ਕਦੀਮੋਂ ਚਾਲ ਹੈ ਕਿ ਫ਼ਕੀਰ ਦੁਨੀਆਂਦਾਰਾਂ ਅੱਗੇ ਨਹੀਂ ਨਿਉਂਦੇ, ਕਿਉਂਕਿ ਉਹ ਬੇਗਰਜ਼ ਹਨ ਤੇ ਦੁਨੀਆਂਦਾਰ ਗਰਜ਼ਮੰਦ।

ਇਸ ਬੇਬਾਕੀ ਨਾਲ ਵਜ਼ੀਰ ਖ਼ਾਨ ਬੋਲੇ ਕਿ ਸਭ ਚੁੱਪ ਹੋ ਗਏ। ਵਜ਼ੀਰ ਨੇ ਫਿਰ ਕਿਹਾ ਕਿ ਗੁਰੂ ਦੀ ਜਿੱਤ ਦਾ ਵੱਡਾ ਕਾਰਨ ਇਹ ਹੈ ਕਿ ਗੁਰੂ ਦੇ ਸਿੱਖ ਆਦਰਸ਼ ਨੂੰ ਮੁੱਖ ਰੱਖ ਕੇ ਲੜਦੇ ਹਨ ਤੇ ਜਾਨ ਬਚਾ ਕੇ ਨਹੀਂ ਲੜਦੇ। ਉਨ੍ਹਾਂ ਨੇ ਗੁਰੂ ਜੀ ਤੋਂ ਸੱਚਮੁੱਚ ਸਭ ਕੁਝ ਵਾਰ ਸੁੱਟਿਆ ਹੈ। ਵੱਡੀ ਗੱਲ ਜਿਵੇਂ ਬਾਦਸ਼ਾਹ ਤੁਸੀਂ ਆਪਣੀ ਇਤਬਾਰੀ ਦਾ ਪੱਖ ਕਰਦੇ ਹੋ, ਇਸ ਤਰ੍ਹਾਂ ਪਰਮਾਤਮਾ ਵੀ ਆਪਣੇ ਪਿਆਰੇ ਦਾ ਪੱਖ ਪੂਰਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਅੱਲਾ ਦੇ ਨਬੀ ਹਨ। ਜਦ ਖ਼ੁਦਾ ਉਨ੍ਹਾਂ ਵੱਲ ਹੈ ਤਾਂ ਬੰਦਿਆਂ ਦੀ ਕੀ ਪੇਸ਼ ਚਲਦੀ ਹੈ? ਜੋ ਫ਼ਕੀਰ ਰੱਬ ਦੀ ਜ਼ਾਤ ਹਨ, ਭਾਵੇਂ ਪ੍ਰਗਟ ਕਿਸੇ ਮਜ਼੍ਹਬ ਵਿੱਚ ਹੋਣ, ਹਰ ਅੰਦਰੋਂ ਸਭ ਨੂੰ ਇਕ ਮੰਨਦੇ ਹਨ। ਉਹ ਸਿੱਖਾਂ ਤੇ ਮੁਸਲਮਾਨਾਂ ਨੂੰ ਇੱਕ ਕਰ ਜਾਣਦੇ ਹਨ। ਸ਼ਾਹਜਹਾਂ ਨੇ ਵਜ਼ੀਰ ਖ਼ਾਨ ਦੀ ਨੀਤੀ ਦੀ ਹਾਮੀ ਭਰੀ; ਉਸ ਉਪਰੰਤ ਕੋਈ ਵੀ ਫ਼ੌਜੀ ਕਾਰਵਾਈ ਨਾ ਕਰ ਸਕਿਆ।

ਗੁਰੂ ਹਰਿਗੋਬਿੰਦ ਸਾਹਿਬ ਜਦੋਂ ਕੀਰਤਪੁਰ ਵਸਾਉਣ ਲਈ ਚਲੇ ਗਏ ਤਾਂ ਵਜ਼ੀਰ ਖ਼ਾਨ ਵੀ ਕੀਰਤਪੁਰ ਪੁੱਜਿਆ ਸੀ, ਤੇ ਉਸਨੇ ਗੁਰੂ ਸਾਹਿਬ ਨੂੰ ਭੇਟਾਵਾਂ ਪੇਸ਼ ਕੀਤੀਆਂ ਸਨ। ਵਜ਼ੀਰ ਖ਼ਾਨ ਨੇ ਆਪਣੀ ਸਾਰੀ ਉਮਰ ਸ਼ਾਂਤੀ ਵਿੱਚ ਗੁਜ਼ਾਰੀ ਸੀ। ਸਾਰੀ ਜ਼ਿੰਦਗੀ 'ਚ ਕਦੇ ਨਮਾਜ਼ ਪੜ੍ਹਨੋਂ ਨਾ ਖੁੰਝੇ। ਆਪਣੀ ਕਮਾਈ ਲੋੜਵੰਦਾਂ 'ਚ ਵੰਡ ਕੇ ਖ਼ੁਸ਼ ਹੁੰਦੇ। ਜਿਹੜੀ ਉਨ੍ਹਾਂ ਨੇ ਲਾਹੌਰ ਵਿੱਚ ਮਸੀਤ ਬਣਾਈ ਸੀ, ਉਹ ਪਹਿਲੀ ਮਸਜਿਦ ਕਹੀ ਜਾ ਸਕਦੀ ਹੈ, ਜੋ ਹਿੰਦੂ, ਤੁਰਕ ਤੇ ਇਰਾਨੀ ਤਰਜ਼ ਦੀ ਹੈ।

3E Tours Offers
ਯਾਤਰਾ ਸ੍ਰੀ ਨਨਕਾਣਾ ਸਾਹਿਬ
ਪੰਜਾਬ-ਪਾਕਿਸਤਾਨ ਦੇ ਪ੍ਰਮੁੱਖ ਧਾਰਮਿਕ ਅਸਥਾਨਾਂ ਦੀ ਯਾਤਰਾ



A Journey of Hearts' desire Yatra of prominent holy Sikh Shrines in the Punjab-Pakistan
- Meticulously arranged & superbly conducted by a team of experienced tour operators.
- Affordable Package Price which includes Air Fare, Hotel Accommodation, Food and Transportation.

22 to 30 November 2023

For contact please:
3E Tours
Explore–Experience–Enjoy
Whatsapp:
USA (443) 362-9209
asjadghani581@gmail.com

# ਪੰਜਾਬੀ ਸੱਭਿਆਚਾਰ ਉੱਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਪ੍ਰਭਾਵ




## ਸਮੇਂ ਦੀ ਗੱਲ

ਡਾ. ਦੇਵਿੰਦਰ ਪਾਲ ਸਿੰਘ, ਕੈਨੇਡਾ
Emial: drdpsn@hotmial.com



ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਇੱਕ ਅਜਿਹੀ ਤਕਨਾਲੋਜੀ ਹੈ, ਜੋ ਮਸ਼ੀਨਾਂ ਨੂੰ ਸੂਝਵਾਨ ਬਣਾਉਂਦੀ ਹੈ ਤਾਂ ਜੋ ਉਹ ਅਜਿਹੇ ਕੰਮ ਕਰ ਸਕਣ, ਜਿਨ੍ਹਾਂ ਲਈ ਆਮ ਤੌਰ ਉੱਤੇ ਮਨੁੱਖੀ ਸੂਝ-ਬੂਝ ਦੀ ਲੋੜ ਹੁੰਦੀ ਹੈ। ਇਹ ਕੰਪਿਊਟਰਾਂ ਅਤੇ ਰੋਬੋਟਾਂ ਨੂੰ ਮਨੁੱਖਾਂ ਵਾਂਗ ਸੋਚਣ, ਸਿੱਖਣ ਅਤੇ ਫੈਸਲੇ ਲੈਣ ਦੀ ਯੋਗਤਾ ਦੇਣ ਵਾਂਗ ਹੈ। ਏ.ਆਈ. ਗਿਆਨ ਅਤੇ ਅੰਕੜਿਆਂ ਦੀ ਜਾਣਕਾਰੀ ਰਾਹੀਂ ਮਸ਼ੀਨਾਂ ਨੂੰ ਸਿਖਲਾਈ ਪ੍ਰਦਾਨ ਕਰਦੀ ਹੈ। ਜਿਵੇਂ ਅਸੀਂ ਆਪਣੇ ਤਜ਼ਰਬਿਆਂ ਤੋਂ ਸਿੱਖਦੇ ਹਾਂ, ਮਸ਼ੀਨਾਂ ਉਨ੍ਹਾਂ ਦੁਆਰਾ ਪ੍ਰਾਪਤ ਕੀਤੀ ਜਾਣਕਾਰੀ ਤੋਂ ਸਿੱਖਦੀਆਂ ਹਨ। ਏ.ਆਈ. ਦੀ ਬਦੌਲਤ ਇਹ ਮਸ਼ੀਨਾਂ, ਪੈਟਰਨਾਂ ਨੂੰ ਪਛਾਨਣ, ਬੋਲੀ ਜਾ ਰਹੀ ਭਾਸ਼ਾ ਨੂੰ ਸਮਝਣ, ਚਿੱਤਰਾਂ ਨੂੰ ਦੇਖਣ ਤੇ ਸਮਝਣ ਦੀ ਯੋਗਤਾ ਪ੍ਰਾਪਤ ਕਰ ਲੈਂਦੀਆਂ ਹਨ ਅਤੇ ਆਪਣੇ ਗਿਆਨ ਦੇ ਆਧਾਰ ਉੱਤੇ ਸੰਭਾਵੀ ਨਤੀਜਿਆਂ ਦੀ ਭਵਿੱਖਵਾਣੀ ਵੀ ਕਰ ਸਕਦੀਆਂ ਹਨ।

### ਸਾਡੇ ਰੋਜ਼ਾਨਾ ਜੀਵਨ ਵਿੱਚ ਏ.ਆਈ.

ਏ.ਆਈ. ਸਾਡੇ ਰੋਜ਼ਾਨਾ ਜੀਵਨ ਦੇ ਵੱਖ-ਵੱਖ ਪਹਿਲੂਆਂ ਵਿੱਚ ਦਾਖਿਲ ਹੋ ਚੁੱਕੀ ਹੈ। ਇਸ ਦੀ ਵਰਤੋਂ ਕਈ ਉਤਪਾਦਨ ਕਾਰਜਾਂ ਅਤੇ ਸੁਵਿਧਾਵਾਂ ਵਿੱਚ ਦੇਖੀ ਜਾ ਸਕਦੀ ਹੈ। ਆਓ, ਏ.ਆਈ. ਦੇ ਕੁਝ ਆਮ ਵਰਤੋਂ ਵਿੱਚ ਮੌਜੂਦ ਲਾਭਾਂ ਦੀ ਗੱਲ ਕਰਦੇ ਹਾਂ।

**ਆਵਾਜ਼ੀ ਸਹਾਇਕ:** ਸਿਰੀ, ਅਲੈਕਸਾ, ਗੂਗਲ ਅਸਿਸਟੈਂਟ ਅਤੇ ਕੋਰਟਾਨਾ ਵਰਗੇ ਆਵਾਜ਼ੀ ਸਹਾਇਕ ਸਾਡੇ ਬੋਲਾਂ ਨੂੰ ਸਮਝਣ ਅਤੇ ਉਚਿਤ ਹੁੰਗਾਰਾ ਭਰਨ



ਲਈ ਏ.ਆਈ. ਐਲਗੋਰਿਦਮ ਦੀ ਵਰਤੋਂ ਕਰਦੇ ਹਨ। ਉਹ ਸਾਡੇ ਹੁਕਮਾਂ ਦੀ ਪਾਲਣਾ ਕਰ ਸਕਦੇ ਹਨ, ਸਵਾਲਾਂ ਦੇ ਜਵਾਬ ਦੇ ਸਕਦੇ ਹਨ, ਜਾਣਕਾਰੀ ਮੁਹੱਈਆ ਕਰ ਸਕਦੇ ਹਨ ਅਤੇ ਸਾਡੇ ਘਰਾਂ ਵਿੱਚ ਮੌਜੂਦ ਸਮਾਰਟ ਯੰਤਰਾਂ (deivces) ਨੂੰ ਕੰਟਰੋਲ ਕਰ ਸਕਦੇ ਹਨ।

**ਸੋਸ਼ਲ ਮੀਡੀਆ ਅਤੇ ਵਰਤੋਂਕਾਰ ਦੀ ਮਨਪਸੰਦ ਸਮੱਗਰੀ ਸਬੰਧਤ ਸਿਫ਼ਾਰਸ਼ਾਂ:** ਏ.ਆਈ. ਐਲਗੋਰਿਦਮ ਸੋਸ਼ਲ ਮੀਡੀਆ ਪਲੇਟਫਾਰਮਾਂ, ਜਿਵੇਂ ਕਿ ਫੇਸਬੁੱਕ ਅਤੇ ਇੰਸਟਾਗ੍ਰਾਮ ਰਾਹੀਂ ਵਰਤੋਂਕਾਰ ਨੂੰ ਉਸ ਦੀ ਮਨਪਸੰਦ ਸਮੱਗਰੀ ਸਬੰਧੀ ਸੁਝਾਅ ਦੇ ਕੇ, ਲਿਖਤਾਂ (ਪੋਸਟਾਂ) ਨੂੰ ਤਰਜ਼ੀਹ ਦੇ ਕੇ ਅਤੇ ਨਵੇਂ ਸੰਪਰਕਾਂ (connecitons) ਦੀ ਸਿਫ਼ਾਰਸ਼ ਕਰਕੇ ਸੇਵਾ ਕਰਦੇ ਹਨ। ਨੈਟਫਲਿਕਸ ਤੇ ਸਪੋਟੀਫਾਈ ਵਰਗੇ ਸਮੱਗਰੀ ਸਟ੍ਰੀਮਿੰਗ ਪਲੇਟਫਾਰਮ ਵਰਤੋਂਕਾਰਾਂ ਦੀਆਂ ਤਰਜੀਹਾਂ ਅਤੇ ਉਨ੍ਹਾਂ ਦੇ ਦੇਖਣ/ਸੁਣਨ ਦੇ ਇਤਿਹਾਸ ਦੇ ਆਧਾਰ ਉੱਤੇ ਨਿੱਜੀ ਸਿਫ਼ਾਰਸ਼ਾਂ ਦੀ ਪੇਸ਼ਕਸ਼ ਕਰਨ ਲਈ ਏ.ਆਈ. ਦੀ ਵਰਤੋਂ ਕਰਦੇ ਹਨ।

**ਵਰਚੁਅਲ ਪਰਸਨਲ ਸਟਾਇਲਿਸਟ:** ਏ.ਆਈ. ਆਧਾਰਿਤ ਵਰਚੁਅਲ ਸਟਾਇਲਿਸਟ ਸਾਨੂੰ ਫੈਸ਼ਨ ਤੇ ਸਟਾਇਲ ਸਬੰਧੀ ਚੋਣ ਕਰਨ ਵਿੱਚ ਮਦਦ ਕਰਦੇ ਹਨ। ਇਹ ਸਿਸਟਮ, ਵਰਤੋਂਕਾਰ ਦੀਆਂ ਪਸੰਦ, ਸਰੀਰਕ ਬਨਾਵਟ ਅਤੇ ਫੈਸ਼ਨ ਦੇ ਨਵੇਂ ਰੁਝਾਨਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਉਸ ਨੂੰ ਉਚਿਤ ਪਹਿਰਾਵੇ ਅਤੇ ਨਿੱਜੀ ਫੈਸ਼ਨ ਸਟਾਇਲ ਸਬੰਧੀ ਸਲਾਹ ਦਿੰਦੇ ਹਨ।

**ਸਮਾਰਟ ਹੋਮ ਡਿਵਾਈਸ:** ਥਰਮੋਸਟੈਟਸ, ਲਾਈਟਿੰਗ ਸਿਸਟਮ ਅਤੇ ਸੁਰੱਖਿਆ ਕੈਮਰੇ ਵਰਗੇ ਸਮਾਰਟ ਹੋਮ ਯੰਤਰ ਵੀ ਏ.ਆਈ. ਆਧਾਰਿਤ ਹੀ ਹੁੰਦੇ ਹਨ। ਇਹ ਯੰਤਰ ਵਰਤੋਂਕਾਰ ਦੀ ਪਸੰਦ ਅਨੁਸਾਰ, ਯੰਤਰਾਂ ਨੂੰ ਸਵੈਚਲਿਤ ਤਰੀਕੇ ਨਾਲ ਚਲਾ ਕੇ ਅਤੇ ਵਧੀਆ ਸੁਰੱਖਿਆ ਸੇਵਾਵਾਂ ਉਪਲਬਧ ਕਰਾਉਣ ਲਈ ਏ.ਆਈ. ਦੀ ਵਰਤੋਂ ਕਰਦੇ ਹਨ।

**ਨੇਵੀਗੇਸ਼ਨ ਅਤੇ ਨਕਸ਼ੇ:** ਨੈਵੀਗੇਸ਼ਨ ਐਪਸ ਜਿਵੇਂ ਕਿ ਗੂਗਲ ਮੈਪਸ ਤੇ ਵੇਜ਼ (Waze) ਸਮੇਂ ਮੁਤਾਬਿਕ ਟ੍ਰੈਫਿਕ ਅੱਪਡੇਟ ਮੁਹੱਈਆ ਕਰਾਉਣ ਵਿਚ, ਰੁਕਾਵਟ ਮੁਕਤ ਉਚਿਤ ਰੂਟਾਂ ਦੀ ਦੱਸ ਪਾਉਣ ਵਿੱਚ ਅਤੇ ਮੰਜ਼ਿਲ ਤਕ ਪਹੁੰਚਣ ਲਈ ਲੱਗਣ ਵਾਲੇ ਸੰਭਾਵੀ ਸਮੇਂ ਦਾ ਅੰਦਾਜ਼ਾ ਲਾਉਣ ਲਈ ਏ.ਆਈ. ਐਲਗੋਰਿਦਮ ਦੀ ਵਰਤੋਂ ਕਰਦੇ ਹਨ। ਏ.ਆਈ. ਆਧਾਰਿਤ ਮੈਪ ਸੇਵਾਵਾਂ ਵਰਤੋਂਕਾਰ ਦੀ ਪਸੰਦਗੀ, ਉਸ ਦਆਰਾ ਇੰਨਰਨੈੱਟ ਉੱਤੇ ਕੀਤੇ ਗਏ ਖੋਜ ਕਾਰਜਾਂ ਦੇ ਇਤਿਹਾਸ ਦੇ ਆਧਾਰ ਉੱਤੇ ਨਜ਼ਦੀਕੀ ਦਿਲਚਸਪੀ ਵਾਲੀਆਂ ਥਾਂਵਾਂ ਦਾ ਸੁਝਾਅ ਦੇ ਸਕਦੀਆਂ ਹਨ।

**ਗਾਹਕ-ਸੇਵਾ ਲਈ ਵਰਚੁਅਲ ਅਸਿਸਟੈਂਟ:** ਬਹੁਤ ਸਾਰੀਆਂ ਕੰਪਨੀਆਂ ਏ.ਆਈ. ਆਧਾਰਿਤ ਚੈਟਬੋਟਸ ਅਤੇ ਗਾਹਕਾਂ ਨਾਲ ਗੱਲਬਾਤ ਲਈ ਵਰਚੁਅਲ ਅਸਿਸਟੈਂਟਸ ਦੀ ਵਰਤੋਂ ਕਰ ਰਹੀਆਂ ਹਨ। ਅਜਿਹੇ ਵਰਚੁਅਲ ਅਸਿਸਟੈਂਟ ਰੋਜ਼ਾਨਾ ਕੰਮਾਂ ਵਿੱਚ ਆਮ ਪੁੱਛਗਿੱਛ ਵਾਲੇ ਸਵਾਲਾਂ ਦਾ ਜਵਾਬ ਦੇ ਕੇ ਗਾਹਕ ਦੀ ਮਦਦ ਕਰਦੇ ਹਨ।

**ਸਪੈਮ ਫਿਲਟਰ ਅਤੇ ਈਮੇਲ ਛਾਂਟੀ:** ਏ.ਆਈ. ਅਣਚਾਹੀਆਂ (spam) ਈਮੇਲਾਂ ਨੂੰ ਛਾਂਟਣ, ਆਉਣ ਵਾਲੇ ਸੁਨੇਹਿਆਂ ਦੀ ਵੱਖ-ਵੱਖ ਸ਼੍ਰੇਣੀਆਂ ਵਿੱਚ ਵੰਡ ਕਰਨ ਅਤੇ ਤਰਜ਼ੀਹ ਦੇ ਆਧਾਰ ਉੱਤੇ ਈਮੇਲਾਂ ਦੇ ਸੰਗਠਨ ਵਿੱਚ ਮਦਦ ਕਰਦੀ ਹੈ। ਏ.ਆਈ. ਐਲਗੋਰਿਦਮ ਈਮੇਲਾਂ ਦੀ ਸਹੀ ਪਛਾਣ ਅਤੇ ਸ਼੍ਰੇਣੀਬੱਧ ਕਰਨ ਲਈ ਵਰਤੋਂਕਾਰ ਦੀਆਂ ਤਰਜੀਹਾਂ ਅਤੇ ਵਿਹਾਰ ਤੋਂ ਸਿੱਖਦੇ ਹਨ।

**ਰਾਈਡ-ਸ਼ੇਅਰਿੰਗ ਅਤੇ ਫੂਡ ਡਿਲਿਵਰੀ ਐਪਸ:** ਏ.ਆਈ. ਐਲਗੋਰਿਦਮ ਰਾਈਡ-ਸ਼ੇਅਰਿੰਗ ਸੇਵਾਵਾਂ ਜਿਵੇਂ ਕਿ ਊਬਰ ਅਤੇ ਲਿਫ਼ਟ ਦੇ ਡਰਾਈਵਰਾਂ ਨੂੰ ਯਾਤਰੀਆਂ ਨਾਲ ਕੁਸ਼ਲਤਾ ਭਰਪੂਰ ਮੇਲ ਕਰਾਉਣਾ ਸੰਭਵ ਬਣਾਉਂਦੇ ਹਨ। ਫੂਡ ਡਿਲਿਵਰੀ ਐਪਸ ਵੀ, ਡਿਲਿਵਰੀ ਰੂਟਾਂ ਬਾਰੇ ਉਚਿਤ ਜਾਣਕਾਰੀ ਦੇਣ, ਡਿਲਿਵਰੀ ਸਮੇਂ ਦਾ ਅੰਦਾਜ਼ਾ ਲਾਉਣ ਅਤੇ ਇਸ ਸੇਵਾ ਦੀ ਕੁਸ਼ਲਤਾ ਨੂੰ ਬਿਹਤਰ ਬਣਾਉਣ ਲਈ ਏ.ਆਈ. ਦੀ ਵਰਤੋਂ ਕਰਦੇ ਹਨ।

**ਭਾਸ਼ਾ ਅਨੁਵਾਦ:** ਏ.ਆਈ. ਆਧਾਰਿਤ ਭਾਸ਼ਾ ਦਾ ਅਨੁਵਾਦ ਕਰਨ ਵਾਲੀਆਂ ਸੁਵਿਧਾਵਾਂ ਜਿਵੇਂ ਕਿ ਗੂਗਲ ਟਰਾਂਸਲੇਟ, ਇੱਕ ਭਾਸ਼ਾ ਤੋਂ ਦੂਜੀ ਭਾਸ਼ਾ ਵਿੱਚ ਲਿਖਤਾਂ ਜਾਂ ਭਾਸ਼ਣ ਦਾ ਅਨੁਵਾਦ ਕਰਨ ਲਈ ਵਿਸ਼ੇਸ਼ ਐਲਗੋਰਿਦਮ ਦੀ ਵਰਤੋਂ ਕਰਦੇ ਹੋਏ ਵੱਖ-ਵੱਖ ਭਾਸ਼ਾਵਾਂ ਵਿੱਚ ਸੰਚਾਰ ਕਾਰਜਾਂ ਨੂੰ ਸੰਭਵ ਬਣਾਉਂਦੇ ਹਨ।

**ਨਿੱਜੀ ਖਬਰਾਂ ਤੇ ਸਮੱਗਰੀ ਇਕੱਤਰੀਕਰਨ:** ਏ.ਆਈ. ਆਧਾਰਿਤ ਨਿਊਜ਼ ਐਗਰੀਗੇਟਰ ਅਤੇ ਸਮੱਗਰੀ ਕਿਊਰੇਸ਼ਨ ਪਲੇਟਫਾਰਮ ਵਿਅਕਤੀ ਦੀਆਂ ਰੁਚੀਆਂ, ਪਸੰਦਗੀ ਅਤੇ ਪੜ੍ਹਨ ਦੀਆਂ ਆਦਤਾਂ ਦੇ ਆਧਾਰ ਉੱਤੇ ਖਬਰਾਂ, ਲੇਖ, ਬਲੌਗ ਅਤੇ ਹੋਰ ਸਮੱਗਰੀ ਨੂੰ ਉਸ ਤਕ ਪਹੁੰਚਾਉਂਦੇ ਹਨ।

ਏ.ਆਈ. ਆਧਾਰਿਤ ਉਤਪਾਦਾਂ ਦੀ ਰੋਜ਼ਾਨਾ ਜੀਵਨ ਵਿੱਚ ਵਰਤੋਂ ਦੀਆਂ ਇਹ ਕੁਝ ਕੁ ਉਦਾਹਰਣਾਂ ਹਨ। ਸਾਡੇ ਰੋਜ਼ਾਨਾ ਜੀਵਨ ਵਿੱਚ ਏ.ਆਈ. ਦੀ ਵਰਤੋਂ ਨੇ ਸਾਡੀਆਂ ਸਹੂਲਤਾਂ ਵਿੱਚ ਵਾਧਾ ਕੀਤਾ ਹੈ ਤੇ ਇਹ ਵਾਧਾ ਲਗਾਤਾਰ ਜਾਰੀ ਵੀ ਹੈ।

## ਪੰਜਾਬੀ ਸੱਭਿਆਚਾਰ ਦੇ ਕੁਝ ਮੁੱਖ ਗੁਣ

ਪੰਜਾਬੀ ਸੱਭਿਆਚਾਰ ਭਰਪੂਰਤਾ ਅਤੇ ਵੰਨ-ਸੁਵੰਨਤਾ ਵਾਲਾ ਹੈ। ਕਈ ਵਿਲੱਖਣ ਗੁਣ ਇਸ ਦੀ ਪਛਾਣ ਨੂੰ ਦਰਸਾਉਂਦੇ ਹਨ। ਪੰਜਾਬੀ ਸੱਭਿਆਚਾਰ ਦੀਆਂ ਕੁਝ ਮੁੱਖ ਵਿਸ਼ੇਸ਼ਤਾਵਾਂ ਇੰਝ ਹਨ:

**ਪ੍ਰਾਹੁਣਚਾਰੀ:** ਪੰਜਾਬੀ ਲੋਕ ਨਿੱਘੀ ਪ੍ਰਾਹੁਣਚਾਰੀ ਅਤੇ ਉਦਾਰਤਾ ਲਈ ਜਾਣੇ ਜਾਂਦੇ ਹਨ। ਮਹਿਮਾਨਾਂ ਨਾਲ ਬਹੁਤ ਆਦਰ ਭਰਿਆ ਵਿਹਾਰ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਅਕਸਰ ਭੋਜਨ, ਪੀਣ ਵਾਲੇ ਪਦਾਰਥ ਅਤੇ ਸੁਆਗਤੀ ਵਾਤਾਵਰਣ ਪੇਸ਼ ਕੀਤਾ ਜਾਂਦਾ ਹੈ। "ਆਤਿਥੀ ਦੇਵੋ ਭਵ" (ਮਹਿਮਾਨ ਨੂੰ ਦੇਵਤਿਆਂ ਵਰਗਾ ਮਹੱਤਵ) ਦਾ ਸੰਕਲਪ ਪੰਜਾਬੀ ਸੱਭਿਆਚਾਰ ਵਿੱਚ ਡੂੰਘਾ ਹੈ।

**ਖੁਸ਼ੀਆਂ-ਖੇੜਿਆਂ ਭਰੇ ਤਿਉਹਾਰ:** ਪੰਜਾਬੀ ਸੱਭਿਆਚਾਰ ਆਪਣੇ ਖੁਸ਼ੀਆਂ-ਖੇੜਿਆਂ ਭਰੇ ਤਿਉਹਾਰਾਂ ਲਈ ਮਸ਼ਹੂਰ ਹੈ। ਵਿਸਾਖੀ, ਲੋਹੜੀ ਅਤੇ ਦੀਵਾਲੀ ਕੁਝ ਪ੍ਰਮੁੱਖ ਤਿਉਹਾਰ ਹਨ, ਜੋ ਬਹੁਤ ਉਤਸ਼ਾਹ ਨਾਲ ਮਨਾਏ ਜਾਂਦੇ ਹਨ। ਇਨ੍ਹਾਂ ਜਸ਼ਨਾਂ ਵਿੱਚ ਅਕਸਰ ਮਨਮੋਹਕ ਸੰਗੀਤ, ਭੰਗੜਾ ਅਤੇ ਗਿੱਧਾ ਵਰਗੇ ਚੁਸਤੀ-ਫੁਰਤੀ ਭਰੇ ਨਾਚ ਅਤੇ ਸੁਆਦ ਭਰਪੂਰ ਦਾਅਵਤਾਂ ਸ਼ਾਮਲ ਹੁੰਦੀਆਂ ਹਨ।

**ਸੰਗੀਤ ਅਤੇ ਨਾਚ:** ਸੰਗੀਤ ਅਤੇ ਨੱਚਣਾ-ਟੱਪਣਾ ਪੰਜਾਬੀ ਸੱਭਿਆਚਾਰ ਵਿੱਚ ਮਹੱਤਵਪੂਰਨ ਸਥਾਨ ਰੱਖਦੇ ਹਨ। ਭੰਗੜਾ ਅਤੇ ਗਿੱਧਾ, ਦੋ ਬਹੁਤ ਹੀ ਫੁਰਤੀ ਭਰਪੂਰ ਨਾਚ ਹਨ। ਇਹ ਨਾਚ ਚੁਸਤੀ ਭਰਪੂਰ ਚਾਲਾਂ ਅਤੇ ਰਵਾਇਤੀ ਸੰਗੀਤ ਦੇ ਨਾਲ ਨੱਚੇ ਜਾਂਦੇ ਹਨ। ਨਾਚ ਨਾਲ ਗਾਏ ਜਾਂਦੇ ਗੀਤਾਂ ਦੇ ਅਰਥ-ਭਰਪੂਰ ਬੋਲਾਂ ਤੇ ਜੋਸ਼ ਭਰਪੂਰ ਤਾਲਾਂ (beats) ਨਾਲ ਪੰਜਾਬੀ ਸੰਗੀਤ ਨੇ ਦੁਨੀਆ ਭਰ ਵਿੱਚ ਪ੍ਰਸਿੱਧੀ ਹਾਸਲ ਕੀਤੀ ਹੈ।

**ਭੋਜਨ ਅਤੇ ਪਕਵਾਨ:** ਪੰਜਾਬੀ ਖਾਣੇ ਆਪਣੇ ਲਜ਼ੀਜ਼ ਸੁਆਦਾਂ ਅਤੇ ਦਿਲਕਸ਼ ਪਕਵਾਨਾਂ ਲਈ ਮਸ਼ਹੂਰ ਹਨ। ਰੋਟੀ, ਦਾਲ ਅਤੇ ਸਬਜ਼ੀ ਤੋਂ ਇਲਾਵਾ ਬਟਰ ਚਿਕਨ, ਸਰਸੋਂ ਦਾ ਸਾਗ, ਮੱਕੀ ਦੀ ਰੋਟੀ ਵਰਗੇ ਪਕਵਾਨ ਪੰਜਾਬੀਆਂ ਦਾ ਮਨਪਸੰਦ ਖਾਣਾ ਹੈ। ਪੰਜਾਬੀ ਪਕਵਾਨਾਂ ਵਿੱਚ ਮਸਾਲਿਆਂ ਅਤੇ ਡੇਅਰੀ ਉਤਪਾਦਾਂ ਦੀ ਵਰਤੋਂ ਅਕਸਰ ਖੁੱਲ੍ਹੇ ਦਿਲ ਨਾਲ ਕੀਤੀ ਜਾਂਦੀ ਹੈ।

**ਖੇਤੀਬਾੜੀ ਅਤੇ ਪੇਂਡੂ ਵਿਰਸਾ:** ਪੰਜਾਬੀ ਸੱਭਿਆਚਾਰ ਦੀਆਂ ਜੜ੍ਹਾਂ ਇਸ ਦੇ ਖੇਤੀਬਾੜੀ ਆਧਾਰ ਵਿੱਚ ਡੂੰਘੀਆਂ ਖੁੱਭੀਆਂ ਹੋਈਆਂ ਹਨ। ਪੰਜਾਬ ਨੂੰ ਆਪਣੀ ਉਪਜਾਊ ਜ਼ਮੀਨ ਅਤੇ ਖੇਤੀ ਉਤਪਾਦਕਤਾ ਕਾਰਨ ਅਕਸਰ "ਭਾਰਤ ਦਾ ਅਨਾਜ ਭੰਡਾਰ" ਕਿਹਾ ਜਾਂਦਾ ਹੈ। ਰਵਾਇਤੀ ਪ੍ਰਥਾਵਾਂ, ਲੋਕ ਗੀਤ ਅਤੇ ਤਿਉਹਾਰ ਆਮ ਤੌਰ ਉੱਤੇ ਖੇਤੀਬਾੜੀ ਦੇ ਮੌਸਮਾਂ ਅਤੇ ਗਤੀਵਿਧੀਆਂ ਦੇ ਦੁਆਲੇ ਕੇਂਦਰਿਤ ਹੁੰਦੇ ਹਨ।

**ਮਜ਼ਬੂਤ ਪਰਿਵਾਰਕ ਕਦਰਾਂ-ਕੀਮਤਾਂ:** ਪਰਿਵਾਰ, ਪੰਜਾਬੀ ਸੱਭਿਆਚਾਰ ਵਿੱਚ ਕੇਂਦਰੀ ਭੂਮਿਕਾ ਨਿਭਾਉਂਦਾ ਹੈ ਅਤੇ ਮਜ਼ਬੂਤ ਪਰਿਵਾਰਕ ਬੰਧਨਾਂ ਦੀ ਬਹੁਤ ਕਦਰ ਕੀਤੀ ਜਾਂਦੀ ਹੈ। ਬਜ਼ੁਰਗਾਂ ਦਾ ਆਦਰ, ਨੌਜਵਾਨ ਪੀੜ੍ਹੀ ਦੀ ਦੇਖਭਾਲ ਅਤੇ ਸਮੂਹਿਕ ਫੈਸਲੇ ਲੈਣਾ ਪੰਜਾਬੀ ਪਰਿਵਾਰਕ ਜੀਵਨ ਦੇ ਜ਼ਰੂਰੀ ਪਹਿਲੂ ਹਨ।

**ਧਾਰਮਿਕ ਵਿਭਿੰਨਤਾ:** ਪੰਜਾਬ ਸਿੱਖ ਧਰਮ, ਹਿੰਦੂ ਧਰਮ, ਇਸਲਾਮ ਅਤੇ ਈਸਾਈਅਤ ਸਮੇਤ ਵੱਖ-ਵੱਖ ਧਰਮਾਂ ਨੂੰ ਮੰਨਣ ਵਾਲੇ ਲੋਕਾਂ ਦਾ ਘਰ ਹੈ। ਧਾਰਮਿਕ ਵਿਭਿੰਨਤਾ ਪੰਜਾਬੀ ਸੱਭਿਆਚਾਰ ਦਾ ਇੱਕ ਮਹੱਤਵਪੂਰਨ ਪਹਿਲੂ ਹੈ ਅਤੇ ਵੱਖ-ਵੱਖ ਧਰਮਾਂ ਦੇ ਲੋਕ ਇਸ ਖੇਤਰ ਦੇ ਸੱਭਿਆਚਾਰਕ ਤਾਣੇ-ਬਾਣੇ ਵਿੱਚ ਯੋਗਦਾਨ ਪਾਉਂਦੇ ਹੋਏ ਪਿਆਰ ਭਰੀ ਸੁਮੇਲਤਾ ਨਾਲ ਇਕੱਠੇ ਰਹਿੰਦੇ ਹਨ।

**ਮਾਰਸ਼ਲ ਪਰੰਪਰਾਵਾਂ:** ਪੰਜਾਬੀ ਸੱਭਿਆਚਾਰ ਵਿੱਚ ਜੰਗੀ ਪਰੰਪਰਾ ਦਾ ਇਕ ਲੰਮਾ ਇਤਿਹਾਸ ਹੈ। ਪੰਜਾਬੀ ਯੋਧਿਆਂ ਦੀ ਦਲੇਰੀ ਅਤੇ ਬਹਾਦਰੀ ਨੂੰ ਲੋਕ ਕਥਾਵਾਂ, ਗੀਤਾਂ ਅਤੇ ਸੱਭਿਆਚਾਰਕ ਪੇਸ਼ਕਾਰੀਆਂ ਵਿੱਚ ਸ਼ਾਨਦਾਰ ਸਥਾਨ ਹਾਸਿਲ ਹੈ। ਮਾਰਸ਼ਲ ਆਰਟਸ ਜਿਵੇਂ ਕਿ ਗੱਤਕਾ, ਇੱਕ ਪਰੰਪਰਾਗਤ ਸਿੱਖ ਮਾਰਸ਼ਲ ਆਰਟ ਫਾਰਮ ਹੈ, ਜੋ ਪੰਜਾਬੀ ਯੋਧਿਆਂ ਦੀ ਤਾਕਤ ਅਤੇ ਸਾਹਸ ਦਾ ਪ੍ਰਦਰਸ਼ਨ ਕਰਦਾ ਹੈ।

ਇਹ ਕੁਝ ਪ੍ਰਮੁੱਖ ਲੱਛਣ ਹਨ, ਜੋ ਪੰਜਾਬੀ ਸੱਭਿਆਚਾਰ ਨੂੰ ਵਿਭਿੰਨ ਪੱਖਾਂ ਨੂੰ ਦਰਸਾਉਂਦੇ ਹਨ। ਇਹ ਜਾਨਣਾ ਵੀ ਮਹੱਤਵਪੂਰਨ ਹੈ ਕਿ ਪੰਜਾਬੀ ਸੱਭਿਆਚਾਰ, ਪੰਜਾਬ ਦੇ ਵੱਖ-ਵੱਖ ਖੇਤਰਾਂ ਅਤੇ ਭਾਈਚਾਰਿਆਂ ਵਿੱਚ ਥੋੜ੍ਹੀ ਬਹੁਤ ਵਿਭਿੰਨਤਾ ਭਰਿਆ ਵੀ ਹੈ।

## ਪੰਜਾਬੀ ਸੱਭਿਆਚਾਰ ਦੀ ਪ੍ਰਫੁੱਲਤਾ ਵਿੱਚ ਏ.ਆਈ. ਦਾ ਯੋਗਦਾਨ

ਏ.ਆਈ. ਨੇ ਭਿੰਨ ਭਿੰਨ ਤਰੀਕਿਆਂ ਨਾਲ ਪੰਜਾਬੀ ਸੱਭਿਆਚਾਰ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ ਹੈ। ਹੇਠ ਲਿਖੇ ਕੁਝ ਕੁ ਤਰੀਕਿਆਂ ਨਾਲ ਏ.ਆਈ. ਪੰਜਾਬੀ ਸੱਭਿਆਚਾਰ ਦੀ ਪ੍ਰਫੁੱਲਤਾ ਵਿੱਚ ਆਪਣਾ ਯੋਗਦਾਨ ਪਾ ਰਿਹਾ ਹੈ।

**ਭਾਸ਼ਾ ਅਤੇ ਸੰਚਾਰ:** ਪੰਜਾਬੀ ਭਾਸ਼ਾ ਦੇ ਵਿਕਾਸ ਲਈ ਏ.ਆਈ. ਆਧਾਰਿਤ ਭਾਸ਼ਾ ਪ੍ਰੋਸੈਸਿੰਗ ਤਕਨੀਕਾਂ ਖੋਜੀਆਂ ਜਾ ਰਹੀਆਂ ਹਨ। ਇਨ੍ਹਾਂ ਤਕਨੀਕਾਂ ਵਿੱਚ ਪੰਜਾਬੀ ਵਿੱਚ ਸਵੈਚਲਿਤ ਅਨੁਵਾਦ ਪ੍ਰਣਾਲੀ, ਆਵਾਜ਼ ਦੀ ਪਛਾਣ ਅਤੇ ਟੈਕਸਟ-ਟੂ-ਸਪੀਚ ਸਿੰਥੇਸਿਸ ਸ਼ਾਮਲ ਹਨ। ਅਜਿਹੀਆਂ ਸੁਵਿਧਾਵਾਂ ਦੇ ਵਿਕਾਸ ਨਾਲ ਆਮ ਲੋਕਾਂ ਲਈ ਪੰਜਾਬੀ ਭਾਸ਼ਾ ਵਿੱਚ ਸੰਚਾਰ ਕਾਰਜ ਕਰਨਾ, ਜਾਣਕਾਰੀ ਹਾਸਿਲ ਕਰਨਾ ਅਤੇ ਪੰਜਾਬੀ ਲਿਖਤਾ ਦੀ ਉਪਲਬਧੀ ਆਸਾਨ ਹੋ ਰਹੀ ਹੈ।

**ਸੱਭਿਆਚਾਰਕ ਸੰਭਾਲ ਅਤੇ ਪੁਰਾਲੇਖ:** ਏ.ਆਈ. ਆਧਾਰਿਤ ਤਕਨਾਲੋਜੀ ਪੰਜਾਬੀ ਸੱਭਿਆਚਾਰਕ ਕਲਾਕ੍ਰਿਤੀਆਂ ਅਤੇ ਵਿਰਸੇ ਨੂੰ ਸੰਭਾਲਣ ਵਿੱਚ ਸਹਾਇਤਾ ਕਰ ਸਕਦੀਆਂ ਹਨ। ਉੱਨਤ ਇਮੇਜਿੰਗ ਟੈਕਨਾਲੋਜੀ, ਜਿਵੇਂ ਕਿ ਕੰਪਿਊਟਰ ਵਿਜ਼ਨ, ਇਤਿਹਾਸਕ ਦਸਤਾਵੇਜ਼ਾਂ, ਫੋਟੋਆਂ, ਆਰਟ ਵਰਕ ਅਤੇ ਹੋਰ ਸੱਭਿਆਚਾਰਕ ਕਲਾਕ੍ਰਿਤੀਆਂ ਨੂੰ ਡਿਜੀਟਾਈਜ਼ ਕਰਨ ਅਤੇ ਉਨ੍ਹਾਂ ਦਾ ਵਰਗੀਕਰਨ ਕਰਨ ਵਿੱਚ ਮਦਦ ਕਰ ਸਕਦੀਆਂ ਹਨ। ਇੰਝ ਇਹ ਤਕਨਾਲੋਜੀ ਭਵਿੱਖ ਦੀਆਂ ਪੀੜ੍ਹੀਆਂ ਲਈ ਵਿਰਸੇ ਨੂੰ ਸੰਭਾਲਣ ਵਿੱਚ ਮਦਦ ਕਰਦੀ ਹੈ।

**ਡਿਜੀਟਲ ਮੀਡੀਆ ਅਤੇ ਮਨੋਰੰਜਨ:** ਏ.ਆਈ. ਡਿਜੀਟਲ ਮੀਡੀਆ ਅਤੇ ਮਨੋਰੰਜਨ ਦੇ ਖੇਤਰ ਵਿੱਚ ਅਹਿਮ ਭੂਮਿਕਾ ਨਿਭਾਅ ਰਿਹਾ ਹੈ, ਜਿਸ ਦੀ ਬਦੌਲਤ ਪੰਜਾਬੀ ਗਾਇਕਾਂ ਅਤੇ ਕਲਾਕਾਰਾਂ ਲਈ ਦੂਰ-ਦੁਰੇਡੇ ਦੇ ਦਰਸ਼ਕਾਂ ਤੇ ਸਰੋਤਿਆਂ ਤੱਕ ਪਹੁੰਚ ਕਰਨੀ ਸੰਭਵ ਹੋ ਚੁੱਕੀ ਹੈ। ਏ.ਆਈ. ਆਧਾਰਿਤ ਐਪਸ ਅਤੇ ਸਿਫ਼ਾਰਿਸ਼ ਕਰਨ ਯੋਗ ਸਿਸਟਮ ਪੰਜਾਬੀ ਸੱਭਿਆਚਾਰ ਵਿੱਚ ਦਿਲਚਸਪੀ ਰੱਖਣ ਵਾਲੇ ਵਿਅਕਤੀਆਂ ਲਈ ਪੰਜਾਬੀ ਸੰਗੀਤ, ਫ਼ਿਲਮਾਂ, ਸਾਹਿਤ ਅਤੇ ਕਲਾ ਨੂੰ ਉਤਸ਼ਾਹਿਤ ਕਰਨ ਵਿੱਚ ਮਦਦ ਕਰਦੀਆਂ ਹਨ। ਉਨ੍ਹਾਂ ਲਈ ਜਾਣਕਾਰੀ ਦੀ ਉਪਲਬਧਤਾ ਨੂੰ ਵਧਾਉਂਦੀਆਂ ਹਨ।

**ਸਿੱਖਿਆ ਅਤੇ ਸਿਖਲਾਈ:** ਏ.ਆਈ. ਪੰਜਾਬੀ ਸੱਭਿਆਚਾਰ ਨਾਲ ਸਬੰਧਤ ਜਾਣਕਾਰੀ ਪ੍ਰਦਾਨ ਕਰਨ, ਇਸ ਬਾਰੇ ਜਾਨਣ ਤੇ ਇਸ ਨੂੰ ਮਾਨਣ ਦੇ ਅਨੁਭਵਾਂ ਵਿੱਚ ਵਾਧਾ ਕਰਦੀ ਹੈ। ਔਨਲਾਈਨ ਪਲੇਟਫਾਰਮ ਅਤੇ ਏ.ਆਈ. ਆਧਾਰਿਤ ਇੰਟਰਐਕਟਿਵ ਵਿੱਦਿਅਕ ਟੂਲ ਸਿੱਖਿਆ ਪ੍ਰਾਪਤੀ ਦੇ ਅਨੁਭਵ ਵਿੱਚ ਵਾਧਾ ਕਰ ਰਹੇ ਹਨ। ਕੋਵਿਡ ਵਰਗੀ ਮਹਾਂਮਾਰੀ ਦੇ ਦੌਰ ਵਿੱਚ ਤੇ ਉਸ ਤੋਂ ਬਾਅਦ

⇒ ਬਾਕੀ ਅਗਲੇ ਸਫੇ ਉੱਤੇ ਪੜ੍ਹੋ

# ਏ.ਆਈ. ਦੇ ਪੰਜਾਬੀ ਸੱਭਿਆਚਾਰ ਉੱਤੇ ਨੁਕਸਾਨਦੇਹ ਪ੍ਰਭਾਵ

ਬੇਸ਼ਕ ਏ.ਆਈ. ਦੇ ਬਹੁਤ ਸਾਰੇ ਫਾਇਦੇ ਹਨ, ਪਰ ਇਸ ਦੇ ਕੁਝ ਕੁ ਢੰਗਾਂ ਰਾਹੀਂ ਪੰਜਾਬੀ ਸੱਭਿਆਚਾਰ ਨੂੰ ਨੁਕਸਾਨ ਪਹੁੰਚਾਉਣ ਦਾ ਵੀ ਖ਼ਦਸ਼ਾ ਹੈ। ਏ.ਆਈ. ਦੇ ਅਜਿਹੇ ਸੰਭਾਵੀ ਨੁਕਸਾਨਦੇਹ ਪ੍ਰਭਾਵਾਂ ਦਾ ਵਰਨਣ ਇੰਝ ਹੈ:

**ਭਾਸ਼ਾ ਅਤੇ ਸੱਭਿਆਚਾਰਕ ਅਨੁਕੂਲਤਾ:** ਏ.ਆਈ. ਸਿਸਟਮ ਅਣਜਾਣੇ ਵਿੱਚ ਪੰਜਾਬੀ ਭਾਸ਼ਾ ਅਤੇ ਸੱਭਿਆਚਾਰਕ ਤੱਤਾਂ ਨੂੰ ਗਲਤ ਢੰਗ ਨਾਲ ਪੇਸ਼ ਕਰ ਸਕਦੇ ਹਨ। ਜੇ ਏ.ਆਈ. ਐਲਗੋਰਿਦਮ ਨੂੰ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਬਾਰੇ ਸਹੀ ਤੇ ਵਿਆਪਕ ਜਾਣਕਾਰੀ ਉਪਲਬਧ ਨਹੀਂ ਤਾਂ ਉਹ ਅਜਿਹੀ ਸਮੱਗਰੀ ਮੁਹੱਈਆ ਕਰਵਾ ਸਕਦੇ ਹਨ, ਜੋ ਪੰਜਾਬੀ ਸੱਭਿਆਚਾਰ ਨੂੰ ਗਲਤ ਢੰਗ ਨਾਲ ਪੇਸ਼ ਕਰੇ ਜਾਂ ਰੂੜ੍ਹੀਵਾਦੀ ਧਾਰਨਾਵਾਂ ਦੀ ਪ੍ਰੋੜਤਾ ਕਰਦੀ ਹੋਵੇ, ਜਿਸ ਨਾਲ ਸੱਭਿਆਚਾਰਕ ਰਵਾਇਤਾਂ ਅਤੇ ਕਦਰਾਂ-ਕੀਮਤਾਂ ਨੂੰ ਕਮਜ਼ੋਰ ਕਰਨਾ ਜਾਂ ਵਿਗਾੜਨਾ ਸੰਭਵ ਹੋ ਸਕਦਾ ਹੈ।



**ਸੱਭਿਆਚਾਰਕ ਸਮਰੂਪਤਾ (Cultural Homogeinzaiton):** ਏ.ਆਈ. ਸੰਚਾਲਿਤ ਸਿਸਟਮਾਂ ਦੀ ਵਿਆਪਕ ਵਰਤੋਂ ਸਾਨੂੰ ਸੱਭਿਆਚਾਰਕ ਸਮਰੂਪਤਾ ਵੱਲ ਧੱਕ ਸਕਦੀ ਹੈ, ਜਿਸ ਕਾਰਨ ਪ੍ਰਮੁੱਖ ਸਭਿਆਚਾਰ ਦੇ ਰੁਝਾਨ ਜਾਂ ਤਰਜੀਹਾਂ ਵਿਭਿੰਨ ਸੱਭਿਆਚਾਰਾਂ ਦੀ ਵੰਨ-ਸੁਵੰਨਤਾ ਨੂੰ ਖ਼ਤਮ ਕਰ ਸਕਦੀਆਂ ਹਨ। ਫਲਸਰੂਪ ਅਸੀਂ ਪੰਜਾਬੀ ਸੱਭਿਆਚਾਰ ਦੇ ਵਿਲੱਖਣ ਪਹਿਲੂਆਂ ਨੂੰ ਗੁਆ ਲਵਾਂਗੇ, ਕਿਉਂਕਿ ਏ.ਆਈ. ਦੁਆਰਾ ਸੰਚਾਲਿਤ ਸਿਸਟਮ ਪ੍ਰਮੁੱਖ ਸੱਭਿਆਚਾਰ ਸਬੰਧਤ ਸਮੱਗਰੀ ਦਾ ਹੀ ਪ੍ਰਚਾਰ ਤੇ ਪ੍ਰਸਾਰ ਕਰ ਰਹੇ ਹੋਣਗੇ।

**ਪੱਖਪਾਤ ਅਤੇ ਵਿਤਕਰਾ:** ਏ.ਆਈ. ਸਿਸਟਮ ਜੇ ਪੱਖਪਾਤੀ (ibased) ਗਿਆਨ ਭੰਡਾਰ ਉੱਤੇ ਸਿਖਲਾਈ ਪ੍ਰਾਪਤ ਹੈ ਤਾਂ ਉਹ ਸਮਾਜਿਕ ਅਤੇ ਸੱਭਿਆਚਾਰਕ ਬਿਰਤਾਂਤਾਂ ਬਾਰੇ ਪੱਖਪਾਤ ਵਿਚਾਰਾਂ ਦਾ ਪ੍ਰਸਾਰ ਕਰ ਸਕਦਾ ਹੈ। ਇੰਝ ਜੇ ਏ.ਆਈ. ਐਲਗੋਰਿਦਮ ਨਿਰਪੱਖ ਅਤੇ ਵਿਸਤਾਰਿਤ ਡੈਟਾ ਆਧਾਰਿਤ ਤਿਆਰ ਨਹੀਂ ਕੀਤੇ ਗਏ ਹਨ, ਤਾਂ ਉਹ ਮੌਜੂਦਾ ਵਿਤਕਰਿਆ ਜਾਂ ਸਬੰਧਤ ਸੱਭਿਆਚਾਰਕ ਸਮੂਹ ਵਿਰੁੱਧ ਪੱਖਪਾਤੀ ਰੁਝਾਨ ਨੂੰ ਵਧੇਰੇ ਪ੍ਰਬਲਤਾ ਬਖ਼ਸ਼ ਸਕਦੇ ਹਨ। ਪੰਜਾਬੀ ਸੱਭਿਆਚਾਰ ਦੇ ਸਹੀ ਪ੍ਰਗਟਾਵੇ ਅਤੇ ਪ੍ਰਸਾਰ ਨੂੰ ਪ੍ਰਭਾਵਿਤ ਕਰ ਸਕਦੇ ਹਨ।

**ਆਰਥਿਕ ਰੁਕਾਵਟਾਂ:** ਏ.ਆਈ. ਆਧਾਰਿਤ ਸਵੈਚਾਲਿਤ ਮਸ਼ੀਨਾਂ ਦੇ ਵਿਕਾਸ ਨਾਲ ਇਹ ਕਈ ਉਦਯੋਗਾਂ ਵਿੱਚ ਮਨੁੱਖਾਂ ਲਈ ਨੌਕਰੀਆਂ ਦੇ ਖਾਤਮੇ ਦਾ ਕਾਰਨ ਬਣ ਸਕਦੀ ਹੈ। ਅਜਿਹੇ ਖੇਤਰ ਵਿੱਚ ਪੰਜਾਬੀ ਸੱਭਿਆਚਾਰ ਨਾਲ ਸਬੰਧਿਤ ਉਦਯੋਗ ਵੀ ਸ਼ਾਮਲ ਹਨ। ਏ.ਆਈ. ਆਧਾਰਿਤ ਯੰਤਰਾਂ ਦੁਆਰਾ ਵੱਡੇ ਪੱਧਰ ਉੱਤੇ ਪੈਦਾ ਕੀਤੀਆਂ ਗਈਆਂ ਤਬਦੀਲੀਆਂ ਰਵਾਇਤੀ ਕਿੱਤਿਆਂ, ਜਿਵੇਂ ਕਿ ਦਸਤਕਾਰੀ ਜਾਂ ਕਲਾਤਮਕ ਪ੍ਰਦਰਸ਼ਨਾਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਅਜਿਹਾ ਵਰਤਾਰਾ ਸਥਾਨਕ ਆਰਥਿਕਤਾ ਅਤੇ ਪੰਜਾਬੀ ਕਾਰੀਗਰਾਂ ਤੇ ਕਲਾਕਾਰਾਂ ਦੀ ਰੋਜ਼ੀ-ਰੋਟੀ ਨੂੰ ਪ੍ਰਭਾਵਿਤ ਕਰ ਸਕਦਾ ਹੈ।

**ਨਿੱਜੀ ਜਾਣਕਾਰੀ ਅਤੇ ਡੇਟਾ ਸਬੰਧੀ ਚਿੰਤਾਵਾਂ:** ਏ.ਆਈ. ਵੱਡੀ ਮਾਤਰਾ ਵਿੱਚ ਡੇਟਾ ਉੱਤੇ ਨਿਰਭਰ ਕਰਦੀ ਹੈ ਅਤੇ ਨਿੱਜੀ ਡੇਟਾ ਦਾ ਸੰਗ੍ਰਹਿ ਤੇ ਵਰਤੋਂ ਨਿੱਜੀ ਸੁਰੱਖਿਆ ਸਬੰਧਤ ਚਿੰਤਾਵਾਂ ਨੂੰ ਵਧਾਉਂਦਾ ਹੈ। ਜੇਕਰ ਨਿੱਜੀ ਜਾਂ ਸੱਭਿਆਚਾਰਕ ਡੇਟਾ ਨੂੰ ਗਲਤ ਢੰਗ ਨਾਲ ਵਰਤਿਆ ਜਾਂਦਾ ਹੈ ਜਾਂ ਬਿਨਾ ਸਹਿਮਤੀ ਤੋਂ ਵਰਤਿਆ ਜਾਂਦਾ ਹੈ, ਤਾਂ ਇਹ ਪੰਜਾਬੀ ਭਾਈਚਾਰੇ ਦੇ ਮੈਂਬਰਾਂ ਦੀ ਨਿੱਜੀ ਸੁਰੱਖਿਆ ਨੂੰ ਹਾਨੀ ਪਹੁੰਚਾਉਣ ਦਾ ਕਾਰਨ ਬਣ ਸਕਦਾ ਹੈ।

**ਪਰੰਪਰਾਗਤ ਹੁਨਰ ਅਤੇ ਗਿਆਨ ਦਾ ਨੁਕਸਾਨ:** ਏ.ਆਈ. ਟੈਕਨਾਲੋਜੀ ਉੱਤੇ ਵਧਦੀ ਨਿਰਭਰਤਾ ਦੇ ਨਤੀਜੇ ਵਜੋਂ ਪੰਜਾਬੀ ਸੱਭਿਆਚਾਰ ਨਾਲ ਜੁੜੇ ਰਵਾਇਤੀ ਹੁਨਰ ਅਤੇ ਗਿਆਨ ਵਿੱਚ ਘਾਟ ਆ ਸਕਦੀ ਹੈ। ਜੇਕਰ ਏ.ਆਈ. ਆਧਾਰਿਤ ਸਿਸਟਮ ਪਰੰਪਰਾਗਤ ਤਰੀਕਿਆਂ ਜਾਂ ਸਿਖਲਾਈ ਕਾਰਜਾਂ ਦਾ ਬਦਲ ਬਣ ਜਾਂਦੀਆਂ ਹਨ, ਤਾਂ ਪੀੜ੍ਹੀ ਦਰ ਪੀੜ੍ਹੀ ਚਲੀ ਆ ਰਹੇ ਸੱਭਿਆਚਾਰਕ ਹੁਨਰ, ਕਾਰੀਗਰੀ ਤੇ ਮੁਹਾਰਤ ਗੁਆਚ ਸਕਦੇ ਹਨ।

ਇਨ੍ਹਾਂ ਸੰਭਾਵੀ ਨੁਕਸਾਨਾਂ ਨੂੰ ਘੱਟ ਕਰਨ ਲਈ ਏ.ਆਈ. ਸਿਸਟਮਾਂ ਦੇ ਵਿਕਾਸ ਅਤੇ ਪ੍ਰਸਾਰ ਕਾਰਜਾਂ ਵਿੱਚ ਪੰਜਾਬੀ ਭਾਈਚਾਰੇ ਦੀ ਸਰਗਰਮ ਸ਼ਮੂਲੀਅਤ ਜ਼ਰੂਰੀ ਹੈ। ਏ.ਆਈ. ਐਲਗੋਰਿਦਮ ਵਿੱਚ ਵਿਭਿੰਨਤਾ, ਨਿਰਪੱਖਤਾ ਅਤੇ ਨੈਤਿਕ ਵਿਚਾਰਾਂ ਨੂੰ ਉਤਸ਼ਾਹਿਤ ਕਰਨ ਦੇ ਨਾਲ ਨਾਲ ਸੱਭਿਆਚਾਰਕ ਅਧਿਕਾਰਾਂ ਅਤੇ ਨਿੱਜਤਾ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ, ਪੰਜਾਬੀ ਸੱਭਿਆਚਾਰ ਨੂੰ ਸੰਭਾਵੀ ਮਾੜੇ ਪ੍ਰਭਾਵਾਂ ਤੋਂ ਬਚਾਉਣ ਲਈ ਲਾਜ਼ਮੀ ਕਦਮ ਹਨ।

# ਪੰਜਾਬੀ ਸੱਭਿਆਚਾਰ ਨੂੰ ਏ.ਆਈ. ਦੀਆਂ ਚੁਣੌਤੀਆਂ ਤੋਂ ਛੁਟਕਾਰਾ ਕਿਵੇਂ ਮਿਲੇ?

ਪੰਜਾਬੀ ਸੱਭਿਆਚਾਰ ਦੇ ਪ੍ਰਮੁੱਖ ਪੱਖਾਂ ਨੂੰ, ਏ.ਆਈ. ਦੁਆਰਾ ਦਰਪੇਸ਼ ਚੁਣੌਤੀਆਂ ਦਾ ਹੱਲ ਕਰਨ ਲਈ, ਪੰਜਾਬੀ ਲੋਕ ਹੇਠ ਲਿਖੇ ਸਰਗਰਮ ਕਦਮ ਚੁੱਕ ਸਕਦੇ ਹਨ,

**ਸੱਭਿਆਚਾਰਕ ਸਿੱਖਿਆ ਅਤੇ ਜਾਗਰੂਕਤਾ:** ਪੰਜਾਬੀ ਭਾਈਚਾਰੇ ਅੰਦਰ ਸੱਭਿਆਚਾਰਕ ਸਿੱਖਿਆ ਅਤੇ ਜਾਗਰੂਕਤਾ ਨੂੰ ਉਤਸ਼ਾਹਿਤ ਕਰਨਾ ਬਹੁਤ ਜ਼ਰੂਰੀ ਹੈ। ਅੱਜ ਲੋੜ ਹੈ ਕਿ ਅਸੀਂ ਪੰਜਾਬੀ ਸੱਭਿਆਚਾਰ ਦੇ ਵਿਭਿੰਨ ਪੱਖਾਂ, ਇਸ ਦੀਆਂ ਪਰੰਪਰਾਵਾਂ ਅਤੇ ਕਦਰਾਂ-ਕੀਮਤਾਂ ਬਾਰੇ ਸਹੀ ਪ੍ਰਚਾਰ ਤੇ ਪ੍ਰਸਾਰ ਵੱਲ ਧਿਆਨ ਦੇਈਏ ਅਤੇ ਆਪਣੀ ਸੱਭਿਆਚਾਰਕ ਪਛਾਣ ਨੂੰ ਸੁਰੱਖਿਅਤ ਰੱਖਣ ਦੀ ਲੋੜੀਂਦੇ ਕਦਮ ਉਠਾਉਂਦੇ ਹੋਏ ਏ.ਆਈ. ਤਕਨੀਕਾਂ ਦੇ ਵਿਕਾਸ ਤੇ ਵਰਤੋਂ ਕਾਰਜਾਂ ਨਾਲ ਸਰਗਰਮ ਰੂਪ ਵਿੱਚ ਜੁੜੀਏ।

**ਭਾਈਚਾਰਕ ਸਾਂਝ:** ਭਾਈਚਾਰਕ ਸਾਂਝ ਅਤੇ ਸਹਿਯੋਗ ਨੂੰ ਉਤਸ਼ਾਹਿਤ ਕਰਨਾ ਜ਼ਰੂਰੀ ਹੈ। ਪੰਜਾਬੀ ਭਾਈਚਾਰੇ ਅਤੇ ਸੰਸਥਾਵਾਂ ਨੂੰ ਏ.ਆਈ. ਦੁਆਰਾ ਸਾਡੇ ਸੱਭਿਆਚਾਰ ਨੂੰ ਦਰਪੇਸ਼ ਚੁਣੌਤੀਆਂ ਨਾਲ ਨਜਿੱਠਣ ਲਈ ਸਾਂਝੇ ਤੌਰ ਉੱਤੇ ਉਚਿਤ ਕਦਮ ਉਠਾਉਣ ਦੀ ਡਾਢੀ ਲੋੜ੍ਹ ਹੈ। ਏ.ਆਈ. ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਇਨ੍ਹਾਂ ਬੁਰੇ ਪ੍ਰਭਾਵਾਂ ਦਾ ਉਚਿਤ ਹੱਲ ਲੱਭਣ ਲਈ ਸੱਭਿਆਚਾਰਕ ਸਮਾਗਮਾਂ, ਵਰਕਸ਼ਾਪਾਂ ਅਤੇ ਸੈਮੀਨਾਰਾਂ ਆਦਿ ਦਾ ਆਯੋਜਨ ਕਰਨਾ ਲਾਹੇਵੰਦ ਹੋ ਸਕਦਾ ਹੈ।

**ਨੈਤਿਕਤਾ ਆਧਾਰਿਤ ਏ.ਆਈ. ਦਾ ਸਮਰਥਨ:** ਪੰਜਾਬੀ ਲੋਕ ਨੈਤਿਕ ਗੁਣਾਂ ਆਧਾਰਿਤ ਏ.ਆਈ. ਸਿਸਟਮਾਂ ਦੇ ਵਿਕਾਸ ਤੇ ਪ੍ਰਸਾਰ ਨੂੰ ਉਤਸ਼ਾਹਿਤ ਕਰ ਸਕਦੇ ਹਨ ਤਾਂ ਜੋ ਸੱਭਿਆਚਾਰਕ ਵਿਭਿੰਨਤਾ ਅਤੇ ਨਿਰਪੱਖਤਾ ਨੂੰ ਕਾਇਮ ਰੱਖਣਾ ਸੰਭਵ ਹੋ ਸਕੇ। ਏ.ਆਈ. ਸਿਸਟਮਾਂ ਵਿੱਚ ਸੰਭਾਵੀ ਪੱਖਪਾਤ ਅਤੇ ਵਿਤਕਰੇ ਬਾਰੇ ਜਾਗਰੂਕਤਾ ਪੈਦਾ ਕਰਦੇ ਹੋਏ ਸਾਨੂੰ ਇਹ ਯਕੀਨੀ ਬਣਾਉਣ ਵੱਲ ਧਿਆਨ ਦੇਣਾ ਹੋਵੇਗਾ ਕਿ ਏ.ਆਈ. ਐਲਗੋਰਿਦਮ ਪੰਜਾਬੀ ਸੱਭਿਆਚਾਰ ਨੂੰ ਬਿਨਾ ਕਿਸੇ ਨੁਕਸ ਦੇ ਸਹੀ ਰੂਪ ਵਿੱਚ ਪੇਸ਼ ਕਰਨ।

**ਏ.ਆਈ. ਸਿਸਟਮਾਂ ਦੇ ਵਿਕਾਸ ਵਿੱਚ ਸਰਗਰਮ ਸ਼ਮੂਲੀਅਤ:** ਸਾਨੂੰ ਏ.ਆਈ. ਤਕਨਾਲੋਜੀਆਂ ਦੇ ਵਿਕਾਸ ਤੇ ਪ੍ਰਸਾਰ ਕਾਰਜਾਂ ਵਿੱਚ ਸਰਗਰਮੀ ਨਾਲ ਭਾਗ ਲੈਣਾ ਚਾਹੀਦਾ ਹੈ। ਅਜਿਹਾ ਕਰਨ ਲਈ ਸਾਨੂੰ ਏ.ਆਈ. ਸਿਸਟਮਾਂ ਦੇ ਖੋਜੀਆਂ, ਇੰਜੀਨੀਅਰਾਂ ਅਤੇ ਨੀਤੀ ਘਾੜ੍ਹਿਆਂ ਨਾਲ ਸਬੰਧ ਸਥਾਪਿਤ ਕਰਨੇ ਹੋਣਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪ੍ਰਚਲਿਤ ਅਤੇ ਨਵੇਂ ਬਣਾਏ ਜਾ ਰਹੇ ਏ.ਆਈ. ਸਿਸਟਮ ਸਾਡੀਆਂ ਸੱਭਿਆਚਾਰਕ ਲੋੜਾਂ ਅਤੇ ਕਦਰਾਂ-ਕੀਮਤਾਂ ਨਾਲ ਮੇਲ ਖਾਂਦੇ ਹੋਣ। ਵਿਭਿੰਨ ਏ.ਆਈ. ਸਿਸਟਮਾਂ ਬਾਰੇ ਇਨਪੁਟ ਅਤੇ ਫੀਡਬੈਕ ਦੇ ਕੇ ਅਸੀਂ ਏ.ਆਈ. ਤਕਨੀਕਾਂ ਦੇ ਡਿਜ਼ਾਈਨ, ਵਿਕਾਸ, ਪ੍ਰਸਾਰ ਅਤੇ ਵਰਤੋਂ ਕਾਰਜਾਂ ਨੂੰ ਪ੍ਰਭਾਵਿਤ ਕਰ ਸਕਦੇ ਹਾਂ।

**ਟੈਕਨਾਲੋਜੀ ਸਥਾਨੀਕਰਨ ਅਤੇ ਅਨੁਕੂਲਨ:** ਅਸੀਂ ਆਪਣੇ ਸੱਭਿਆਚਾਰ ਦੀਆਂ ਲੋੜਾਂ ਅਤੇ ਸੰਦਰਭਾਂ (contexts) ਨੂੰ ਬਿਹਤਰ ਢੰਗ ਨਾਲ ਅਨੁਕੂਲ ਬਣਾਉਣ ਲਈ (adaptaiton) ਏ.ਆਈ. ਤਕਨੀਕਾਂ ਦੇ ਸਥਾਨੀਕਰਨ (locailzaiton) ਲਈ ਕੰਮ ਕਰ ਸਕਦੇ ਹਾਂ। ਇਸ ਵਿੱਚ ਪੰਜਾਬੀ ਭਾਈਚਾਰੇ ਦੀਆਂ ਲੋੜ੍ਹਾਂ ਦੀ ਪੂਰਤੀ ਲਈ ਪੰਜਾਬੀ ਭਾਸ਼ਾ ਦੇ ਉਚਿਤ ਮਾਡਲਾਂ, ਡੇਟਾਸੈਟਾਂ ਅਤੇ ਐਪਲੀਕੇਸ਼ਨਾਂ ਦਾ ਵਿਕਾਸ ਕਰਨਾ ਹੋਵੇਗਾ। ਸਾਨੂੰ ਇਸ ਗੱਲ ਵੱਲ ਵੀ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ ਕਿ ਭਾਸ਼ਾ ਦੀ ਖ਼ਾਸੀਅਤ ਅਤੇ ਸੱਭਿਆਚਾਰਕ ਵਿਲੱਖਣਤਾਵਾਂ ਦੀ ਹਿਫ਼ਾਜ਼ਤ ਹੋ ਸਕੇ।

**ਉੱਦਮਤਾ ਅਤੇ ਨਵੀਆਂ ਖੋਜਾਂ:** ਏ.ਆਈ. ਦੇ ਖੋਜ ਤੇ ਨਿਰਮਾਣ ਖੇਤਰਾਂ ਵਿੱਚ ਪੰਜਾਬੀਆਂ ਅੰਦਰ ਉੱਦਮਤਾ ਅਤੇ ਨਵੀਆਂ ਖੋਜਾਂ ਨੂੰ ਉਤਸ਼ਾਹਿਤ ਕਰਦੇ ਹੋਏ ਅਸੀਂ ਆਪਣੇ ਸੱਭਿਆਚਾਰ ਉੱਤੇ ਏ.ਆਈ. ਦੇ ਪ੍ਰਭਾਵ ਨੂੰ ਸਹੀ ਰੂਪ ਦੇ ਸਕਦੇ ਹੈ। ਏ.ਆਈ. ਐਪਲੀਕੇਸ਼ਨਾਂ ਉੱਤੇ ਕੰਮ ਕਰ ਰਹੇ ਪੰਜਾਬੀ ਉੱਦਮੀਆਂ ਅਤੇ ਖੋਜਕਾਰਾਂ ਦੀ ਮਦਦ ਕਰਕੇ, ਪੰਜਾਬੀ ਲੋਕ ਆਪਣੀਆਂ ਸੱਭਿਆਚਾਰਕ ਉਮੰਗਾਂ ਨਾਲ ਮੇਲ ਖਾਂਦੀਆਂ ਏ.ਆਈ. ਤਕਨਾਲੋਜੀਆਂ ਦੇ ਵਿਕਾਸ ਵਿੱਚ ਵਾਧਾ ਕਰ ਸਕਦੇ ਹਨ।

**ਰਵਾਇਤੀ ਹੁਨਰਾਂ ਅਤੇ ਸਬੰਧਤ ਸਿਖਲਾਈ ਕਾਰਜਾਂ ਨੂੰ ਮਜ਼ਬੂਤ ਕਰਨਾ:** ਨਵੀਂ ਟੈਕਨਾਲੋਜੀ ਨੂੰ ਅਪਣਾਉਂਦੇ ਹੋਏ, ਪੰਜਾਬੀ ਸੱਭਿਆਚਾਰ ਦੇ ਅੰਦਰ ਪ੍ਰਚਲਿਤ ਰਵਾਇਤੀ ਹੁਨਰਾਂ ਅਤੇ ਸਬੰਧਤ ਸਿਖਲਾਈ ਕਾਰਜਾਂ ਦੀ ਕਦਰ ਕਰਨਾ ਤੇ ਉਨ੍ਹਾਂ ਨੂੰ ਉਤਸ਼ਾਹਿਤ ਕਰਨਾ ਜ਼ਰੂਰੀ ਹੈ। ਪਰੰਪਰਾਗਤ ਕਾਰੀਗਰਾਂ, ਸੰਗੀਤਕਾਰਾਂ ਅਤੇ ਕਲਾਕਾਰਾਂ ਨੂੰ ਉਤਸ਼ਾਹਿਤ ਕਰ ਕੇ ਤੇ ਉਨ੍ਹਾਂ ਦੀ ਮਦਦ ਕਰਦੇ ਹੋਏ ਅਸੀਂ ਪੰਜਾਬੀ ਸੱਭਿਆਚਾਰ ਦੀ ਪ੍ਰਮਾਣਿਕਤਾ ਅਤੇ ਅਮੀਰੀ ਨੂੰ ਸੁਰੱਖਿਅਤ ਰੱਖ ਸਕਦੇ ਹਾਂ।

ਏ.ਆਈ. ਤਕਨਾਲੋਜੀਆਂ ਨਾਲ ਸਰਗਰਮੀ ਨਾਲ ਜੁੜ ਕੇ, ਨੈਤਿਕ ਸਿਖਲਾਈ ਕਾਰਜਾਂ ਨੂੰ ਉਤਸ਼ਾਹਿਤ ਕਰਕੇ ਅਤੇ ਪੰਜਾਬੀ ਸੱਭਿਆਚਾਰ ਦੀਆਂ ਮੂਲ ਕਦਰਾਂ-ਕੀਮਤਾਂ ਨੂੰ ਸੁਰੱਖਿਅਤ ਰੱਖ ਕੇ, ਅਸੀਂ ਆਪਣੀ ਸੱਭਿਆਚਾਰਕ ਵਿਰਾਸਤ ਦੀ ਰਾਖੀ ਕਰਦੇ ਹੋਏ ਤੇ ਚੁਣੌਤੀਆਂ ਨਾਲ ਟੱਕਰ ਲੈਂਦੇ ਹੋਏ, ਏ.ਆਈ. ਸਿਸਟਮਾਂ ਦੀ ਵਰਤੋਂ ਤੋਂ ਸੰਭਾਵੀ ਲਾਭ ਉਠਾ ਸਕਦੇ ਹਾਂ।

## ਪੰਜਾਬੀ ਸੱਭਿਆਚਾਰ ਦੀ ਪ੍ਰਫੁੱਲਤਾ ਵਿੱਚ ਏ.ਆਈ. ਦਾ ਯੋਗਦਾਨ

ਵਰਚੁਅਲ ਕਲਾਸਰੂਮ ਅਤੇ ਔਨਲਾਈਨ ਟਿਊਸ਼ਨ ਪ੍ਰਦਾਨ ਕਰਨ ਵਿੱਚ ਇਸ ਤਕਨਾਲੋਜੀ ਦਾ ਅਸਰ ਵਿਸ਼ਵ ਭਰ ਵਿੱਚ ਤੇਜ਼ੀ ਨਾਲ ਫੈਲਿਆ ਹੈ। ਏ.ਆਈ. ਸੰਚਾਲਿਤ ਸਿਸਟਮ ਸਿੱਖਿਆਰਥੀਆਂ ਨੂੰ ਪੰਜਾਬੀ ਇਤਿਹਾਸ, ਭਾਸ਼ਾ, ਸੰਗੀਤ ਅਤੇ ਕਲਾਵਾਂ ਦੇ ਵੱਖ-ਵੱਖ ਪਹਿਲੂਆਂ ਦੀ ਪੜਚੋਲ ਕਰਨ ਅਤੇ ਸਮਝਣ ਦੇ ਯੋਗ ਬਣਾਉਂਦੇ ਹਨ।




**ਸੱਭਿਆਚਾਰਕ ਅਦਾਨ-ਪ੍ਰਦਾਨ ਅਤੇ ਗਲੋਬਲ ਪਹੁੰਚ:** ਅਜੋਕੇ ਸਮੇਂ ਦੌਰਾਨ ਏ.ਆਈ. ਟੈਕਨਾਲੋਜੀ ਆਧਾਰਿਤ ਸੋਸ਼ਲ ਮੀਡੀਆ ਪਲੇਟਫਾਰਮ ਸੱਭਿਆਚਾਰਕ ਅਦਾਨ-ਪ੍ਰਦਾਨ ਦੀ ਸਹੂਲਤ ਮੁਹੱਈਆ ਕਰਵਾ ਰਹੇ ਹਨ ਅਤੇ ਪੰਜਾਬੀ ਸੱਭਿਆਚਾਰ ਨੂੰ ਵਿਸ਼ਵ-ਵਿਆਪੀ ਦਰਸ਼ਕਾਂ ਤੱਕ ਪਹੁੰਚਾਉਣ ਵਿੱਚ ਮਦਦਗਾਰ ਸਾਬਤ ਹੋ ਰਹੇ ਹਨ। ਅਜਿਹੇ ਸਿਸਟਮ ਲੋਕਾਂ ਨੂੰ ਉਨ੍ਹਾਂ ਦੀ ਪਸੰਦ ਦੇ ਆਧਾਰ ਅਨੁਸਾਰ ਪੰਜਾਬੀ ਸਮੱਗਰੀ ਨਾਲ ਜੋੜਨ ਵਿੱਚ ਮਦਦ ਕਰਦੇ ਹਨ।

**ਭਾਈਚਾਰਕ ਵਿਕਾਸ ਅਤੇ ਸਸ਼ਕਤੀਕਰਨ:** ਏ.ਆਈ. ਪੰਜਾਬੀ ਸੱਭਿਆਚਾਰ ਦੇ ਅੰਦਰ ਭਾਈਚਾਰਕ ਵਿਕਾਸ ਅਤੇ ਸਸ਼ਕਤੀਕਰਨ ਵਿੱਚ ਯੋਗਦਾਨ ਪਾ ਰਿਹਾ ਹੈ। ਏ.ਆਈ. ਜਿਹੀ ਤਕਨਾਲੋਜੀ ਸੰਚਾਲਿਤ ਵਿਸ਼ਲੇਸ਼ਣ ਸਮਾਜਿਕ ਮੁੱਦਿਆਂ ਦੀ ਪਛਾਣ ਕਰਨ ਵਿੱਚ ਮਦਦ ਕਰ ਰਹੇ ਹਨ ਅਤੇ ਨੀਤੀ ਘਾੜਿਆਂ ਤੇ ਕਮਿਊਨਿਟੀ ਲੀਡਰਾਂ ਨੂੰ ਇਨ੍ਹਾਂ ਮੁੱਦਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਵਿੱਚ ਮਦਦ ਕਰ ਰਹੇ ਹਨ। ਏ.ਆਈ. ਸੰਚਾਲਿਤ ਸਿਸਟਮ ਪੰਜਾਬੀ ਭਾਈਚਾਰੇ ਦੇ ਅੰਦਰ ਮੇਲ-ਮਿਲਾਪ ਅਤੇ ਸਾਂਝੀਵਾਲਤਾ ਦੀ ਸਹੂਲਤ ਮੁਹੱਈਆ ਕਰਵਾ ਰਹੇ ਹਨ। ਇੰਝ ਇਹ ਤਕਨਾਲੋਜੀ ਭਾਈਚਾਰਕ ਏਕਤਾ ਤੇ ਸਮੂਹਿਕ ਤਰੱਕੀ ਨੂੰ ਉਤਸ਼ਾਹਿਤ ਕਰ ਰਹੀ ਹੈ।

ਬੇਸ਼ਕ ਏ.ਆਈ. ਹੌਲੇ-ਹੌਲੇ ਪੰਜਾਬੀ ਸੱਭਿਆਚਾਰ ਨੂੰ ਵਧੇਰੇ ਭਰਪੂਰ ਬਣਾ ਰਹੀ ਹੈ, ਪਰ ਅਜੇ ਇਹ ਆਪਣੇ ਜੀਵਨ ਦੌਰ ਦੇ ਮੁੱਢਲੇ ਪੜਾਅ ਉੱਤੇ ਹੀ ਹੈ। ਭਵਿੱਖ ਵਿੱਚ ਇਸ ਖੇਤਰ ਵਿੱਚ ਹੋਰ ਖੋਜ ਅਤੇ ਵਿਕਾਸ ਹੋਣ ਦੀ ਵੱਡੀ ਸੰਭਾਵਨਾ ਹੈ। ਅੱਜ ਲੋੜ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਏ.ਆਈ. ਦਾ ਪ੍ਰਭਾਵ, ਪੰਜਾਬੀ ਸੱਭਿਆਚਾਰ ਦੀ ਪ੍ਰਮਾਣਿਕਤਾ ਅਤੇ ਵਿਲੱਖਣਤਾ ਨੂੰ ਬਰਕਰਾਰ ਰੱਖਦੇ, ਇਸ ਦੀਆਂ ਕਦਰਾਂ-ਕੀਮਤਾਂ ਅਤੇ ਉਮੰਗਾਂ ਨਾਲ ਮੇਲ ਖਾਂਦਾ ਹੋਵੇ।

# ਬਲੈਕ ਟੀ



**ਜਦੋਂ ਇਤਫਾਕ ਨਾ ਰਹੇ ਤੇ ਰਿਸ਼ਤੇ ਵਿੱਚ ਖਲਾਅ ਪੈ ਜਾਵੇ ਤਾਂ ਜ਼ਿੰਦਗੀ ਵਿੱਚ ਘੁੰਮਣਘੇਰੀਆਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਰਿਸ਼ਤਿਆਂ ਵਿੱਚ ਪਿਆਰ, ਸਤਿਕਾਰ, ਕਦਰ ਘਟਣ ਨਾਲ ਜਦੋਂ ਨਿੱਕੀਆਂ ਨਿੱਕੀਆਂ ਨੋਕਾਂ-ਝੋਕਾਂ ਵੱਡੇ ਤਕਰਾਰ ਦਾ ਕਾਰਨ ਬਣ ਜਾਣ ਤਾਂ ਰਿਸ਼ਤੇ ਵਿੱਚ ਤਰੇੜਾਂ ਪ੍ਰਤੱਖ ਉਭਰ ਆਉਂਦੀਆਂ ਹਨ ਅਤੇ ਮਨਾਂ ਵਿੱਚ ਵੱਡੇ ਫਾਸਲੇ ਪੈ ਜਾਂਦੇ ਹਨ। ਅਜਿਹੇ ਬਿਰਤਾਂਤ ਨੂੰ ਸਿਰਜਦੀ ਇਹ ਕਹਾਣੀ ਜ਼ਿੰਦਗੀ ਦੇ ਉਤਰਾਅ-ਚੜ੍ਹਾਅ ਪੇਸ਼ ਕਰਦੀ ਹੋਈ ਮੁੜ-ਮੁੜ ਇੱਕੋ ਬਿੰਦੂ 'ਤੇ ਇੱਕ-ਦੂਜੇ ਨੂੰ ਮਿਲਣ ਦੀ ਗਵਾਹੀ ਭਰਦੀ ਹੈ।**

## ਕਹਾਣੀ



ਸਿਮਰਨ ਧਾਲੀਵਾਲ

ਸਾਰਾ ਦਿਨ ਨਿੱਕਾ-ਨਿੱਕਾ ਮੀਂਹ ਪੈਂਦਾ ਰਿਹਾ।

ਅੰਬਰ ਅਜੇ ਵੀ ਬੱਦਲਾਂ ਨਾਲ ਭਰਿਆ ਪਿਆ ਹੈ। ਇਹ ਮੌਸਮ ਰਸ਼ਮੀ ਨੂੰ ਬੇਹੱਦ ਪਿਆਰਾ ਲੱਗਦਾ ਹੁੰਦਾ ਸੀ, ਪਰ ਅੱਜ ਇਹ ਮੌਸਮ ਉਸਨੂੰ ਪਿਆਰਾ ਨਹੀਂ ਸੀ ਲੱਗ ਰਿਹਾ। ਉਸਦਾ ਮਨ ਬੁੱਝਿਆ ਪਿਆ ਸੀ। ਉਸਨੇ ਆਪਣੀਆਂ ਕਲਾਸਾਂ ਖਤਮ ਕੀਤੀਆਂ ਤੇ ਘਰ ਆ ਗਈ। ਪ੍ਰੋਫੈਸਰ ਤ੍ਰੇਹਨ ਨੇ ਉਸਨੂੰ ਬਹੁਤ ਕਿਹਾ ਸੀ ਕਿ ਮੌਸਮ ਸੁਹਾਣਾ ਹੈ, ਰੁਕ ਜਾਓ। ਚਾਹ ਪਕੌੜੇ ਤੇ ਗੱਲਾਂ ਦਾ ਦੌਰ ਜਮਾਉਂਦੇ ਹਾਂ; ਪਰ ਰਸ਼ਮੀ ਨੂੰ ਜਿਵੇਂ ਕੋਈ ਕਾਹਲ ਜਿਹੀ ਪੈ ਰਹੀ ਸੀ। ਉਸਨੇ ਕਿਤਾਬਾਂ ਸਮੇਟੀਆਂ। ਬੈਗ ਚੁੱਕਿਆ ਤੇ ਛੱਤਰੀ ਤਾਣੀ, ਢਿੱਲੇ ਜਿਹੇ ਕਦਮੀਂ ਤੁਰਦੀ ਕਾਰ ਵਿੱਚ ਜਾ ਬੈਠੀ।

ਰੋਜ਼ ਵਾਂਗ ਅੱਜ ਸੜਕਾਂ ਉੱਪਰ ਭੀੜ ਨਹੀਂ ਸੀ। ਰੋਜ਼ ਵਾਂਗ ਹੀ ਅੱਜ ਰਸ਼ਮੀ ਨੇ ਗੱਡੀ ਵਿੱਚ ਮਿਊਜ਼ਿਕ ਨਹੀਂ ਸੀ ਚਲਾਇਆ। ਉਹ ਉਲਝੀ ਹੋਈ ਸੀ, ਕਿਸੇ ਸੋਚ ਵਿੱਚ, ਕਿਸੇ ਗੱਲ ਵਿੱਚ। ਹੋਰ ਤਾਂ ਹੋਰ ਅੱਜ ਪੂਰਾ ਦਿਨ ਉਸਨੇ ਆਪਣੇ ਮੋਬਾਇਲ ਦਾ ਇੰਟਰਨੈਟ ਨਹੀਂ ਸੀ ਆਨ ਕੀਤਾ।

ਉਫ਼...ਕਿੰਨਾ ਬੋਰਿੰਗ ਦਿਨ ਸੀ ਇਹ!

...ਤੇ ਹੁਣ ਰਸ਼ਮੀ ਖਿੜਕੀ ਸਾਹਮਣੇ ਖੜੀ ਬਾਹਰ ਝਾਕ ਰਹੀ ਸੀ; ਪਿਛਲੇ ਘੰਟੇ ਭਰ ਤੋਂ। ਕੰਮ ਵਾਲੀ ਕੁੜੀ ਦੋ ਵਾਰ ਪੁੱਛ ਗਈ ਸੀ ਕਿ ਦੀਦੀ ਕੁਝ ਖਾਣਾ ਪੀਣਾ ਹੈ? ਪਰ ਰਸ਼ਮੀ ਨੂੰ ਤਾਂ ਜਿਵੇਂ ਨਾ ਭੁੱਖ ਸੀ, ਨਾ ਪਿਆਸ। ਉਸ ਅੰਦਰ ਕੁਝ ਟੁੱਟ-ਜੁੜ ਰਿਹਾ ਸੀ। ਮੀਂਹ ਇੱਕ ਪਲ ਵਿੱਚ ਦੁਬਾਰਾ ਤੇਜ਼ ਹੋ ਗਿਆ। ਕਣੀਆਂ ਦੀ ਆਵਾਜ਼ ਨਾਲ ਰਸ਼ਮੀ ਦੀ ਸੁਰਤੀ ਟੁੱਟੀ। ਉਸ ਨੂੰ ਖ਼ਿਆਲ ਆਇਆ, ਜਦੋਂ ਉਹ ਪਹਿਲੀ ਵਾਰ ਸ਼ਮੀਲ ਨੂੰ ਮਿਲੀ ਸੀ, ਉਸ ਦਿਨ ਵੀ ਇਸੇ ਤਰ੍ਹਾਂ ਬਾਰਿਸ਼ ਹੋ ਰਹੀ ਸੀ। ਕਾਲਜ ਵਿੱਚ ਛੁੱਟੀਆਂ ਸਨ ਤੇ ਉਹ ਛੁੱਟੀਆਂ ਵਿੱਚ 'ਆਰਟ ਆਫ਼ ਲਿਵਿੰਗ' ਦੀਆਂ ਕਲਾਸਾਂ ਲਗਾਉਣ ਲਈ ਗਈ ਸੀ।

ਪ੍ਰਵੀਨ ਤਨਜ਼ ਨਾਲ ਹੱਸਿਆ ਸੀ, "ਕਮਾਲ ਹੈ! ਹੁਣ ਜ਼ਿੰਦਗੀ ਜਿਊਣੀ ਵੀ ਬਜ਼ਾਰ ਵਿੱਚ ਸਿਖਾਈ ਜਾਣ ਲੱਗੀ ਏ?"

"ਜ਼ਿੰਦਗੀ ਜਿਊਣੀ ਆਉਂਦੀ ਹੀ ਕਿੱਥੇ ਹੈ ਸਾਨੂੰ ਡਾਕਟਰ ਸਾਹਬ? ਇਸੇ ਲਈ ਤਾਂ ਸਿੱਖਣ ਚੱਲੀ ਆਂ।"

...ਤੇ ਉਹ ਕਿਸੇ ਹੋਰ ਤਕਰਾਰ ਤੋਂ ਬਚਣ ਲਈ ਆਪਣਾ ਪਰਸ ਚੁੱਕ ਕੇ ਬੂਹਿਓਂ ਬਾਹਰ ਹੋ ਗਈ, ਨਹੀਂ ਤਾਂ ਸ਼ਾਇਦ, ਇਹ ਗੱਲ ਫੈਲਦੀ ਹੋਈ ਪਤਾ ਨਹੀਂ ਕਿਸ ਪਾਸੇ ਨੂੰ ਤੁਰ ਜਾਂਦੀ ਤੇ ਉਹ ਦੋਵੇਂ ਹਮੇਸ਼ਾ ਵਾਂਗ ਬਹਿਸਦੇ, ਖਿਝਦੇ। ਫਿਰ ਮੂੰਹ ਬਣਾ ਕੇ ਆਪਣੇ ਆਪਣੇ ਕਮਰੇ ਵਿੱਚ ਕੈਦ ਹੋ ਜਾਂਦੇ।

ਇਹੀ ਤਾਂ ਸੰਸਾਰ ਹੈ ਦੋਨਾਂ ਦਾ।

ਰਸ਼ਮੀ ਦੀਆਂ ਸੋਚਾਂ ਸ਼ਮੀਲ ਵੱਲੋਂ ਹਟ ਕੇ ਆਪਣੇ ਪਤੀ ਡਾ. ਪ੍ਰਵੀਨ ਉੱਪਰ ਜਾ ਟਿਕੀਆਂ। ਜਦੋਂ ਉਨ੍ਹਾਂ ਦਾ ਰਿਸ਼ਤਾ ਹੋਇਆ ਸੀ, ਉਦੋਂ ਰਸ਼ਮੀ ਨੇ ਅਜੇ ਨਵਾਂ-ਨਵਾਂ ਹੀ ਕਾਲਜ ਜੁਆਇੰਨ ਕੀਤਾ ਸੀ। ਪ੍ਰਵੀਨ ਉਸਦੀ ਖ਼ੂਬਸੂਰਤੀ 'ਤੇ ਮਰ ਮਿਟਿਆ ਸੀ। ਉਹ ਦਿਨ ਕਿੰਨੇ ਖ਼ੂਬਸੂਰਤ ਦਿਨ ਸਨ!...ਤੇ ਇਹ ਦਿਨ!...ਇਹ ਦਿਨ ਕਿਨੇ ਭੈੜੇ ਦਿਨ ਸਨ। ਰਸ਼ਮੀ ਹਲਕਾ ਜਿਹਾ ਮੁਸਕੁਰਾਈ। ਉਸਦੇ ਹੁਸਨ 'ਤੇ ਡੁੱਲ੍ਹ ਜਾਣ ਵਾਲਾ ਪ੍ਰਵੀਨ ਹੁਣ ਕਿੰਨੇ-ਕਿੰਨੇ ਦਿਨ ਉਸਦੀ ਸ਼ਕਲ ਵੀ ਨਹੀਂ ਸੀ ਦੇਖਦਾ। ਕਦੋਂ ਮਨ ਦੂਰ ਹੋਏ, ਕਦੋਂ ਤਨ ਦੂਰ ਹੋਏ ਤੇ ਕਦੋਂ ਦੋਨਾਂ ਨੇ ਕਮਰੇ ਵੀ ਅਲੱਗ ਕਰ ਲਏ? ਇਸਦਾ ਪਤਾ ਤਾਂ ਜਿਵੇਂ ਉਨ੍ਹਾਂ ਦੋਨਾਂ ਨੂੰ ਵੀ ਨਹੀਂ ਸੀ ਲੱਗਿਆ।

ਘਰ ਵਿੱਚ ਇੱਕ ਡੂੰਘੀ ਚੁੱਪ ਸੀ।

ਉਸੇ ਚੁੱਪ ਨੂੰ ਤੋੜਨ ਲਈ ਰਸ਼ਮੀ ਫੋਨ ਦਾ ਸਹਾਰਾ ਲੈਂਦੀ। ਫੇਸਬੁੱਕ ਉੱਪਰ ਅੱਧੀ ਰਾਤ ਤੀਕ ਉਂਗਲਾਂ ਘੁੰਮਾਉਂਦੀ ਰਹਿੰਦੀ। ਅਣਜਾਣ ਲੋਕਾਂ ਨਾਲ ਚੈਟਿੰਗ ਕਰਦੀ। ਇਹ ਗੱਲਾਂ ਉਸਨੂੰ ਚੰਗੀਆਂ ਲੱਗਦੀਆਂ। ਬਿਨਾ ਸਿਰ-ਪੈਰ ਦੀਆਂ ਗੱਲਾਂ। ਲੋਕਾਂ ਵੱਲੋਂ ਉਸਦਾ ਹਾਲ ਪੁੱਛਿਆ ਜਾਣਾ ਉਸਨੂੰ ਚੰਗਾ ਲੱਗਦਾ। ਕੋਈ ਉਸਨੂੰ ਚਾਹ ਦੇ ਕੱਪ ਦੀ ਤਸਵੀਰ ਭੇਜਦਾ। ਲਿਖਦਾ, ਪਹਿਲੀ ਘੁੱਟ ਤੁਹਾਡੇ ਨਾਮ। ਰਸ਼ਮੀ ਜਿਵੇਂ ਮਿਠਾਸ ਨਾਲ ਭਰ ਜਾਂਦੀ। ਜ਼ਰਾ ਰਿਪਲਾਈ ਨਾ ਕਰਦੀ ਤਾਂ ਸਾਹਮਣੇ ਵਾਲਿਆਂ ਨੂੰ ਫਿਕਰ ਪੈ ਜਾਂਦਾ। ਉਸਦਾ ਸਿਰ ਦਰਦ ਕਰਦਾ ਤਾਂ ਹਵਾ ਵਿੱਚ ਹੀ ਉਸ ਸਿਰ ਦਬਾਉਣ ਵਾਲੇ ਹੱਥ ਪੈਦਾ ਹੋ ਜਾਂਦੇ।

ਉਸ ਇਰਦ-ਗਿਰਦ ਇੱਕ ਭੀੜ ਸੀ।

ਉਸੇ ਭੀੜ ਵਿੱਚੋਂ ਇੱਕ ਚਿਹਰਾ ਉਭਰਿਆ। ਉਹ ਚਿਹਰਾ ਸੀ ਰਵੀ ਦਾ ਚਿਹਰਾ। ਪੰਜਾਬੀ ਸ਼ਾਇਰੀ ਤੇ ਪੀਐੱਚ.ਡੀ. ਕਰ ਰਿਹਾ ਰਵੀ ਰਸ਼ਮੀ ਨੂੰ ਕਵਿਤਾ ਵਰਗਾ ਹੀ ਪਿਆਰਾ ਲੱਗਿਆ ਸੀ। ਦੋਨਾਂ ਵਿਚਕਾਰ ਗੱਲ ਬਾਤ ਵਧੀ। ਗੱਲਾਂ ਵਧੀਆਂ ਤਾਂ ਦੂਰੀਆਂ ਘਟੀਆਂ ...ਤੇ ਦੋਵਾਂ ਨੇ ਇੱਕ ਦੂਜੇ ਨਾਲ ਨੰਬਰ ਸਾਂਝੇ ਕਰ ਲਏ। ਕਦੇ ਰਸ਼ਮੀ ਦੇ ਅੰਦਰੋਂ ਕੋਈ ਆਵਾਜ਼ ਉਠਦੀ। ਉਸਨੂੰ ਇਹ ਸਭ ਇੱਕ ਮ੍ਰਿਗ ਤ੍ਰਿਸ਼ਨਾ ਜਿਹਾ ਲੱਗਦਾ। ਉਹ ਸਹੀ ਗ਼ਲਤ ਵਿੱਚ ਉਲਝ ਜਾਂਦੀ, ਪਰ ਉਸੇ ਪਲ ਉਸਦੇ ਸਾਹਵੇਂ ਪ੍ਰਵੀਨ ਦਾ ਚਿਹਰਾ ਉਭਰ ਆਉਂਦਾ। ਬੱਚਾ ਨਾ ਹੋਣ ਕਰਕੇ ਜੋ ਰਸ਼ਮੀ ਨਾਲ ਖਿਝਿਆ ਰਹਿਣ ਲੱਗਿਆ ਸੀ। ਜਿਸਨੂੰ ਰਸ਼ਮੀ ਵਿੱਚ ਹਜ਼ਾਰਾਂ ਦੋਸ਼ ਨਜ਼ਰ ਆਉਣ ਲੱਗੇ ਸਨ।

ਪ੍ਰਵੀਨ ਜੋ ਗੱਲਾਂ ਕਦੇ ਨਹੀਂ ਸੀ ਕਰਦਾ, ਰਵੀ ਕੋਲੋਂ ਉਹੀ ਗੱਲਾਂ ਸੁਣ ਕੇ ਰਸ਼ਮੀ ਨੂੰ ਲੱਗਦਾ ਜਿਵੇਂ ਇੱਕ ਖਲਾਅ ਇੱਕ ਵਾਰ ਫੇਰ ਤੋਂ ਭਰਿਆ ਗਿਆ ਹੋਵੇ।

ਉਸਨੂੰ ਯਾਦ ਸੀ ਕਿੰਨਾ ਬਹਿਸਦੇ ਸਨ, ਉਹ ਬਹੁਤ ਆਮ ਜਿਹੀਆਂ ਗੱਲਾਂ ਪਿੱਛੇ।

ਪ੍ਰਵੀਨ ਘਰ ਆਉਂਦਾ। ਰਸ਼ਮੀ ਜਿਵੇਂ ਕਿਸੇ ਰੇਡੀਓ ਵਾਂਗ ਸ਼ੁਰੂ ਹੋ ਜਾਂਦੀ। ਆਪਣੇ ਕਾਲਜ ਦੀਆਂ, ਸਟਾਫ਼ ਦੀਆਂ ਗੱਲਾਂ। ਸਹੇਲੀਆਂ ਦੀਆਂ ਗੱਲਾਂ। ਪ੍ਰੋ. ਤ੍ਰੇਹਨ ਨੇ ਇੰਝ ਕਿਹਾ। ਪ੍ਰੋ ਸ਼ਾਲਿਨੀ ਦਾ ਕੁੱਤਾ ਮਰ ਗਿਆ। ...ਤੇ ਪ੍ਰਵੀਨ ਉਸਦੀਆਂ ਇਨ੍ਹਾਂ ਗੱਲਾਂ ਤੋਂ ਉਕਤਾ ਜਾਂਦਾ। ਬਸ ਹੂੰ ਹਾਂ ਕਰਦਾ। ...ਫੇਰ ਦੋਨੋਂ ਇਸ ਗੱਲ ਪਿੱਛੇ ਬਹਿਸਣ ਲੱਗੇ ਕਿ ਪ੍ਰਵੀਨ ਆਪਣੇ ਹਸਪਤਾਲ ਦੀ ਕੋਈ ਗੱਲ ਕਿਉਂ ਨਹੀਂ ਦੱਸਦਾ। ਪ੍ਰਵੀਨ ਆਖਦਾ, ਉਹ ਗ਼ੈਰ-ਜ਼ਰੂਰੀ ਗੱਲਾਂ ਵੱਲ ਧਿਆਨ ਨਹੀਂ ਦਿੰਦਾ। ਰਸ਼ਮੀ ਆਖਦੀ ਤੂੰ ਮੇਰੇ ਨਾਲ ਕੋਈ ਗੱਲ ਕਰਨੀ ਹੀ ਨਹੀਂ ਚਾਹੁੰਦਾ। ਇੰਝ ਮਾਮੂਲੀ ਜਿਹੀ ਗੱਲ ਪਹਾੜ ਬਣ ਜਾਂਦੀ। ਬਹਿਸ ਵੱਧ ਜਾਂਦੀ। ...ਤੇ ਦੋਵੇਂ ਇੱਕ ਦੂਜੇ ਵੱਲ ਪਿੱਠ ਕਰੀ ਸੌਂ ਜਾਂਦੇ। ਕਦੇ ਦੋਨਾਂ ਵਿੱਚ ਫੇਸਬੁੱਕ ਦੀਆਂ ਪੋਸਟਾਂ ਨੂੰ ਲੈ ਕੇ ਤਕਰਾਰ ਛਿੜ ਪੈਂਦਾ। ਰਸ਼ਮੀ ਆਖਦੀ ਤੂੰ ਮੇਰੀ ਪੋਸਟ 'ਤੇ ਕਦੇ ਲਾਈਕ ਕੁਮੈਂਟ ਕਿਉਂ ਨਹੀਂ ਕਰਦਾ। ਪ੍ਰਵੀਨ ਸਮਝਦਾ ਪਤੀ-ਪਤਨੀ ਹੋਣ ਵਿੱਚ ਲਾਈਕ-ਕੁਮੈਂਟ ਦਾ ਤਾਂ ਕੋਈ ਰੋਲ ਨਹੀਂ। ਰਸ਼ਮੀ ਸਟੇਟਸ ਪਾ ਕੇ ਪ੍ਰਵੀਨ ਦੇ ਕੁਮੈਂਟ ਉਡੀਕਦੀ। ਪ੍ਰਵੀਨ ਬਹੁਤੀ ਵਾਰ ਰਸ਼ਮੀ ਦੇ ਸਟੇਟਸ ਅਣਦੇਖੇ ਛੱਡ ਦਿੰਦਾ। ਕਦੇ ਜਨਮ ਦਿਨ ਤੇ ਮੈਰਿਜ ਐਨਵਰਸਰੀ ਮੌਕੇ, ਉਨ੍ਹਾਂ ਵਿੱਚ ਇਸ ਗੱਲ ਤੋਂ ਝਗੜਾ ਹੋ ਜਾਂਦਾ ਕਿ ਪ੍ਰਵੀਨ ਫੇਸਬੁੱਕ ਉੱਪਰ ਪੋਸਟ ਪਾ ਕੇ ਉਸਨੂੰ ਜਨਮ ਦਿਨ ਵਿਸ਼ ਕਿਉਂ ਨਹੀਂ ਕਰਦਾ। ਇਸ ਝਗੜੇ ਵਿੱਚ ਪ੍ਰਵੀਨ ਦੇ ਲਿਆਂਦੇ ਹੋਏ ਗਿਫ਼ਟ ਵੀ ਉਹ ਨਜ਼ਰਅੰਦਾਜ਼ ਕਰ ਦਿੰਦੀ।

ਇਹ ਬਹੁਤ ਨਿੱਕੀਆਂ ਗੱਲਾਂ ਉਨ੍ਹਾਂ ਵਿਚਕਾਰ ਇੱਕ ਵਿੱਥ ਬਣਾਉਣ ਲੱਗੀਆਂ।

ਰਸ਼ਮੀ ਆਪਣੀਆਂ ਕੁਲੀਗਜ਼ ਨਾਲ ਆਪਣੀ ਜ਼ਿੰਦਗੀ ਦਾ ਮੁਕਾਬਲਾ ਕਰਦੀ। ਪ੍ਰਵੀਨ ਹਰ ਮੁਕਾਬਲੇ ਨੂੰ ਮਾੜਾ ਮੰਨਦਾ। ਉਹ ਆਖਦਾ, ਇੱਕ ਦੀ ਨਾ ਤਾਂ ਜ਼ਿੰਦਗੀ ਤੇ ਨਾ ਹੀ ਸੋਚ ਕਿਸੇ ਦੂਜੇ ਵਰਗੀ ਹੋ ਸਕਦੀ ਹੈ। ਇੰਝ ਉਹ ਦੋਵੇਂ ਪੂਰਬ-ਪੱਛਮ ਬਣੇ ਰਹਿੰਦੇ। ...ਤੇ ਕਈ ਵਾਰ ਤਾਂ ਦੋਵੇਂ ਕਈ-ਕਈ ਦਿਨ ਇੱਕ ਦੂਜੇ ਨਾਲ ਜ਼ੁਬਾਨ ਵੀ ਸਾਂਝੀ ਨਾ ਕਰਦੇ। ਫਿਰ ਜ਼ੁਬਾਨ ਤੋਂ ਵੀ ਅੱਗੇ, ਅਲੱਗ-ਅਲੱਗ ਕਮਰਿਆਂ ਦੀ ਦੁਨੀਆਂ ਵਿੱਚ ਵਸਦੇ ਦੋਵੇਂ ਜਣੇ, ਇੱਕ ਦੂਜੇ ਦਾ ਚਿਹਰਾ ਵੀ ਕਈ-ਕਈ ਦਿਨ ਨਾ ਦੇਖਦੇ।

ਰਸ਼ਮੀ ਨੇ ਜਿਵੇਂ ਸਿਰ ਨੂੰ ਝਟਕਿਆ। ਉਸਨੂੰ ਲੱਗਿਆ, ਰਵੀ ਦੇ ਖ਼ਿਆਲਾ ਸਾਹਵੇਂ ਉਹ ਕਿਉਂ ਪ੍ਰਵੀਨ ਦੇ ਖ਼ਿਆਲਾਂ ਵਿੱਚ ਉਲਝ ਰਹੀ ਹੈ। ਰਵੀ ਦੀਆਂ ਗੱਲਾਂ ਵਿੱਚ ਉਹ ਦਿਨ ਰਾਤ ਗੁਆਚੀ ਰਹਿੰਦੀ ਸੀ। ਸਾਰਾ ਦਿਨ ਦੋਨੋਂ ਚੈਟ ਕਰਦੇ। ਸ਼ਾਮੀਂ ਸੈਰ ਕਰਦਿਆਂ, ਦੋਨਾਂ ਵਿਚਕਾਰ ਲੰਮੀ ਫੋਨ ਕਾਲ ਹੁੰਦੀ। ਫਿਰ ਵੀ ਇਉਂ ਲੱਗਦਾ ਜਿਵੇਂ ਗੱਲਾਂ ਮੁੱਕੀਆਂ ਹੀ ਨਾ ਹੋਣ। ਫੋਨ ਤੋਂ ਪਾਰ ਦੋਨਾਂ ਵਿਚਕਾਰ ਮੁਲਾਕਾਤਾਂ ਦਾ ਸਿਲਸਿਲਾ ਸ਼ੁਰੂ ਹੋਇਆ। ਸ਼ਾਮਾਂ ਜਿਵੇਂ ਹੋਰ ਖ਼ੂਬਸੂਰਤ ਹੋ ਲੱਗੀਆਂ। ਸਰਦੀਆਂ ਦੀਆਂ ਧੁੱਪਾਂ ਜਿਵੇਂ ਹੋਰ ਨਿੱਘੀਆਂ ਲੱਗਣ ਲੱਗੀਆਂ।

ਰਵੀ ਰਸ਼ਮੀ ਦੀ ਖ਼ੂਬਸੂਰਤੀ ਦੀ ਤਾਰੀਫ਼ ਕਰਦਾ। ਉਸਦੀ ਅਵਾਜ਼ ਨੂੰ ਮਿੱਠੀ ਦੱਸਦਾ। ਉਹ ਕੋਈ ਤਸਵੀਰ ਸ਼ੋਸਲ ਮੀਡੀਆਂ 'ਤੇ ਪਾਉਂਦੀ ਮਗਰੋਂ, ਰਵੀ ਦਾ ਕੁਮੈਂਟ ਉਸ ਉੱਤੇ ਪਹਿਲਾਂ ਆ ਜਾਂਦਾ। ਰਵੀ ਦੀਆਂ ਇਹੀ ਗੱਲਾਂ ਤਾਂ ਉਸਨੂੰ ਪ੍ਰਵੀਨ ਨਾਲੋਂ ਚੰਗੀਆਂ ਲੱਗਦੀਆਂ, ਪਰ ਇਹ ਨਿੱਘਾ ਜਿਹਾ ਅਹਿਸਾਸ ਜ਼ਿਆਦਾ ਦੇਰ ਕਾਇਮ ਨਾ ਰਿਹਾ। ਰਵੀ ਨੇ ਵਿਆਹ ਕਰਵਾ ਲਿਆ। ਉਹ ਆਪਣੀ ਜ਼ਿੰਦਗੀ ਵਿੱਚ ਗੁਆਚ ਗਿਆ। ਗੱਲਾਂ ਘਟ ਗਈਆਂ। ਮੁਲਾਕਾਤਾਂ ਦਾ ਸਿਲਸਿਲਾ ਖ਼ਤਮ ਹੋ ਗਿਆ। ਰਸ਼ਮੀ ਤੜਫ਼ ਉਠੀ। ਫੇਰ ਤੋਂ ਜਿਵੇਂ ਇਕੱਲੀ ਪੈ ਗਈ। ਪ੍ਰਵੀਨ ਦੇ ਹੋਣ ਦਾ ਉਸਨੂੰ ਜਿਵੇਂ ਕੋਈ ਅਹਿਸਾਸ ਹੀ ਨਾ ਹੁੰਦਾ।

ਰਸ਼ਮੀ ਨੂੰ ਯਾਦ ਆਇਆ, ਕਿਵੇਂ ਬਹੁਤ ਛੋਟੀਆਂ ਗੱਲਾਂ ਲਈ ਵੀ ਉਹ ਪ੍ਰਵੀਨ ਵੱਲੋਂ ਤਰਸਦੀ ਰਹੀ ਸੀ। ਉਹ ਆਪਣੀ ਮਾਂ ਵੱਲ ਜਾਂਦੀ। ਉੱਥੇ ਵੀ ਦੋਨੋਂ ਫੋਨ ਉੱਪਰ ਬਹਿਸ ਪੈਂਦੇ। ਰਸ਼ਮੀ ਨੂੰ ਸ਼ਿਕਵਾ ਹੁੰਦਾ, ਤੂੰ ਮੈਨੂੰ ਮਿਸ ਨਹੀਂ ਕਰਦਾ। ਪ੍ਰਵੀਨ ਆਖਦਾ ਦਿਨ ਵਿੱਚ ਚਾਰ ਵਾਰ ਤੈਨੂੰ ਫੋਨ ਕਰਦਾ, ਹੋਰ ਮਿਸ ਕਿਵੇਂ ਕਰੀਦਾ? ...ਤੇ ਰਸ਼ਮੀ ਗੱਲ ਨੂੰ ਕੋਈ ਦੂਜਾ ਰੁਖ ਦੇ ਦਿੰਦੀ। ਦੋਨਾਂ ਵਿੱਚ ਤਕਰਾਰ ਹੁੰਦਾ। ਰਸ਼ਮੀ ਮੂੰਹ ਫੁਲਾ ਲੈਂਦੀ। ਪ੍ਰਵੀਨ ਸਿਰ ਫੜ੍ਹ ਕੇ ਬੈਠ ਜਾਂਦਾ। ਇੱਕ ਦੀ ਜਿਊਣ ਵਿਧੀ ਦੂਜੇ ਦੇ ਫਿੱਟ ਨਾ ਬੈਠਦੀ।

ਇਉਂ ਬਹਿਸਦਿਆਂ, ਰੁਸਦਿਆਂ-ਮੰਨਦਿਆਂ ਦੋਨਾਂ ਨੇ ਰਿਸ਼ਤੇ ਦੇ ਦਸ ਸਾਲ ਬੀਤਾ ਲਏ ਸਨ।

ਸ਼ਾਇਦ ਅਲੱਗ ਹੋਣ ਦਾ ਖ਼ਿਆਲ ਦੋਨਾਂ ਦੇ ਹੀ ਮਨਾਂ ਵਿੱਚ ਆਇਆ ਹੋਵੇ, ਪਰ ਇਹ ਖ਼ਿਆਲ ਦੋਨਾਂ ਦੀ ਹੀ ਜ਼ੁਬਾਨ 'ਤੇ ਕਦੀ ਨਹੀਂ ਸੀ ਆਇਆ। ਦੋਨਾਂ ਨੂੰ ਇੱਕ ਦੂਜੇ ਦਾ ਕੁਝ ਵੀ ਪਸੰਦ ਨਹੀਂ ਸੀ ਆਉਂਦਾ। ਜਿਸਦਾ ਬਹੁਤ ਕੁਝ ਪਸੰਦ ਸੀ, ਉਹ ਰਵੀ ਆਪਣੇ ਸੰਸਾਰ ਵਿੱਚ ਰੁੱਝ ਗਿਆ ਸੀ। ਗੱਲ ਘਟਦੀ-ਘਟਦੀ ਬੰਦ ਹੋ ਗਈ। ਦੋਨਾਂ ਨੇ ਹੀ ਇੱਕ ਦੂਜੇ ਦੇ ਸਟੇਟਸ ਦੇਖਣੇ ਬੰਦ ਕਰ ਦਿੱਤੇ। ਇੰਝ ਕਰਕੇ ਜਿਵੇਂ ਦੋਨਾਂ ਨੂੰ ਸਕੂਨ ਮਿਲਿਆ ਹੋਵੇ। ਕੁਲੀਗਜ਼ ਰਸ਼ਮੀ ਦੇ ਉਦਾਸ ਚਿਹਰੇ ਵਿੱਚੋਂ ਕੁਝ ਲੱਭਦੀਆਂ ਰਹਿੰਦੀਆਂ, ਪਰ ਉਹ ਕਿਸੇ ਨੂੰ ਕੁਝ ਨਾ ਦੱਸਦੀ। ਰਵੀ ਦਾ ਨਾ ਹੋਣਾ ਉਸਨੂੰ ਖਲਦਾ, ਪਰ ਉਸ ਤੋਂ ਵੀ ਵੱਧ ਰਵੀ ਦਾ ਕਿਸੇ ਹੋਰ ਦਾ ਹੋਣਾ ਉਸਨੂੰ ਪ੍ਰੇਸ਼ਾਨ ਕਰਦਾ।



ਗਰਮੀਆਂ ਦੀ ਛੁੱਟੀਆਂ ਸਨ।

ਪ੍ਰੋ. ਤ੍ਰੇਹਨ ਨੇ ਉਸਨੂੰ 'ਆਰਟ ਆਫ਼ ਲਿਵਿੰਗ' ਦੀਆਂ ਕਲਾਸਾਂ ਲਗਾਉਣ ਲਈ ਆਖਿਆ।

ਘਰ ਰਸ਼ਮੀ ਨੂੰ ਕਿਸੇ ਬੰਦ ਗੁਫ਼ਾ ਵਾਂਗ ਲੱਗ ਰਿਹਾ ਸੀ। ਉਸਨੇ ਝੱਟ ਕਲਾਸਾਂ ਜੁਆਇੰਨ ਕਰ ਲਈਆਂ। ਉਸੇ ਕਲਾਸ ਵਿੱਚ ਰਸ਼ਮੀ ਸ਼ਮੀਲ ਨੂੰ ਮਿਲੀ ਸੀ। ਸ਼ਮੀਲ ਦਾ ਚਿਹਰਾ ਸ਼ਿਵ ਕੁਮਾਰ ਬਟਾਲਵੀ ਵਰਗਾ ਲੱਗਿਆ ਸੀ ਉਸਨੂੰ। ਲੰਮਾ ਕੱਦ, ਘੁੰਗਰਾਲੇ ਵਾਲ। ਬੜਾ ਧੀਮਾ ਜਿਹਾ ਬੋਲਦਾ ਸੀ ਸ਼ਮੀਲ। ਰਸ਼ਮੀ ਨੇ ਉਸਨੂੰ ਦੇਖਦਿਆਂ ਸਾਰ ਹੀ ਸੋਚਿਆ ਸੀ ਕਿ ਇਹ ਜ਼ਰੂਰ ਕੋਈ ਲੇਖਕ-ਕਲਾਕਾਰ ਹੈ। ...ਤੇ ਸੱਚਮੁਚ ਸ਼ਮੀਲ ਚਿੱਤਰਕਾਰ ਸੀ। ਉਸਨੇ ਕਲਾਸ ਵਿੱਚ ਹੀ ਸਭ ਕੋਲ ਆਪਣੀ ਆਰਟ ਗੈਲਰੀ ਦਾ ਜ਼ਿਕਰ ਕੀਤਾ ਸੀ। ਇੱਕ ਸ਼ਾਮ ਰਸ਼ਮੀ ਬਿਨਾ ਕੁਝ ਸੋਚੇ, ਗੱਡੀ ਚੁੱਕ ਕੇ ਸ਼ਮੀਲ ਦੀ ਆਰਟ ਗੈਲਰੀ ਵਿੱਚ ਪਹੁੰਚ ਗਈ।

ਸ਼ਮੀਲ ਵੀ ਰਸ਼ਮੀ ਨੂੰ ਦੇਖ ਕੇ ਹੈਰਾਨ ਹੋਇਆ।

"ਚਲੋ ਉੱਥੇ ਕੋਈ ਤਾਂ ਰੰਗਾਂ ਨੂੰ ਪਿਆਰ ਕਰਨ ਵਾਲਾ ਹੈ।" ਉਸਨੇ ਰਸ਼ਮੀ ਦੀ ਤਾਰੀਫ਼ ਕੀਤੀ।

"ਰੰਗਾਂ ਨੂੰ ਤਾਂ ਸਾਰੇ ਹੀ ਪਿਆਰ ਕਰਦੇ ਨੇ, ਬਸ ਰੰਗਾਂ ਨੂੰ ਸਮਝਦਾ ਕੋਈ-ਕੋਈ ਹੈ।" ਦੋਨੋਂ ਝੜੀਆਂ ਫਿਲਾਸਫ਼ੀ ਭਰੀਆਂ ਗੱਲਾਂ ਕਰਦੇ ਰਹੇ।

"ਕਲਾਕਾਰ ਬੰਦਿਆਂ ਨੂੰ ਕੀ ਜ਼ਰੂਰਤ ਹੈ ਆਰਟ ਆਫ਼ ਲਿਵਿੰਗ ਦੀ। ਇਹ ਤਾਂ ਸਾਡੇ ਵਰਗੇ ਆਮ ਲੋਕਾਂ ਦੇ ਸਿਖਣ ਵਾਲੀ ਚੀਜ਼ ਹੈ।" ਰਸ਼ਮੀ ਮੁਸਕੁਰਾਈ।

"ਜਿਊਣਾ ਸਾਨੂੰ ਆਉਂਦਾ ਹੀ ਕਿੱਥੇ ਹੈ ਜੀ...!" ਉਹ ਬਹੁਤ ਲੰਮੀ ਚਰਚਾ ਜ਼ਿੰਦਗੀ ਬਾਰੇ, ਜ਼ਿੰਦਗੀ ਜਿਊਣ ਬਾਰੇ ਕਰਦੇ ਰਹੇ। ਇਸ ਦੌਰਾਨ ਉਨ੍ਹਾਂ ਦੋ ਵਾਰ ਚਾਹ ਵੀ ਪੀ ਲਈ ਸੀ। ਘਰ ਮੁੜਨ ਮੌਕੇ ਰਸ਼ਮੀ ਦੇ ਹੱਥ ਵਿੱਚ ਸ਼ਮੀਲ ਦੀ ਬਣਾਈ ਹੋਈ ਪੇਂਟਿੰਗ ਸੀ। ...ਤੇ ਘਰ ਆ ਕੇ ਰਸ਼ਮੀ ਨੇ ਸਭ ਤੋਂ ਪਹਿਲਾਂ ਆਪਣੇ ਫੇਸਬੁੱਕ ਅਕਾਊਂਟ ਉੱਪਰ ਸ਼ਮੀਲ ਦਾ ਨਾਮ ਸਰਚ ਕੀਤਾ। ਸਭ ਤੋਂ ਉੱਪਰ ਸ਼ਮੀਲ ਦੀ ਹੀ ਪ੍ਰੋਫਾਈਲ ਸੀ। ਰਸ਼ਮੀ ਨੇ ਉਸਦੀ ਤਸਵੀਰ ਨੂੰ ਜ਼ੂਮ ਕਰਕੇ ਦੇਖਿਆ।

ਕਿਆ ਖ਼ੂਬਸੂਰਤ ਦਿਨ ਸੀ ਉਹ!

ਅੱਜ ਦੇ ਇਸ ਦਿਨ ਨਾਲੋਂ ਬਿਲਕੁੱਲ ਅਲੱਗ ਦਿਨ।

ਰਸ਼ਮੀ ਨੇ ਸ਼ਮੀਲ ਦੇ ਹੱਥਾਂ ਦੀ ਬਣੀ ਉਹ ਪੇਂਟਿੰਗ, ਆਪਣੇ ਬੈੱਡਰੂਮ ਦੀ ਦੀਵਾਰ 'ਤੇ ਲਗਾਈ। ਤਸਵੀਰ ਖਿੱਚੀ ਤੇ ਸ਼ਮੀਲ ਨੂੰ ਮੈਸੇਂਜਰ ਵਿੱਚ ਭੇਜ ਦਿੱਤੀ, ਪਰ ਦੋ ਦਿਨ ਨਾ ਤਾਂ ਉਸਨੇ ਮੈਸੇਜ਼ ਦੇਖਿਆ ਤੇ ਨਾ ਹੀ ਰਸ਼ਮੀ ਦੀ ਰੀਕੁਐਸਟ ਕਬੂਲ ਕੀਤੀ। ਆਰਟ ਲਿਵਿੰਗ ਕਲਾਸਾਂ ਦਾ ਆਖਰੀ ਦਿਨ ਸੀ। ਰਸ਼ਮੀ ਸ਼ਮੀਲ ਨਾਲ ਗੱਲ ਕਰਨਾ ਚਾਹੁੰਦੀ ਸੀ, ਪਰ ਉਥੇ ਗੱਲ ਕਰਨ ਦਾ ਕੋਈ ਮਾਹੌਲ ਹੀ ਨਹੀਂ ਸੀ। ਸ਼ਾਇਦ ਚਾਹੁੰਦਾ ਤਾਂ ਸ਼ਮੀਲ ਵੀ ਹੋਵੇ, ਪਰ ਚਿਹਰੇ ਉੱਪਰ ਚੁੱਪ ਲੈ ਕੇ ਉਸ ਦਿਨ ਦੋਨੋਂ ਆਪਣੇ ਆਪਣੇ ਰਾਹ ਪੈ ਗਏ ਸਨ।

ਦੋ ਦਿਨ ਬਾਅਦ ਫੇਸਬੁਕ ਉੱਪਰ ਹੀ ਸ਼ਮੀਲ ਦਾ ਮੈਸੇਜ਼ ਆਇਆ। ਗੱਲ ਬਾਤ ਸ਼ੁਰੂ ਹੋਈ। ਫਿਰ ਗੱਲ ਲਗਾਤਾਰ ਹੋਣ ਲੱਗੀ। ਫੋਨ ਕਾਲਾਂ ਦਾ ਸਿਲਸਿਲਾ ਸ਼ੁਰੂ ਹੋਇਆ ਤੇ ਉਸ ਤੋਂ ਬਾਅਦ ਮੁਲਾਕਾਤਾਂ ਦਾ। ਕਾਲਜ ਤੋਂ ਮੁੜਦਿਆਂ, ਰਸ਼ਮੀ ਸ਼ਮੀਲ ਦੀ ਆਰਟ ਗੈਲਰੀ ਵੱਲ ਮੁੜ ਜਾਂਦੀ।

ਦੋਨੋਂ ਇੱਕ ਦੂਜੇ ਨੂੰ ਜਾਣਨ ਲੱਗੇ। ਉਦਾਸੀਆਂ ਵੰਡੀਆਂ। ਦੁੱਖ ਦੱਸੇ। ...ਤੇ ਇੱਕ ਦੂਜੇ ਨਾਲ ਹਾਸੇ ਸਾਂਝੇ ਕਰਨ ਦੇ ਵਾਅਦੇ ਕੀਤੇ। ਦੋਨੋਂ ਨਾ ਜਾਣੇ ਕਿਸ ਖਲਾਅ ਨੂੰ ਭਰਨਾ ਚਾਹੁੰਦੇ ਸਨ।

ਰਸ਼ਮੀ ਨੂੰ ਕਦੇ-ਕਦੇ ਇਹ ਸਭ ਬੜਾ ਅਜੀਬ ਲੱਗਦਾ। ਉਸਨੂੰ ਲੱਗਦਾ ਉਹ ਭਟਕ ਰਹੀ ਹੈ। ਉਸਦੇ ਸਾਹਮਣੇ ਕੋਈ ਮ੍ਰਿਗ ਤ੍ਰਿਸ਼ਨਾ ਹੈ। ਉਸਨੂੰ ਲੱਗਦਾ ਜਿਵੇਂ ਉਹ ਖ਼ੁਦ ਹੀ ਇੱਕ ਇਕੱਲ ਨੂੰ ਘੜੀ ਬੈਠੀ ਹੈ ਤੇ ਹੁਣ ਉਸ ਇਕੱਲ ਨੂੰ ਮੁਕਾਉਣ ਲਈ, ਇਹ ਸਭ ਕਰ ਰਹੀ ਹੈ। ਉਸਨੂੰ ਇਹ ਸਭ ਝੂਠਾ-ਝੂਠਾ ਲੱਗਣ ਲੱਗ ਜਾਂਦਾ। ਉਹ ਸਹੀ-ਗਲਤ ਦਾ ਕੋਈ ਫੈਸਲਾ ਕਰਦੀ, ਇਸ ਤੋਂ ਪਹਿਲਾਂ ਹੀ ਉਸ ਦੀਆਂ ਇਨ੍ਹਾਂ ਸੋਚਾਂ ਉੱਪਰ ਸ਼ਮੀਲ ਦੀਆਂ ਸੋਚਾਂ ਹਾਵੀ ਹੋਣ ਲੱਗਦੀਆਂ।

ਰਸ਼ਮੀ ਨੂੰ ਯਾਦ ਆਇਆ, ਜਿਸ ਦਿਨ ਪਹਿਲੀ ਵਾਰ ਉਹ ਸ਼ਮੀਲ ਨੂੰ ਮਿਲਣ ਲਈ ਗਈ ਸੀ, ਉਸ ਦਿਨ ਵੀ ਅੱਜ ਵਾਂਗ ਬਾਰਿਸ਼ ਹੋ ਰਹੀ ਸੀ।

ਖਿੜਕੀ ਦੇ ਸਾਹਮਣੇ ਖੜੀ ਉਹ ਥੱਕ ਗਈ।

ਸ਼ਾਮ ਗੂੜ੍ਹੀ ਹੋਣ ਲੱਗੀ ਸੀ।

ਬਾਹਰ ਪ੍ਰਵੀਨ ਦੀ ਗੱਡੀ ਆ ਕੇ ਰੁਕੀ। ਫਿਰ ਮੇਨ ਦਰਵਾਜ਼ਾ ਖੁਲ੍ਹਣ ਤੇ ਬੰਦ ਹੋਣ ਦੀ ਆਹਟ ਸੁਣਾਈ ਦਿੱਤੀ। ਪ੍ਰਵੀਨ ਦੀ ਪੈੜ ਚਾਲ ਲੌਬੀ ਵਿੱਚ ਪਹੁੰਚੀ। ਰਸ਼ਮੀ ਬਾਰੀ ਅੱਗਿਓਂ ਹਟ ਕੇ ਸੋਫੇ ਉੱਪਰ ਆਣ ਬੈਠੀ। ਉਸਨੂੰ ਆਪਣਾ ਸਰੀਰ ਪੂਰੀ ਤਰ੍ਹਾਂ ਬੇਜਾਨ ਹੋਇਆ ਲੱਗਿਆ।

ਪ੍ਰਵੀਨ ਦੇ ਆਉਣ ਕਰਕੇ ਕੰਮ ਵਾਲੀ ਕੁੜੀ ਮੁੜ ਚਾਹ ਦਾ ਪੁੱਛਣ ਆਈ। ਰਸ਼ਮੀ ਨੇ ਉਸਨੂੰ ਬਲੈਕ ਟੀ ਬਣਾਉਣ ਲਈ ਆਖ ਦਿੱਤਾ ਤੇ ਨਾਲ ਹੀ ਆਖ ਦਿੱਤਾ ਕਿ ਪ੍ਰਵੀਨ ਨੂੰ ਵੀ ਡਰਾਇੰਗ ਰੂਮ ਵਿੱਚ ਬੁਲਾ ਲਿਆਵੇ। ਬਲੈਕ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਲੰਮਿਆਂ ਰੂਟਾਂ ਨਾਲ ਯਾਰੀ



ਦਾਸਤਾਂ-ਏ-ਸਫਰ

ਨਿੰਮਾ ਡੱਲੇਵਾਲ
ਫੋਨ: 513-432-9754

ਹਰ ਦੇਸ਼ ਦੀ ਤਰ੍ਹਾਂ ਅਮਰੀਕਾ ਦੀ ਵੀ ਰੀੜ੍ਹ ਦੀ ਹੱਡੀ ਹੈ, ਟਰੱਕਿੰਗ ਖੇਤਰ। ਜਿਵੇਂ ਕਿਸੇ ਵੀ ਅੰਗ ਬਿਨਾ ਸਰੀਰ ਅਧੂਰਾ ਹੈ, ਬਿਲਕੁਲ ਇਵੇਂ ਹੀ ਟਰੱਕ ਤੇ ਟਰੱਕ ਡਰਾਈਵਰ ਬਿਨਾ ਹਰ ਦੇਸ਼ ਅਧੂਰਾ ਹੈ ਤੇ ਹਰ ਦੇਸ਼ ਦੀ ਤਰੱਕੀ ਅਧੂਰੀ ਹੈ। ਕਿਸਾਨ, ਫੌਜੀ ਅਤੇ ਡਰਾਈਵਰ- ਇਹ ਤਿੰਨ ਅਨਮੋਲ ਰਤਨ ਜਿਸ ਦੇਸ਼ ਕੋਲ ਹਨ, ਉਸ ਨੂੰ ਤਰੱਕੀ ਦੀਆਂ ਸਿਖਰਾਂ 'ਤੇ ਪਹੁੰਚਣ ਤੋਂ ਕੋਈ ਵੀ ਰੋਕ ਨਹੀਂ ਸਕਦਾ। ਕਿਸਾਨ ਆਪਣੇ ਮੁਲਕ ਦੇ ਲੋਕਾਂ ਦਾ ਢਿੱਡ ਪਾਲਦਾ ਹੈ, ਫੌਜੀ ਕਿਸੇ ਕੰਡਿਆਲੀ ਤਾਰ ਵਾਂਗ ਆਪਣੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਦਾ ਹੈ ਤਾਂ ਕਿ ਦੇਸ਼ ਤੇ ਦੇਸ਼ ਵਾਸੀਆਂ ਨੂੰ ਕੋਈ ਮਾੜੀਆਂ ਨਜ਼ਰਾਂ ਨਾਲ ਨਾ ਦੇਖ ਸਕੇ। ਡਰਾਈਵਰ ਦੇਸ਼ ਵਾਸੀਆਂ ਦੀ ਵਰਤੋਂ ਵਿੱਚ ਆਉਣ ਵਾਲੀਆਂ ਵਸਤਾਂ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ ਪੁੱਜਦੀਆਂ ਕਰਦਾ ਹੈ। ਅਮਰੀਕਾ ਦੇ ਟਰੱਕਿੰਗ ਕਾਰੋਬਾਰ ਵਿੱਚ ਹੋਰ ਭਾਈਚਾਰਿਆਂ ਦੇ ਮੁਕਾਬਲੇ ਪੰਜਾਬੀਆਂ ਦਾ ਵੱਧ ਹਿੱਸਾ ਹੈ। ਉਂਜ ਤਾਂ ਅਮਰੀਕਾ ਦੀ ਹਰ ਸਟੇਟ ਵਿੱਚ ਪੰਜਾਬੀ ਡਰਾਈਵਰ ਵੱਸਦੇ ਹਨ, ਪਰ ਸਭ ਤੋਂ ਵੱਧ ਕੈਲੀਫੋਰਨੀਆ ਦੀ ਧਰਤੀ ਉਤੇ ਪੰਜਾਬੀ ਟਰੱਕਰਾਂ ਦੇ ਝੰਡੇ ਲਹਿਰਾ ਰਹੇ ਹਨ।

ਅਸੀਂ ਵੱਡੇ-ਵੱਡੇ ਸਟੋਰਾਂ ਵਿੱਚ ਖਰੀਦਦਾਰੀ ਕਰਨ ਜਾਂਦੇ ਹਾਂ। ਸੂਈ ਜਿੰਨੀ ਨਿੱਕੀ ਜਿਹੀ ਚੀਜ਼ ਤੋਂ ਲੈ ਕੇ ਵੱਡੀਆਂ ਵੱਡੀਆਂ ਵਸਤਾਂ, ਜੋ ਅਸੀਂ ਲੋੜ ਅਨੁਸਾਰ ਖਰੀਦਦੇ ਹਾਂ, ਉਨ੍ਹਾਂ ਸਟੋਰਾਂ ਵਿੱਚ ਹੀ ਨਹੀਂ ਬਣਦੀਆਂ। ਕਈਆਂ ਨੂੰ ਤਾਂ ਸ਼ਾਇਦ ਇਹ ਵੀ ਪਤਾ ਨਹੀਂ ਹੁੰਦਾ ਕਿ ਕਿਹੜਾ ਸਾਮਾਨ ਕਿੱਥੇ ਬਣਦਾ ਹੈ! ਇਹ ਸਾਰਾ ਸਾਮਾਨ ਇੱਕ ਤੋਂ ਦੂਜੀ ਥਾਂ ਕਈ ਘੰਟਿਆਂ ਜਾਂ ਦਿਨਾਂ ਦਾ ਪੈਂਡਾ ਮਾਰ ਕੇ ਟਰੱਕ ਡਰਾਈਵਰ ਹੀ ਵੇਅਰਹਾਊਸਾਂ ਜਾਂ ਸਟੋਰਾਂ ਵਿੱਚ ਪੁੱਜਦਾ ਕਰਦੇ ਹਨ। ਸਾਡੇ ਨਿੱਤ ਦੇ ਆਹਾਰ ਦਾ ਮੁੱਖ ਹਿੱਸਾ ਹਰੀਆਂ ਸਬਜ਼ੀਆਂ ਤੇ ਫਰੂਟ ਜ਼ਿਆਦਾਤਰ ਕੈਲੀਫੋਰਨੀਆ ਵਿੱਚੋਂ ਉਪਜਦੇ ਹਨ। ਇਹ ਬਾਜ਼ਾਰ ਵਿੱਚੋਂ ਹੁੰਦੇ ਹੋਏ ਸਾਡੀ ਰਸੋਈ ਤੱਕ ਕਿਵੇਂ ਪੁੱਜਦੇ ਹਨ, ਸੋਚਣ ਵਾਲੀ ਗੱਲ ਹੈ। ਇਹ ਇੰਨੀਆਂ ਸੌਖੀਆਂ ਨਹੀਂ ਪੁੱਜਦੀਆਂ। ਫਿਰ ਕਿਵੇਂ ਅੱਪੜਦੀਆਂ ਹਨ ਕੈਲੀਫੋਰਨੀਆ ਦੀ ਧਰਤੀ ਉਤੇ ਜੰਮਣ ਵਾਲੀਆਂ ਹਰੀਆਂ ਸਬਜ਼ੀਆਂ ਮਿਡਵੈਸਟ ਅਤੇ ਨਿਊ ਯਾਰਕ ਦੇ ਬਾਜ਼ਾਰਾਂ ਵਿੱਚ?

ਇੱਕ ਪਿੱਕ ਸੈਂਟਾ ਮਾਰੀਆ ਤੇ ਦੂਜੀ ਪਿੱਕ ਸਲੀਨਸ ਤੋਂ ਕਰ ਕੇ ਫਰਿਜ਼ਨੋ ਜਾਂ ਬੇਕਰਜ਼ਫੀਲਡ ਘਰੇ ਰੁਕ ਕੇ ਪੂਰੇ ਹਫਤੇ ਦੀਆਂ ਰੋਟੀਆਂ ਚੁੱਕ ਰਵਾਨਾ ਹੋ ਜਾਂਦਾ ਹੈ ਹਰ ਟਰੱਕ ਮੰਜ਼ਿਲ ਵੱਲ, ਤੇ ਜਿਹੜੇ ਟਰੱਕ 'ਤੇ 'ਕੱਲੇ 'ਕਹਿਰੇ ਹਨ, ਉਹ ਬੇਕਰਜ਼ਫੀਲਡ 24-7 ਉਤੇ ਰੁਕ ਕੇ ਮਨਪਸੰਦ ਰੋਟੀ ਸਬਜ਼ੀ ਲੈ ਕੇ, ਕੈਲੀਫੋਰਨੀਆ ਤੋਂ ਬਾਹਰ ਨਿਕਲਣ ਜੋਗਾ ਮਹਿੰਗਾ ਡੀਜ਼ਲ ਪੁਆ ਕੇ ਅਤੇ ਗੁਰਾਂ ਨੂੰ ਯਾਦ ਕਰ ਕੇ ਚਾਲੇ ਪਾ ਦਿੰਦੇ ਹਨ ਅਮਰੀਕਾ ਦੇ ਦੂਜੇ ਕੋਨੇ ਵੱਲ। 58 ਦੀਆਂ ਪਹਾੜੀਆਂ ਨੂੰ ਚੀਰਦੇ 5-6 ਘੰਟੇ ਬਾਅਦ ਆ ਵੜਦੇ ਹਨ ਐਰੀਜ਼ੋਨਾ ਦੇ ਸ਼ਹਿਰ ਕਿੰਗ ਮੈਨ, ਜਿੱਥੇ ਆਣ ਕੇ ਥੋੜ੍ਹੇ ਸਸਤੇ ਡੀਜ਼ਲ ਦੇ ਟੈਂਕ ਭਰਾ, ਕੁਝ ਖਾ ਕੇ ਤੇ ਕੌਫੀ ਦਾ ਕੱਪ ਲੈ ਗੇਅਰ ਪਾ ਤੁਰ ਪੈਂਦੇ ਹਨ ਰਹਿੰਦਾ ਸਫਰ ਮੁਕਾਉਣ ਲਈ।

ਫਲੈਗ ਸਟਾਪ ਦੀਆਂ ਸਭ ਤੋਂ ਉਚੀਆਂ ਚੋਟੀਆਂ ਜਿੱਥੇ ਗਰਮੀ ਦੀ ਰੁੱਤ ਵਿੱਚ ਵੀ ਠੰਢ ਪੈਂਦੀ ਹੈ, ਨੂੰ ਪਾਰ ਕਰਦਾ ਹਰ ਟਰੱਕ ਦਾਖਲ ਹੋ ਜਾਂਦਾ ਹੈ ਨਿਊ ਮੈਕਸੀਕੋ ਸਟੇਟ ਵਿੱਚ, ਜਿੱਥੇ ਵੜਨ ਸਾਰ ਫਿਕਰ ਜਿਹਾ ਲੱਗ ਜਾਂਦਾ ਹੈ ਅੱਗੇ ਖੁੱਲ੍ਹੇ ਵੇਟ ਸਟੇਸ਼ਨ ਦਾ, ਕਿਉਂਕਿ ਉਥੇ ਕੁ ਆਣ ਕੇ ਲੌਗਬੁੱਕ ਯਾਨਿ ਡਰਾਈਵ ਦੀ ਟਰਮ ਆਖਰੀ ਪਲਾਂ 'ਤੇ ਆ ਜਾਂਦੀ ਹੈ, ਤੇ ਸਭ ਤੋਂ ਪਹਿਲਾਂ ਨਜ਼ਰ ਟਰੱਕ ਵਿੱਚ ਲੱਗੀ ਬਾਬੇ ਦੀ ਫੋਟੋ 'ਤੇ ਜਾਂਦੀ ਹੈ ਕਿ ਰੱਬਾ ਠੀਕ ਠਾਕ ਸਕੇਲ ਲੰਘ ਜਾਵਾਂ। ਵਾਹਿਗੁਰੂ ਵਾਹਿਗੁਰੂ ਕਰਦਿਆਂ ਸਕੇਲ ਪਾਰ ਹੋ ਜਾਂਦੀ ਹੈ।

ਸੈਂਚਰੀ ਦੀ ਕਮਾਈ ਤੇ ਵੋਲਵੋ ਦੀ ਚਲਾਈ,
ਕੋਈ ਨਾ ਜਵਾਬ ਕੈਨਵਰਥ ਦੇ ਜ਼ੋਰ ਦਾ।
ਘੱਟ ਪੀਵੇ ਤੇਲ ਤੇ ਕੰਮ ਵੀ ਬਰੋਬਰ ਕਰੇ
ਜਿਉਂਦਾ ਰਹੇ ਕੋਲੰਬੀਆ ਜੋ ਪੈਸੇ ਵੱਧ ਜੋੜਦਾ।
'ਠਾਰਾਂ-'ਠਾਰਾਂ ਟੈਰਾਂ, 'ਠਾਰਾਂ-'ਠਾਰਾਂ ਗੇਰਾਂ ਵਾਲਾ
ਰਾਜਾ ਅਖਵਾਏ ਪੀਟਰਬਿਲਟ ਜੀ.ਟੀ. ਰੋਡ ਦਾ।

ਅਣਥੱਕ ਮਿਹਨਤੀ ਪੰਜਾਬੀ ਟਰੱਕਰ ਸੈਨ ਜੌਨ ਜਾ ਕੇ ਹੀ ਬਰੇਕਾਂ ਖਿੱਚਦੇ ਹਨ। ਯੂ.ਐਸ. ਡੀ.ਟੀ.ਓ. ਅਨੁਸਾਰ 24 ਘੰਟਿਆਂ ਵਿੱਚ 11 ਘੰਟੇ ਡਰਾਈਵ ਕਰਨਾ ਅਤੇ 10 ਘੰਟੇ ਸੌਣਾ ਹੁੰਦਾ ਹੈ, ਪਰ ਪੰਜਾਬੀ ਆਪਣੇ ਸੁਭਾਅ ਮੁਤਾਬਕ ਵੱਧ ਘੰਟੇ ਵੀ ਟਰੱਕ ਚਲਾ ਲੈਂਦੇ ਹਨ। ਸੈਨ ਜੌਨ ਪਹੁੰਚ ਕੇ ਵੀ ਉਹ ਪੂਰੇ ਦਸ ਘੰਟੇ ਨਹੀਂ ਸੌਂਦੇ, ਪੰਜ-ਛੇ ਘੰਟੇ ਸੌਂ, ਮੂੰਹ ਹੱਥ ਧੋ, ਕੌਫੀ ਲੈ ਚਾਲੇ ਪਾ ਦਿੰਦੇ ਹਨ ਅਗਾਂਹ ਵੱਲ। ਟੈਕਸਸ ਦੇ 176 ਮੀਲਾਂ ਨੂੰ ਟਾਇਰਾਂ ਥੱਲੇ ਮਲਦੇ ਹੋਏ ਜਾ ਰੁਕਦੇ ਹਨ ਓਕਲਾਹੋਮਾ ਸ਼ਹਿਰ, ਜਿੱਥੇ ਆਣ ਕੇ ਊਣੇ ਹੋਏ ਟੈਂਕ ਹੋਰ ਵੀ ਸਸਤੇ ਡੀਜ਼ਲ ਨਾਲ ਚੰਗੀ ਤਰ੍ਹਾਂ ਫੁੱਲ ਕਰ ਤੇ ਗੈਸ ਬਾਲ ਗਰਮ ਕਰਦੇ ਹਨ ਸਿਰਫ ਦੋ ਰੋਟੀਆਂ, ਕਿਉਂਕਿ ਜ਼ਿਆਦਾ ਰੋਟੀ ਖਾ ਕੇ ਟਰੱਕ ਨਹੀਂ ਚੱਲਦਾ। 'ਨੇਸਤੀ ਨਾ ਪਵੇ' ਸੋਚ ਇੱਕ ਕੱਪ ਬਣਾਉਂਦੇ ਹਨ ਮੁੱਛ ਮਰੋੜ ਚਾਹ ਦਾ। ਕਈ ਵੀਰ ਤਾਂ ਚਮਚਾ ਵੀ ਮਾਰਦੇ ਹਨ। ਇਹ ਚਮਚਾ ਕਿਹੜਾ ਹੁੰਦਾ ਹੈ, ਇਹ ਸਿਰਫ ਉਹੀ ਜਾਣਦੇ ਹਨ। ਮੁੜ ਮੋਟਰ ਚੜ੍ਹ ਜਾਂਦੀ ਹੈ ਹਾਈਵੇਅ 40 ਉਤੇ। ਨਿਊ ਯਾਰਕ ਜਾਣ ਵਾਲਾ ਹਰ ਡਰਾਈਵਰ ਸੋਚਦਾ ਹੈ ਕਿ ਰੂਟ 40 ਉਤੇ ਰਹਿ ਕੇ 130 ਮੀਲਾਂ ਵੱਧ ਪੁਆਈਆਂ ਜਾਣ ਜਾਂ ਫਿਰ ਟਰਨਪਾਈਕ ਵਾਲਾ ਰੂਟ ਲੈ ਕੇ ਟੌਲ ਪਾਇਆ ਜਾਵੇ।

ਪੂਰੀ ਪੂਰੀ ਗਰੌਸ ਵੇਟ ਵਾਲੇ ਵਰਜੀਨੀਆ ਤੇ ਟੈਨੇਸੀ ਦੀਆਂ ਪਹਾੜੀਆਂ ਤੋਂ ਬਚਣ ਮਾਰੇ ਸਟੇਅਰਿੰਗ ਮੋੜ ਦਿੰਦੇ ਹਨ ਤੁਲਸੇ (ਟੂਲਸੇ) ਵੱਲ, ਤੇ ਆਣ ਪੈਰ ਧਰਦੇ ਹਨ ਮਿਜ਼ੌਰੀ ਦੇ ਸਹਿਰ ਜੋਪਲਿਨ ਵਿੱਚ। ਇੱਥੇ ਵੀ ਖੁੱਲ੍ਹੀ ਸਕੇਲ ਦਾ ਪੰਗਾ ਫਿਕਰ ਜਿਹਾ ਪਾਈ ਰੱਖਦਾ ਹੈ। ਖੁੱਲ੍ਹੀ ਸਕੇਲ ਦੇ ਉਪਰੋਂ 5 ਦੀ ਸਪੀਡ 'ਤੇ ਲੰਘਣ ਵੇਲੇ ਸਾਹ ਜਿਹੇ ਸੁੱਕੇ ਰਹਿੰਦੇ ਹਨ ਤੇ ਸੁੱਖੀ-ਸਾਂਦੀ ਲੰਘਣ ਸਾਰ ਹੀ ਪਾਈਆ ਖੂਨ ਵਧ ਜਾਂਦਾ ਹੈ। ਕਈ ਪੰਜਾਬੀ ਭਰਾ ਤਾਂ ਰੱਬ ਦਾ ਨਾਂ ਲੈ ਕੇ ਟੇਢਾ-ਟੇਢਾ ਤੱਕਦੇ ਬਾਹਰ ਦੀ ਵੀ ਲੰਘ ਜਾਂਦੇ ਹਨ, ਪਰ ਉਨ੍ਹਾਂ ਦੇ ਮੂੰਹ ਵਿੱਚ ਰੱਬ-ਰੱਬ ਤੇ ਨਜ਼ਰਾਂ ਸ਼ੀਸ਼ੇ ਰਾਹੀਂ ਪਿੱਛੇ ਰੋਡ ਉਤੇ ਉਦੋਂ ਤੱਕ ਰਹਿੰਦੀਆਂ ਹਨ, ਜਦੋਂ ਤੱਕ ਸਕੇਲ ਨਜ਼ਰ ਆਉਣੋਂ ਬੰਦ ਨਹੀਂ ਹੁੰਦੀ, ਕਿਉਂਕਿ ਡਰ ਹੁੰਦਾ ਹੈ ਕਿ ਡੀ.ਟੀ.ਓ. ਵਾਲਾ ਮਗਰ ਆਣ ਕਿਤੇ ਮੋੜ ਕੇ ਪਿੱਛੇ ਨਾ ਲੈ ਜਾਵੇ। ਕਈ ਵਾਰੀ ਪਿੱਛੇ ਆਣ ਮੋੜ ਵੀ ਲੈ ਜਾਂਦੇ ਹਨ ਤੇ ਡਰਾਈਵਰ ਦਾ ਬਣਦਾ ਹੱਕ ਸਕੇਲ ਬਾਹਰੋਂ ਲੰਘਣ ਦੀ ਟਿਕਟ ਦੇ ਕੇ ਜਾਣ ਦਿੰਦੇ ਹਨ। ਹਰ ਸਟੇਟ ਤੋਂ ਦੂਜੀ ਸਟੇਟ ਵਿੱਚ ਦਾਖਲ ਹੋਣ ਵੇਲੇ ਡੀ.ਟੀ.ਓ. ਦਾ ਲੱਗਿਆ ਨਾਕਾ ਜ਼ਿਆਦਾਤਰ ਪੰਜਾਬੀ ਡਰਾਈਵਰ ਵੀਰਾਂ ਦਾ ਖੂਨ ਸੁਕਾਈ ਰੱਖਦਾ ਹੈ, ਕਿਉਂਕਿ ਉਨ੍ਹਾਂ ਨੇ ਵੱਧ ਡਰਾਈਵ ਅਤੇ ਘੱਟ ਸੌਂ ਕੇ ਚਾਰ ਦਿਨਾਂ ਦਾ ਸਫਰ ਤਿੰਨ ਦਿਨਾਂ ਵਿੱਚ ਮੁਕਾਉਣਾ ਹੁੰਦਾ ਹੈ।

ਜਿਹੜੇ ਯਾਰੋ ਵੀਰ ਟਰੱਕਰ ਬਣ ਜਾਂਦੇ
ਮਸਤੀ ਵਿੱਚ ਰਹਿਣ ਵਾਲੇ ਫੱਕਰ ਬਣ ਜਾਂਦੇ
ਜਿੱਥੇ ਪੈ ਜੇ ਯਾਰੀ ਘਿਓ ਸ਼ੱਕਰ ਬਣ ਜਾਂਦੇ
ਜਿੱਥੇ ਪੈ ਜੇ ਵੈਰ ਤੇ ਉਥੇ ਪੱਥਰ ਬਣ ਜਾਂਦੇ।

ਜਾਨ ਤਲੀ 'ਤੇ ਰੱਖ, ਰੱਬ ਆਸਰੇ ਰੋਡ ਉਤੇ ਉਡਦੇ ਮਿਜ਼ੌਰੀ ਦੀਆਂ ਹਵਾਵਾਂ ਨੂੰ ਚੀਰਦੇ ਹੋਏ ਆਣ ਵੜਦੇ ਹਨ ਸ਼ਿਕਾਗੋ ਵਾਲੀ ਸਟੇਟ ਯਾਨਿ ਇਲੀਨਾਏ ਵਿੱਚ। ਸੈਨ ਜੌਨ ਦੇ ਚੜ੍ਹੇ ਦਿਨ ਦੀ ਇੱਥੇ ਆ ਰਾਤ ਬਣ ਜਾਂਦੀ ਹੈ। ਲੌਗਬੁੱਕ ਵੀ ਸੇਂਟ ਲੁਇਸ ਤੋਂ ਪਿੱਛੇ ਹੀ ਦਮ ਤੋੜ ਦਿੰਦੀ ਹੈ, ਪਰ ਪੰਜਾਬੀ ਵੀਰਾਂ ਦਾ ਦਮ ਨਹੀਂ ਟੁੱਟਦਾ ਗੱਡੀ ਚਲਾਉਣ ਤੋਂ, ਤੇ ਲਾਲਚ ਹੋ ਜਾਂਦਾ ਹੈ ਰਾਤ ਸਮੇਂ ਬੰਦ ਸਕੇਲਾਂ ਦਾ ਤੇ ਬਰੇਕਾਂ ਜਾ ਕੇ ਮਾਰਦੇ ਹਨ ਇੰਡੀਅਨਐਪੋਲਿਸ। 'ਅੱਖ ਮੀਚੀ, ਰਾਤ ਘੜੀਸੀ' ਦਿਨ ਚੜ੍ਹਿਆ, ਪਰ ਨੀਂਦ ਨਾ ਪੂਰੀ ਹੋਣ ਦੇ ਬਾਵਜੂਦ ਹਿੰਮਤ ਕਰ ਉਠਣਾ ਪੈਂਦਾ। ਨਹਾ-ਧੋ ਕੇ ਫਿਰ ਉਹੀ ਕੋਹਲੂ ਵਾਲਾ ਗੇੜਾ ਸ਼ੁਰੂ ਹੋ ਜਾਣਾ ਹੈ। ਓਹਾਇਓ, ਪੈਨਸਿਲਵੇਨੀਆ, ਵੈਸਟ ਵਰਜੀਨੀਆ, ਨਿਊ ਜਰਸੀ ਜਿਹੀਆਂ ਸਟੇਟਾਂ ਵਿੱਚੋਂ ਲੰਘਦੇ ਦਾਖਲ ਹੋ ਜਾਂਦੇ ਹਨ ਨਿਊ ਯਾਰਕ ਮੰਜ਼ਿਲਾਂ ਵਾਲੇ ਸ਼ਹਿਰ। ਬਰੌਸ ਮਾਰਕਿਟ ਵਿੱਚ ਜਾ ਖਾਲੀ ਕਰਦੇ ਹਨ ਬੜੀ ਜ਼ਿੰਮੇਵਾਰੀ, ਮਿਹਨਤ ਤੇ ਫਿਕਰਾਂ ਨਾਲ, ਤਾਪਮਾਨ ਦਾ ਵੀ ਪੂਰਾ ਖਿਆਲ ਰੱਖ ਲਿਆਂਦਾ ਹੋਇਆ ਸਬਜ਼ੀਆਂ ਦਾ 53 ਫੁਟਾ ਰੀਫਰ। ਇੰਜ ਟਰੱਕ ਡਰਾਈਵਰ ਰੋਡ 'ਤੇ ਚੱਲਣ ਵਾਲੇ ਜਹਾਜ਼ ਰਾਹੀਂ ਪੂਰੀਆਂ 13 ਸਟੇਟਾਂ ਪਾਰ ਕਰ ਪੁੱਜਦੀਆਂ ਕਰਦਾ ਹੈ ਕੈਲੀਫੋਰਨੀਆ ਦੀ ਧਰਤੀ ਉਤੇ ਉਗਣ ਵਾਲੀਆਂ ਸਬਜ਼ੀਆਂ ਅਮਰੀਕਾ ਦੇ ਦੂਜੇ ਕੋਨੇ ਨਿਊ ਯਾਰਕ ਵਿੱਚ ਯਾਨਿ ਇੱਕ ਸਿਰੇ ਤੋਂ ਦੂਜੇ ਸਿਰੇ।

ਇੱਧਰੋਂ ਈਸਟ ਤੋਂ ਵੈਸਟ ਨੂੰ ਸਾਮਾਨ ਦਾ ਲੋਡ ਚੁੱਕ ਰਵਾਨਾ ਹੋ ਜਾਂਦੇ ਹਨ ਘਰ ਵੱਲ ਉਨ੍ਹਾਂ ਹੀ ਰਾਹਾਂ 'ਤੇ। ਘਰ ਵੱਲ ਜਾਣ ਵੇਲੇ ਦਿਲ ਵਿੱਚ ਵੱਖਰਾ ਹੀ ਚਾਅ ਹੁੰਦਾ ਹੈ, ਕਿਉਂਕਿ ਕਈ ਦਿਨਾਂ ਮਗਰੋਂ ਘਰ ਜਾਣਾ ਹੁੰਦਾ ਹੈ। ਚੂੜੇ ਵਾਲੀ ਦੀ ਦਿਲ ਨੂੰ ਖਿੱਚ, ਤੇ ਚੂੜੇ ਵਾਲੀ ਵੀ ਰਾਹਾਂ ਵਿੱਚ ਨਜ਼ਰਾਂ ਵਿਛਾਈ ਬੈਠੀ ਹੁੰਦੀ ਹੈ। ਹਫਤੇ ਭਰ ਦੀ ਦੂਰੀ ਅਹਿਸਾਸ ਕਰਵਾ ਦਿੰਦੀ ਹੈ, ਜਿਵੇਂ ਅੱਜ ਮੁਕਲਾਵੇ ਵਾਲੀ ਰਾਤ ਹੋਵੇ।

ਡਰਾਈਵਰੀ ਨਾ ਇੰਨੀ ਵੀ ਸੁਖਾਲੀ ਮਿੱਤਰੋ
ਸਾਡੀ ਸੜਕਾਂ 'ਤੇ ਲੰਘਦੀ ਦੀਵਾਲੀ ਮਿੱਤਰੋ।
ਦੂਜੀ ਯਾਦ ਸਤਾਵੇ ਘਰ ਬੈਠੀਆਂ ਹੀਰਾਂ ਦੀ
ਜਾਨ ਤਲੀ 'ਤੇ ਰਹਿੰਦੀ ਡਰਾਈਵਰ ਵੀਰਾਂ ਦੀ।

ਪੰਜਾਬੀਆਂ ਦੇ ਹਰ ਟਰੱਕ ਦੇ ਮੱਥੇ ਉਤੇ ਲੱਗਿਆ ਸਿੱਖੀ ਵਾਲਾ ਚਿੰਨ੍ਹ 'ਖੰਡਾ' ਦੂਰੋਂ ਦੱਸ ਦਿੰਦਾ ਹੈ ਕਿ ਕੋਈ ਸਿੰਘ ਆ ਰਿਹਾ ਹੈ। ਕਈ ਸਿੰਘਾਂ ਦੇ ਕੀਤੇ ਗਲਤ ਕਾਰਨਾਮਿਆਂ ਕਾਰਨ ਸਾਡਾ ਸਿੱਖੀ ਦਾ ਪਵਿੱਤਰ ਨਿਸ਼ਾਨ ਵੀ ਬਦਨਾਮ ਹੋ ਗਿਆ ਹੈ। ਰੋਡ 'ਤੇ ਚਲੇ ਜਾਂਦੇ ਟਰੱਕ ਨੂੰ ਝੱਟ ਲਾਈਟਾਂ ਲੱਗ ਜਾਂਦੀਆਂ ਹਨ। ਕਈ ਡੀ.ਟੀ.ਓ. ਵਾਲੇ ਤਾਂ ਖੰਡੇ ਦੇ ਨਿਸ਼ਾਨ ਨੂੰ ਪੰਜਾਬੀਆਂ ਦੇ ਗੈਂਗ ਦਾ ਨਿਸ਼ਾਨ ਦੱਸਣ ਲੱਗ ਪਏ ਸਨ ਅਤੇ ਤਲਾਸ਼ੀ ਲਏ ਬਿਨਾ ਨਹੀਂ ਜਾਣ ਦਿੰਦੇ ਸਨ। ਖੈਰ! ਹੁਣ ਅਜਿਹਾ ਘੱਟ ਹੁੰਦਾ ਹੈ।

ਟਰੱਕ ਤੇ ਡਰਾਈਵਰ ਦੀ ਕਹਾਣੀ ਦਾ ਇੱਕ ਪਾਤਰ ਡਿਸਪੈਚਰ ਹੈ, ਜੋ ਘਰੇ ਬੈਠਾ ਕੰਪਿਊਟਰ 'ਤੇ ਉਂਗਲਾਂ ਮਾਰ ਲੋਡ ਲੱਭ 10% ਕੱਟ ਕੇ ਅੱਗੇ ਓਨਰ ਅਪਰੇਟਰ ਨੂੰ ਦਿੰਦਾ ਹੈ। ਕੋਈ ਵਿਰਲਾ ਹੀ ਹੋਵੇਗਾ ਜੋ ਕੁੰਡੀ ਨਹੀਂ ਲਾਉਂਦਾ। ਪੰਜਾਬੀ ਟਰੱਕਰ ਵੀਰਾਂ ਨੇ ਇੱਕ ਕਹਾਵਤ ਬਣਾਈ ਹੋਈ ਹੈ ਕਿ ਜੇ ਕੋਈ ਬੰਦਾ ਲੱਖ ਡਾਲਰ ਲੈ ਕੇ ਝੂਠ ਨਹੀਂ ਬੋਲਦਾ ਤਾਂ ਉਸ ਨੂੰ ਡਿਸਪੈਚ ਕਰਨ ਲਾ ਦਿਓ, ਪੈਰ ਪੈਰ 'ਤੇ ਝੂਠ ਬੋਲਣ ਲੱਗ ਜਾਵੇਗਾ। ਪਰ ਸਾਰੇ ਇੱਕੋ ਜਿਹੇ ਨਹੀਂ ਹੁੰਦੇ, ਕੁਝ ਚੰਗੇ ਵੀ ਹੁੰਦੇ ਹਨ।

ਵੱਡੇ ਵੱਡੇ ਘਰਾਂ ਮੂਹਰੇ ਵੱਡੀਆਂ ਵੱਡੀਆਂ ਗੱਡੀਆਂ ਸੌਖੀਆਂ ਨਹੀਂ ਖੜ੍ਹੀਆਂ। ਇਨ੍ਹਾਂ ਪਿੱਛੇ ਲੁਕੀ ਸਖਤ ਮਿਹਨਤ, ਹਜ਼ਾਰਾਂ ਮੀਲ ਸੜਕਾਂ ਉਤੇ ਟਰੱਕ ਚਲਾਉਂਦਿਆਂ ਨੈਣਾਂ ਵਿੱਚ ਗੁਜ਼ਾਰੀਆਂ ਰਾਤਾਂ ਤੇ ਹਫਤੇ ਦੀਆਂ ਪੱਕੀਆਂ ਰੋਟੀਆਂ ਗਰਮ ਕਰ ਕੇ ਖਾ, ਪਰਿਵਾਰ ਦੀਆਂ ਨਜ਼ਰਾਂ ਤੋਂ ਓਹਲੇ ਰਹਿਣ ਕਾਰਨ ਹੀ ਖੜ੍ਹੀਆਂ ਹਨ। ਜਿਉਂਦੇ ਰਹਿਣ ਡਰਾਈਵਰ ਵੀਰ, ਜਿਨ੍ਹਾਂ ਨੇ ਦੇਸ਼ ਦੀ ਖੁਸ਼ਹਾਲੀ ਦੇ ਨਾਲ ਨਾਲ ਆਪਣੇ ਘਰ ਪਰਿਵਾਰ ਵੀ ਖੁਸ਼ਹਾਲ ਕੀਤੇ ਹਨ।

ਰੋਡਾਂ ਨਾਲ ਯਾਰੀ ਪੱਕੀ ਪਾਉਣੀ ਪੈਂਦੀ ਏ
ਨੈਣਾਂ ਵਿੱਚੋਂ ਰਾਤ ਲੰਘਾਉਣੀ ਪੈਂਦੀ ਏ।
ਜ਼ਿੰਦਗੀ ਦੇ ਸੱਭੇ ਘਰੇ ਛੱਡ ਕੇ ਸਵਾਦ
ਕਈ ਦਿਨਾਂ ਦੀ ਪੱਕੀ ਖਾਣੀ ਪੈਂਦੀ ਏ।

---

# ਬਲੈਕ ਟੀ

ਟੀ ਪ੍ਰਵੀਨ ਦੀ ਪਸੰਦੀਦਾ ਸੀ।

ਕੰਮ ਵਾਲੀ ਕੁੜੀ ਚਲੀ ਗਈ।

ਰਸ਼ਮੀ ਯਾਦ ਕਰਨ ਲੱਗੀ। ਉਸਨੂੰ ਬਿਲਕੁੱਲ ਵੀ ਯਾਦ ਨਹੀਂ ਸੀ ਕਿ ਆਖਰੀ ਵਾਰ ਉਨ੍ਹਾਂ ਦੋਵਾਂ ਨੇ ਇਕੱਠਿਆਂ ਬੈਠ ਕੇ ਚਾਹ ਕਦੋਂ ਪੀਤੀ ਸੀ।

ਉਹ ਸੁਣਿਆ ਕਰਦੀ ਸੀ ਕਿ ਚਾਹ ਗੱਲਾਂ ਕਰਨ ਦਾ ਸਭ ਤੋਂ ਖ਼ੂਬਸੂਰਤ ਬਹਾਨਾ ਹੁੰਦਾ। ਉਨ੍ਹਾਂ ਦੋਨਾਂ ਐਸੇ ਕੋਈ ਮੌਕੇ ਬਹੁਤ ਘੱਟ ਬੀਤਾਏ ਸਨ। ਉਨ੍ਹਾਂ ਦੀਆਂ ਗੱਲਾਂ ਹਮੇਸ਼ਾ ਬਹਿਸ ਵਿੱਚ ਬਦਲ ਜਾਂਦੀਆਂ ਸਨ ਅਤੇ ਬਹਿਸ ਚੁੱਪ ਵਿੱਚ; ਤੇ ਉਸੇ ਚੁੱਪ ਵਿੱਚੋਂ ਹੀ ਤਾਂ ਇੱਕ ਦੌੜ ਸ਼ੁਰੂ ਹੋਈ ਸੀ।

***

ਉਹ ਤੇ ਸ਼ਮੀਲ ਘੁੰਮਣ ਲਈ ਗਏ।

ਦੂਰ। ਪਹਾੜੀ ਸਫ਼ਰ।

ਕੁਦਰਤ ਸ਼ਮੀਲ ਨੂੰ ਬਹੁਤ ਟੁੰਬਦੀ।

ਰਸ਼ਮੀ ਨੇ ਕਈ ਤਰਤੀਬਾਂ ਬਣਾਈਆਂ। ਪ੍ਰਵੀਨ ਨੂੰ ਦੱਸਣਾ ਨਾ ਦੱਸਣਾ ਤਾਂ ਉਸ ਲਈ ਇੱਕੋ ਜਿਹਾ ਸੀ। ਉਸਨੇ ਕੰਮ ਵਾਲੀ ਕੁੜੀ ਨੂੰ ਆਖ ਦਿੱਤਾ ਸੀ ਕਿ ਉਹ ਕਾਲਜ ਟ੍ਰਿਪ 'ਤੇ ਜਾ ਰਹੀ ਹੈ। ਪ੍ਰਵੀਨ ਪੁੱਛੇ ਤਾਂ ਦੱਸਣ ਲਈ, ਪਰ ਪ੍ਰਵੀਨ ਨੇ ਕਦੇ ਕੁਝ ਪੁੱਛਿਆ ਹੀ ਨਹੀਂ ਸੀ।

ਗੱਡੀ ਵਿੱਚ ਧੀਮੀ ਆਵਾਜ਼ ਵਿੱਚ ਮਿਊਜ਼ਿਕ ਚੱਲਦਾ ਰਿਹਾ। ਉਹ ਗੱਲਾਂ ਕਰਦੇ ਰਹੇ- ਕਦੇ ਆਪਣੀਆਂ, ਕਦੇ ਕੁਦਰਤ ਦੀਆਂ, ਕਦੇ ਰੰਗਾਂ ਦੀਆਂ। ਦੁਨੀਆਂਦਾਰੀ ਤੋਂ ਬੇਖ਼ਬਰ। ਸਾਰੇ ਕੁਝ ਤੋਂ ਬੇਪ੍ਰਵਾਹ।

"ਸਾਡੇ ਰਿਸ਼ਤੇ ਨੂੰ ਕਿਵੇਂ ਦੇਖਦਾ ਹੈ ਸ਼ਮੀਲ?" ਰਸ਼ਮੀ ਨੇ ਪਹਾੜ ਸਾਹਮਣੇ ਬਾਹਾਂ ਫੈਲਾ ਕੇ ਪੁਛਿਆ ਸੀ।

"ਗੋਲ-ਗੋਲ ਘੁੰਮਣਾ ਹੈ ਇਨ੍ਹਾਂ ਰਿਸ਼ਤਿਆਂ ਨੂੰ ਜੀਣਾ। ਖ਼ੁਦ ਨੂੰ ਭਰਨ ਦੀ ਤਲਾਸ਼। ਕਿਤੇ ਖ਼ੁਦ ਨੂੰ ਖਾਲੀ ਕਰਨ ਦੀ ਭਾਲ।"

ਰਸ਼ਮੀ ਨੂੰ ਸ਼ਮੀਲ ਦੀਆਂ ਇਹ ਫ਼ਿਲਾਸਫੀ ਭਰੀਆਂ ਗੱਲਾਂ ਇਸ ਮੌਕੇ ਢੁਕਵੀਆਂ ਨਾ ਲੱਗੀਆਂ। ਉਸਨੇ ਉਸਦੀ ਗੱਲ ਵਿਚਾਲਿਓਂ ਕੱਟ ਦਿੱਤੀ।

"ਸ਼ਮੀਲ ਸਾਬ੍ਹ! ਮੁਹੱਬਤ ਵਿੱਚ ਇੰਨੀਆਂ ਸਿਆਣੀਆਂ ਗੱਲਾਂ ਲਈ ਕੋਈ ਥਾਂ ਨਹੀਂ ਹੁੰਦੀ। ਇਹ ਤਾਂ ਕਮਲੇ ਲੋਕਾਂ ਦਾ ਕੰਮ ਹੈ।" ...ਤੇ ਰਸ਼ਮੀ ਨੇ ਸ਼ਮੀਲ ਦਾ ਹੱਥ ਆਪਣੇ ਹੱਥਾਂ ਵਿੱਚ ਲੈ ਲਿਆ।

ਦੋ ਦਿਨ ਉਨ੍ਹਾਂ ਲਈ ਬੇਹੱਦ ਖ਼ੂਬਸੂਰਤ ਗੁਜ਼ਰੇ।

ਉਹ ਵਾਪਸ ਮੁੜ ਰਹੇ ਸਨ। ਰਸਤੇ ਵਿੱਚ ਇੱਕ ਜਗਾ ਟ੍ਰੈਫਿਕ ਜਾਮ ਸੀ। ਦੋਨੋਂ ਪਾਸੇ ਗੱਡੀਆਂ ਦੀ ਲੰਮੀ ਲਾਈਨ ਸੀ। ਰਸ਼ਮੀ ਨੇ ਅਚਾਨਕ ਕਾਰ ਤੋਂ ਬਾਹਰ ਦੇਖਿਆ। ਸਾਹਮਣੇ ਪ੍ਰਵੀਨ ਦੀ ਕਾਰ ਸੀ। ਉਹ ਇੱਕ ਦਮ ਘਬਰਾ ਗਈ। ਪ੍ਰਵੀਨ ਦੇ ਨਾਲ ਕਾਰ ਵਿੱਚ ਕੋਈ ਔਰਤ ਵੀ ਸੀ।

ਰਸ਼ਮੀ ਲਈ ਇਹ ਸਾਰਾ ਕੁਝ ਸਮਝ ਤੋਂ ਬਾਹਰ ਸੀ। ਕਈ ਕੁਝ ਉਸਦੇ ਜ਼ਿਹਨ ਵਿੱਚ ਘੁੰਮਣ ਲੱਗਾ।

ਉਹ ਗੱਡੀ ਦੇ ਅੱਖੋਂ ਓਹਲੇ ਹੋਣ ਤੀਕ ਪਿੱਛੇ ਮੁੜ-ਮੁੜ ਦੇਖਦੀ ਰਹੀ। ਡਰਦੀ ਰਹੀ। ਹੈਰਾਨ ਹੁੰਦੀ ਰਹੀ ਤੇ ਬਿਨਾ ਸ਼ੱਕ ਪ੍ਰੇਸ਼ਾਨ ਵੀ ਹੁੰਦੀ ਰਹੀ।

ਉਸਨੂੰ ਲੱਗਿਆ ਜਿਵੇਂ ਇਹ ਸਾਰਾ ਕੁਝ ਗੋਲ-ਗੋਲ ਘੁੰਮਣਾ ਹੀ ਤਾਂ ਹੈ। ਪੂਰਾ ਸਫ਼ਰ ਉਹਨੇ ਚੁੱਪ ਰਹਿ ਕੇ ਬਿਤਾਇਆ। ਸ਼ਮੀਲ ਪੁੱਛਦਾ ਰਿਹਾ, ਪਰ ਉਹਨੇ ਕੁਝ ਨਹੀਂ ਦੱਸਿਆ।

ਘਰ ਆਈ। ਪ੍ਰਵੀਨ ਬਾਰੇ ਪੁੱਛਿਆ ਤਾਂ ਪਤਾ ਲੱਗਾ ਉਹ ਅੱਜ ਸਵੇਰੇ ਹੀ ਘਰ ਤੋਂ ਨਿਕਲਿਆ ਸੀ। ਕਿਸੇ ਕੰਮ ਲਈ ਦੋ ਦਿਨ ਕਿਤੇ ਬਾਹਰ ਜਾਣ ਦਾ ਆਖ ਕੇ ਗਿਆ ਸੀ।

***

ਅੱਜ ਪ੍ਰਵੀਨ ਨੇ ਘਰ ਆਉਣਾ ਸੀ।

ਬੀਤੇ ਦੋ ਦਿਨ ਰਸ਼ਮੀ ਲਈ ਬੜੇ ਬੋਝਲ ਦਿਨ ਸਨ। ਕਾਲਜ ਵੀ ਪੂਰਾ ਦਿਨ ਉਸ ਲਈ ਬੜਾ ਔਖਾ ਗੁਜ਼ਰਿਆ ਸੀ। ਉਹ ਸਾਰਾ ਦਿਨ ਕਦੇ ਸ਼ਮੀਲ ਬਾਰੇ ਸੋਚਦੀ, ਕਦੇ ਆਪਣੇ ਬਾਰੇ, ਕਦੀ ਪ੍ਰਵੀਨ ਬਾਰੇ ਤੇ ਕਦੇ ਉਸ ਦਿਨ ਵਾਲੀ ਘਟਨਾ ਬਾਰੇ। ਕਦੀ ਉਹ ਸੋਚਦੀ, ਉਹ ਪ੍ਰਵੀਨ ਨਾਲ ਇਸ ਬਾਰੇ ਗੱਲ ਕਰੇ। ਕਦੇ ਉਸਨੂੰ ਲੱਗਦਾ, ਉਹ ਗੱਲ ਕਿਵੇਂ ਕਰੇਗੀ। ...ਤੇ ਫਿਰ ਉਸਨੂੰ ਲੱਗਦਾ, ਉਹ ਤੇ ਪ੍ਰਵੀਨ ਦੋਨੋਂ ਘੁੰਮ ਰਹੇ ਨੇ ਤੇ ਮੁੜ-ਮੁੜ ਇੱਕੋ ਬਿੰਦੂ 'ਤੇ ਇੱਕ ਦੂਜੇ ਨੂੰ ਮਿਲਦੇ ਪਏ ਨੇ।

ਉਹ ਕਈ ਕੁਝ ਸੋਚਦੀ ਰਹੀ। ਬੁਣਦੀ ਰਹੀ।

ਕੰਮ ਵਾਲੀ ਕੁੜੀ ਚਾਹ ਲੈ ਆਈ। ਚਾਹ ਦੇ ਦੋ ਭਰੇ ਹੋਏ ਕੱਪਾਂ ਵੱਲ ਦੇਖਦੀ। ਉਹ ਪ੍ਰਵੀਨ ਨੂੰ ਉਡੀਕਣ ਲੱਗੀ।

***

# ਸ਼ਹੀਦ ਭਗਤ ਸਿੰਘ ਤੇ ਵਿਚਾਰਧਾਰਾ

**ਜਨਮ ਦਿਨ 'ਤੇ ਵਿਸ਼ੇਸ਼**

ਡਾ. ਗੁਰਤੇਜ ਸਿੰਘ
ਫੋਨ: +91-9517396001



ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦਾ ਜਨਮ 28 ਸਤੰਬਰ 1907 ਨੂੰ ਮਾਤਾ ਵਿੱਦਿਆਵਤੀ ਦੀ ਕੁੱਖੋਂ ਅਤੇ ਪਿਤਾ ਸਰਦਾਰ ਕਿਸ਼ਨ ਸਿੰਘ ਦੇ ਗ੍ਰਹਿ ਵਿਖੇ ਅਜੋਕੇ ਪਾਕਿਸਤਾਨ ਦੇ ਫ਼ੈਸਲਾਬਾਦ ਜ਼ਿਲ੍ਹੇ ਦੇ ਪਿੰਡ ਬੰਗਾ 'ਚ ਹੋਇਆ ਸੀ। ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਜ਼ਿਲ੍ਹੇ ਵਿੱਚ ਸਥਿਤ ਪਿੰਡ ਖਟਕੜ ਕਲਾਂ, ਜੋ ਭਗਤ ਸਿੰਘ ਦੇ ਪੁਰਖਿਆਂ ਦਾ ਜੱਦੀ ਪਿੰਡ ਹੈ, ਜਿੱਥੇ ਅੱਜ ਉਨ੍ਹਾਂ ਦੇ ਘਰ ਨੂੰ ਯਾਦਗਰ ਵਜੋਂ ਸਾਂਭ ਕੇ ਰੱਖਿਆ ਹੋਇਆ ਹੈ। ਉਨ੍ਹਾਂ ਦਾ ਪੂਰਾ ਪਰਿਵਾਰ ਹੀ ਮੁ.ਲਕ ਦੀ ਆਜ਼ਾਦੀ ਲਈ ਜੂਝ ਰਿਹਾ ਸੀ ਤੇ ਉਨ੍ਹਾਂ ਦੇ ਚਾਚਾ ਸਰਦਾਰ ਅਜੀਤ ਸਿੰਘ 'ਪਗੜੀ ਸੰਭਾਲ ਜੱਟਾ' ਤਹਿਤ ਸਜ਼ਾ ਕੱਟ ਰਹੇ ਸਨ, ਜਦ ਭਗਤ ਸਿੰਘ ਦਾ ਜਨਮ ਹੋਇਆ ਤਾਂ ਉਹ ਜੇਲ੍ਹ 'ਚੋਂ ਰਿਹਾਅ ਹੋ ਕੇ ਘਰ ਪਰਤੇ ਸਨ, ਜਿਸ ਕਾਰਨ ਪਰਿਵਾਰ ਨੇ ਉਨ੍ਹਾਂ ਨੂੰ ਭਾਗਾਂ ਵਾਲਾ ਆਖ ਸੱਦਣਾ ਸ਼ੁਰੂ ਕੀਤਾ ਸੀ।

ਦੇਸ਼ ਪ੍ਰੇਮ ਦੀ ਗੁੜ੍ਹਤੀ ਭਗਤ ਸਿੰਘ ਨੂੰ ਆਪਣੇ ਪਰਿਵਾਰ ਤੋਂ ਹੀ ਮਿਲੀ ਸੀ, ਇਸੇ ਕਰਕੇ ਹੀ ਤਾਂ ਉਹ ਬਚਪਨ 'ਚ ਆਪਣੇ ਖੇਤ ਬੰਦੂਕਾਂ ਉਗਾਉਣ ਲਈ ਬਾਂਸ ਦੇ ਡੱਕੇ ਬੀਜਣ ਲੱਗਿਆ ਸੀ। ਉਨ੍ਹਾਂ ਦਾ ਭੋਲਾ ਮਨ ਇਹ ਸਮਝਦਾ ਸੀ ਕਿ ਸ਼ਾਇਦ ਹੋਰ ਫ਼ਸਲਾਂ ਵਾਂਗ ਬੰਦੂਕਾਂ ਵੀ ਖੇਤ 'ਚ ਹੀ ਉੱਗਦੀਆਂ ਹੋਣਗੀਆਂ। ਦੂਜਾ, 13 ਅਪ੍ਰੈਲ 1919 ਨੂੰ ਜੱਲ੍ਹਿਆਂ ਵਾਲੇ ਬਾਗ ਵਿੱਚ ਵਾਪਰੇ ਨਰਸੰਹਾਰ ਨੇ ਉਸ ਸਮੇਂ ਦੇ ਬਾਰਾਂ ਸਾਲਾਂ ਦੇ ਭਗਤ ਸਿੰਘ ਦੇ ਕੋਮਲ ਮਨ 'ਤੇ ਬਹੁਤ ਡੂੰਘਾ ਪ੍ਰਭਾਵ ਪਾਇਆ ਸੀ। ਉਹ ਇਹ ਸਾਰਾ ਵਰਤਾਰਾ ਦੇਖ ਕੇ ਝੰਜੋੜੇ ਗਏ ਸਨ ਅਤੇ ਖ਼ੂਨ ਨਾਲ ਲਿੱਬੜੀ ਮਿੱਟੀ ਇੱਕ ਸ਼ੀਸ਼ੀ 'ਚ ਭਰ ਲਿਆਏ ਸਨ, ਜਿਸ ਨੂੰ ਦੇਖ ਉਨ੍ਹਾਂ ਦਾ ਜਜ਼ਬਾ ਉਨ੍ਹਾਂ ਨੂੰ ਧੁਰ ਤੱਕ ਹਲੂਣਦਾ ਸੀ। ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਮਿਸ਼ਨ 'ਗ਼ਦਰ' ਤੋਂ ਉਹ ਬੇਹੱਦ ਪ੍ਰਭਾਵਿਤ ਸਨ ਅਤੇ ਸੰਨ 1915 'ਚ ਕਰਤਾਰ ਸਿੰਘ ਸਰਾਭਾ ਦੀ ਸ਼ਹਾਦਤ ਨੇ ਉਨ੍ਹਾਂ ਨੂੰ ਦੇਸ਼ ਦੀ ਆਜ਼ਾਦੀ ਦੀ ਲੜਾਈ 'ਚ ਕੁੱਦਣ ਦਾ ਹੌਂਸਲਾ ਬਖਸ਼ਿਆ ਸੀ। ਕਰਤਾਰ ਸਿੰਘ ਸਰਾਭਾ ਦੀ ਤਸਵੀਰ ਉਹ ਹਰ ਵੇਲੇ ਆਪਣੀ ਜੇਬ ਵਿੱਚ ਰੱਖਦੇ ਸਨ ਅਤੇ ਆਪਣੀ ਮਾਤਾ ਨੂੰ ਅਕਸਰ ਕਹਿੰਦੇ ਸਨ ਕਿ ਮਾਂ! ਮੈਨੂੰ ਇੰਝ ਲੱਗਦਾ ਜਿਵੇਂ ਕਰਤਾਰ ਸਿੰਘ ਮੇਰਾ ਵੱਡਾ ਭਰਾ ਹੋਵੇ।



ਆਪਣੇ ਘਰ 'ਚ ਚੱਲਦੀ ਗੱਲਬਾਤ, ਜੋ ਮੁ.ਲਕ ਦੇ ਹਾਲਾਤ ਸਬੰਧੀ ਹੁੰਦੀ ਸੀ, ਉਸਨੂੰ ਉਹ ਬੜੀ ਗੌਰ ਨਾਲ ਸੁਣਦੇ ਸੀ ਅਤੇ ਆਪਣੇ ਚਾਚਾ ਜੀ ਦੀਆਂ ਲਿਖਤਾਂ ਨੂੰ ਪੜ੍ਹਦੇ ਰਹਿੰਦੇ ਸਨ। ਮਹਾਤਮਾ ਗਾਂਧੀ ਦੇ ਅਸਹਿਯੋਗ ਅੰਦੋਲਨ 'ਚ ਉਨ੍ਹਾਂ ਆਪਣੇ ਦੋਸਤਾਂ ਸਮੇਤ ਭਾਗ ਲਿਆ ਸੀ। ਬਾਅਦ 'ਚ ਚੌਰਾ ਚੌਰੀ ਘਟਨਾ ਕਰਕੇ ਮਹਾਤਮਾ ਗਾਂਧੀ ਨੇ ਇਹ ਅੰਦੋਲਨ ਵਾਪਸ ਲੈ ਲਿਆ ਸੀ, ਜਿਸ ਕਰਕੇ ਨੌਜਵਾਨਾਂ ਦੇ ਨਾਲ ਭਗਤ ਸਿੰਘ ਨੂੰ ਵੀ ਬਹੁਤ ਨਿਰਾਸ਼ਾ ਹੋਈ ਸੀ। ਉਸ ਤੋਂ ਬਾਅਦ ਪ੍ਰਮੁੱਖ ਕ੍ਰਾਂਤੀਕਾਰੀਆਂ ਜਿਵੇਂ ਚੰਦਰ ਸ਼ੇਖਰ ਆਜ਼ਾਦ, ਭਗਵਤੀ ਚਰਨ ਵੋਹਰਾ, ਬੀ.ਕੇ. ਦੱਤ, ਰਾਜਗੁਰੂ, ਸੁਖਦੇਵ ਆਦਿ ਨਾਲ ਮਿਲ ਕੇ ਨੌਜਵਾਨ ਭਾਰਤ ਸਭਾ ਪਾਰਟੀ ਬਣਾਈ ਸੀ, ਜੋ ਸ਼ਹੀਦ ਚੰਦਰ ਸ਼ੇਖਰ ਆਜ਼ਾਦ ਦੀ ਪਾਰਟੀ ਹਿੰਦੋਸਤਾਨ ਰਿਪਬਲਿਕਨ ਐਸੋਸ਼ੀਏਸ਼ਨ 'ਚ ਮਿਲਣ ਤੋਂ ਬਾਅਦ ਉਸਦਾ ਨਾਮ ਭਗਤ ਸਿੰਘ ਨੇ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਰੱਖ ਦਿੱਤਾ ਸੀ।

ਸੰਨ 1928 'ਚ ਸਾਈਮਨ ਕਮਿਸ਼ਨ ਦੱਬੇ ਕੁਚਲੇ ਵਰਗਾਂ ਦੀ ਬਿਹਤਰੀ ਲਈ ਭਾਰਤ ਆਇਆ ਸੀ। ਇਤਿਹਾਸਕਾਰਾਂ ਅਨੁਸਾਰ ਇਸ ਵਿੱਚ ਕੋਈ ਵੀ ਭਾਰਤੀ ਸ਼ਾਮਿਲ ਨਹੀ ਸੀ, ਜਿਸ ਕਾਰਨ ਉਸਦਾ ਵਿਰੋਧ ਭਗਤ ਸਿੰਘ ਨੇ ਆਪਣੇ ਸਾਥੀਆਂ ਸਮੇਤ ਲਾਲਾ ਲਾਜਪਤ ਰਾਏ ਦੀ ਅਗਵਾਈ ਹੇਠ ਕੀਤਾ ਸੀ। ਲਾਠੀਚਾਰਜ ਦੌਰਾਨ ਲਾਲਾ ਜੀ ਗੰਭੀਰ ਜ਼ਖਮੀ ਹੋ ਗਏ ਸਨ, ਜਿਸ ਕਾਰਨ ਉਹ ਹਸਪਤਾਲ ਵਿੱਚ ਕਈ ਦਿਨਾਂ ਦਾਖਲ ਰਹਿਣ ਮਗਰੋਂ ਦਮ ਤੋੜ ਗਏ ਸਨ। ਲਾਲਾ ਜੀ ਮੌਤ ਦਾ ਬਦਲਾ ਅੰਗਰੇਜ਼ ਅਫ਼ਸਰ ਸਕਾਟ ਨੂੰ ਮਾਰ ਕੇ ਲੈਣ ਦੀ ਵਿਉਂਤ ਸੀ, ਪਰ ਉਸ ਦਿਨ ਸਕਾਟ ਨਾ ਆਇਆ ਤੇ ਉਸ ਦੇ ਭੁਲੇਖੇ ਉਨ੍ਹਾਂ ਸਾਂਡਰਸ ਨੂੰ ਮਾਰ ਮੁਕਾਇਆ ਸੀ।

ਇਸ ਤੋਂ ਬਾਅਦ ਉਨ੍ਹਾਂ ਨੇ ਬੋਲ਼ੀ ਸਰਕਾਰ ਨੂੰ ਜਗਾਉਣ ਲਈ 8 ਅਪ੍ਰੈਲ 1929 ਨੂੰ ਸੰਸਦ 'ਚ ਧਮਾਕਾ ਕਰਨ ਦਾ ਫ਼ੈਸਲਾ ਲਿਆ, ਜਿਸ ਵਿੱਚ ਬੀ.ਕੇ. ਦੱਤ ਉਨ੍ਹਾਂ ਨਾਲ ਸੀ। ਧਮਾਕੇ ਦਾ ਮਤਲਬ ਕਿਸੇ ਨੂੰ ਮਾਰਨਾ ਨਹੀ ਸੀ, ਇਹ ਤਾਂ ਸਿਰਫ ਗੋਰਿਆਂ ਨੂੰ ਜਗਾਉਣ ਲਈ ਸੀ। ਦੋਵਾਂ ਸਾਥੀਆਂ ਨੇ ਬੰਬ ਬੜੀ ਸਾਵਧਾਨੀ ਨਾਲ ਸੁੱਟੇ ਸਨ ਕਿ ਕਿਸੇ ਦਾ ਕੋਈ ਜਾਨੀ ਨੁਕਸਾਨ ਨਾ ਹੋਵੇ। ਇਸ ਤੋਂ ਬਾਅਦ ਦੋਵਾਂ ਕ੍ਰਾਂਤੀਕਾਰੀਆਂ ਨੇ ਆਪਣੀ ਗ੍ਰਿਫ਼ਤਾਰੀ ਦਿੱਤੀ। ਜੇਲ੍ਹ 'ਚ ਉਹ ਦੋ ਸਾਲ ਰਹੇ ਅਤੇ ਜ਼ਬਰ ਖਿਲਾਫ਼ ਬੋਲਦੇ-ਲਿਖਦੇ ਰਹੇ, ਜਿਸ ਦਾ ਨਤੀਜਾ 64 ਦਿਨਾਂ ਦੀ ਭੁੱਖ ਹੜਤਾ.ਲ ਸੀ।

26 ਅਗਸਤ 1930 ਨੂੰ ਅਦਾਲਤ ਨੇ ਭਗਤ ਸਿੰਘ ਨੂੰ ਦੋਸ਼ੀ ਸਾਬਿਤ ਕੀਤਾ ਅਤੇ ਫਾਂਸੀ ਦੀ ਸਜ਼ਾ ਸੁਣਾਈ ਸੀ। 14 ਫਰਵਰੀ 1931 ਨੂੰ ਮਦਨ ਮੋਹਨ ਮਾਲਵੀਆ ਨੇ ਵਾਇਸਰਾਏ ਨੂੰ ਬੇਨਤੀ ਕੀਤੀ ਸੀ ਕਿ ਉਹ ਮਾਨਵਤਾ ਦੇ ਆਧਾਰ 'ਤੇ ਭਗਤ ਸਿੰਘ ਦੀ ਸਜ਼ਾ ਮੁਆਫ਼ ਕਰ ਦੇਣ। ਇਹ ਸਭ ਕੁਝ ਭਗਤ ਸਿੰਘ ਦੀ ਇੱਛਾ ਦੇ ਖਿਲਾਫ਼ ਸੀ, ਕਿਉਂਕਿ ਉਹ ਨਹੀਂ ਚਾਹੁੰਦੇ ਸਨ ਕਿ ਉਨ੍ਹਾਂ ਦੀ ਸਜ਼ਾ ਮੁਆਫ਼ ਕੀਤੀ ਜਾਵੇ। ਅਖ਼ੀਰ ਗੋਰੀ ਸਰਕਾਰ ਨੇ ਜੇਲ੍ਹ ਦੇ ਨਿਯਮ ਕਾਨੂੰਨ ਤੋੜਦਿਆਂ 23 ਮਾਰਚ 1931 ਨੂੰ ਸ਼ਾਮ ਸੱਤ ਵੱਜ ਕੇ ਤੇਤੀ ਮਿੰਟ 'ਤੇ ਤਿੰਨ ਯੋਧਿਆਂ- ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਦੇ ਦਿੱਤੀ। ਲੋਕ ਰੋਹ ਤੋਂ ਡਰਦਿਆਂ ਜੇਲ੍ਹ ਦੇ ਪਿਛਲੇ ਦਰਵਾਜ਼ੇ ਰਾਹੀਂ ਤਿੰਨਾਂ ਲਾਸ਼ਾਂ ਦਾ ਸਸਕਾਰ ਹੁਸੈਨੀਵਾਲਾ ਵਿਖੇ ਸਤਲੁਜ ਕੰਢੇ ਤੇਲ ਛਿੜਕ ਕੇ ਕੀਤਾ ਗਿਆ ਅਤੇ ਅਧਸੜ੍ਹੀਆਂ ਲਾਸ਼ਾਂ ਸਤਲੁਜ ਦਰਿਆ 'ਚ ਰੋੜ ਦਿੱਤੀਆਂ ਸਨ।

ਸ਼ਹੀਦ ਭਗਤ ਸਿੰਘ ਸਾਡੇ ਮੁ.ਲਕ ਦੀ ਆਜ਼ਾਦੀ ਲਈ ਜੂਝਣ ਵਾਲੇ ਸਿਰਲੱਥ ਯੋਧਿਆਂ ਦੇ ਵਿੱਚ ਨਿਵੇਕਲੇ ਰੂਪ ਵਿੱਚ ਸ਼ੁਮਾਰ ਹੈ, ਜਿਨ੍ਹਾਂ ਦੀ ਬਹੁਪੱਖੀ ਸ਼ਖ਼ਸੀਅਤ ਲੋਕਾਈ ਲਈ ਪ੍ਰੇਰਨਾਸ੍ਰੋਤ ਹੈ। ਉਨ੍ਹਾਂ ਦਾ ਲਾਜਵਾਬ ਕਾਰਜ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਉਹ ਆਪਣੇ ਦੇਸ਼ ਲਈ ਕੀ ਜਜ਼ਬਾ ਰੱਖਦੇ ਸਨ, ਜਿਸ ਲਈ ਉਹ ਆਪਣੀ ਹਰ ਚੀਜ਼ ਦਾ ਬਲੀਦਾਨ ਦੇਣ ਤੋਂ ਪੈਰ ਪਿੱਛੇ ਨਹੀਂ ਪਾਉਂਦੇ ਸਨ। ਉਹ ਸਿਰਫ ਪਿਸਤੌਲ ਆਦਿ ਹਥਿਆਰਾਂ ਨੂੰ ਚਲਾਉਣ ਦੇ ਹੀ ਮਾਹਿਰ ਨਹੀਂ ਸਨ, ਬਲਕਿ ਕਿਤਾਬਾਂ ਪੜ੍ਹਨ ਅਤੇ ਕਲਮ ਦੇ ਵੀ ਧਨੀ ਸਨ, ਜਿਸ ਦੀ ਗਵਾਹੀ ਉਨ੍ਹਾਂ ਦੀਆਂ ਅਣਗਿਣਤ ਲਿਖਤਾਂ ਹਨ। ਕਿਤਾਬਾਂ ਪੜ੍ਹਨ ਦੇ ਉਹ ਬੇਹੱਦ ਸ਼ੁਕੀਨ ਸਨ ਅਤੇ ਜਨੂੰਨ ਨਾਲ ਉਹ ਸਾਹਿਤ ਪੜ੍ਹਦੇ ਸਨ, ਜੋ ਫਾਂਸੀ ਦੇ ਤਖ਼ਤੇ ਵੱਲ ਜਾਂਦੇ ਸਮੇਂ ਤੱਕ ਜਾਰੀ ਰਿਹਾ ਹੈ। ਸਪੱਸ਼ਟ ਹੈ ਕਿ ਉਹ ਸਾਹਿਤ ਰਸੀਏ ਸਨ। ਉਨ੍ਹਾਂ ਬਹੁਤ ਛੋਟੀ ਉਮਰੇ ਹੀ ਕਾਫੀ ਜ਼ਿਆਦਾ ਅਧਿਐਨ ਕਰ ਲਿਆ ਸੀ, ਜੋ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਹੋਰਾਂ ਨਾਲੋਂ ਨਿਖੇੜਦਾ ਹੈ। ਉਹ ਬਹਿਸ ਦਲੀਲਾਂ ਨਾਲ ਕਰਦੇ ਸਨ ਤੇ ਕੋਈ ਉਨ੍ਹਾਂ ਨੂੰ ਪਛਾੜ੍ਹ ਨਹੀਂ ਸੀ ਸਕਦਾ। ਇਸ ਦਾ ਕਾਰਨ ਉਹ ਅਧਿਐਨ ਨੂੰ ਮੰਨਦੇ ਸਨ, ਸ਼ਾਇਦ ਇਸੇ ਕਰਕੇ ਹੀ ਉਹ ਆਪਣੇ ਸਾਥੀ ਰਾਜਗੁਰੂ ਨੂੰ ਵਾਰ ਵਾਰ ਪੜ੍ਹਨ ਲਈ ਪ੍ਰੇਰਦੇ ਸਨ।

ਉਨ੍ਹਾਂ ਦਾ ਇਨਕਲਾਬ ਸਬੰਧੀ ਮੰਨਣਾ ਸੀ, "ਪਿਸਤੌਲ ਤੇ ਬੰਬ ਕਦੇ ਇਨਕਲਾਬ ਨਹੀਂ ਲਿਆਉਂਦੇ, ਬਲਕਿ ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ 'ਤੇ ਤਿੱਖੀ ਹੁੰਦੀ ਹੈ। ਇੱਕ ਇਨਕਲਾਬੀ ਹੋਣ ਕਾਰਨ ਮੈਂ ਇਹ ਗੱਲ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਸਮਾਜਵਾਦੀ ਸਮਾਜ ਦੀ ਸਥਾਪਨਾ ਹਿੰਸਕ ਤਰੀਕਿਆਂ ਨਾਲ ਨਹੀਂ ਹੋ ਸਕਦੀ, ਬਲਕਿ ਉਸਦੇ ਅੰਦਰੋਂ ਹੀ ਉਪਜਣੀ ਤੇ ਵਿਕਸਿਤ ਹੋਣੀ ਚਾਹੀਦੀ ਹੈ। ਦਹਿਸ਼ਤਵਾਦ ਕੋਈ ਮੁਕੰਮਲ ਇਨਕਲਾਬ ਨਹੀਂ ਹੈ ਤੇ ਇਨਕਲਾਬ ਲਈ ਦਹਿਸ਼ਤਵਾਦ ਲਾਜ਼ਮੀ ਹੈ। ਦਹਿਸ਼ਤਵਾਦ ਜ਼ਾਬਰ ਦੇ ਮਨ 'ਚ ਡਰ ਪੈਦਾ ਕਰਕੇ ਪੀੜਿਤ ਲੋਕਾਂ ਨੂੰ ਉਸਦੇ ਖਿਲਾਫ ਡਟਣ ਦਾ ਬਲ ਪ੍ਰਦਾਨ ਕਰਦਾ ਹੈ। ਇਨਕਲਾਬ ਕੋਈ ਬਿਨਾਂ ਸੋਚੀ ਸਮਝੀ ਅੱਗਜ਼ਨੀ ਦੀ ਦਰਿੰਦਾ ਮੁਹਿੰਮ ਨਹੀਂ। ਇਨਕਲਾਬ ਕੋਈ ਮਾਯੂਸੀ 'ਚੋਂ ਪੈਦਾ ਹੋਇਆ ਫ਼ਲਸਫ਼ਾ ਵੀ ਨਹੀ ਅਤੇ ਨਾ ਹੀ ਸਰਫ਼ਰੋਸ਼ੀ ਦਾ ਕੋਈ ਸਿਧਾਂਤ ਹੈ। ਇਨਕਲਾਬ ਰੱਬ ਵਿਰੋਧੀ ਹੋ ਸਕਦਾ ਹੈ, ਪਰ ਮਨੁੱਖ ਵਿਰੋਧੀ ਨਹੀਂ। ਇਨਕਲਾਬ ਤੋਂ ਭਾਵ ਇੱਕ ਅਜਿਹੇ ਸਮਾਜੀ ਢਾਂਚੇ ਦੀ ਸਥਾਪਨਾ ਕਰਨੀ, ਜਿਸ ਵਿੱਚ ਮਜ਼ਦੂਰ ਜਮਾਤ ਦੀ ਸਰਦਾਰੀ ਪ੍ਰਵਾਨਿਤ ਹੋਵੇ।"

ਧਾਰਮਿਕ ਤੰਗਦਿਲੀ ਦਾ ਉਹ ਸਦਾ ਵਿਰੋਧ ਕਰਦੇ ਰਹੇ ਤੇ ਉਹ ਅਕਸਰ ਕਹਿੰਦੇ ਸਨ ਕਿ ਧਰਮ ਦੇ ਨਾਂ 'ਤੇ ਹੁੰਦੇ ਦੰਗੇ ਫ਼ਸਾਦ ਸਵਾਰਥੀਆਂ ਦੀ ਹੀ ਦੇਣ ਹਨ। ਸੰਸਾਰ 'ਚ ਜਿੰਨਾ ਖ਼ੂਨ ਖਰਾਬਾ ਧਰਮ ਦੇ ਨਾਮ 'ਤੇ ਹੋਇਆ ਹੈ, ਸ਼ਾਇਦ ਹੀ ਕਿਸੇ ਹੋਰ ਕਾਰਨ ਕਰਕੇ ਹੋਇਆ ਹੋਵੇ। ਇਹ ਆਹੂ ਇਸ ਲਈ ਨਹੀਂ ਲਾਹੇ ਗਏ ਹਨ ਕਿ ਫ਼ਲਾਣਾ ਮਨੁੱਖ ਦੋਸ਼ੀ ਹੈ, ਸਗੋਂ ਇਸ ਲਈ ਕਿ ਫ਼ਲਾਣਾ ਮਨੁੱਖ ਹਿੰਦੂ ਹੈ ਜਾਂ ਮੁਸਲਮਾਨ। ਇਸੇ ਲਈ ਉਨ੍ਹਾਂ ਨੇ ਨਾਸਤਿਕਤਾ ਦਾ ਰਾਹ ਚੁਣਿਆ ਸੀ। ਉਨ੍ਹਾਂ ਦੀ ਲਿਖੀ ਕਿਤਾਬ 'ਮੈਂ ਨਾਸਤਿਕ ਕਿਉਂ ਹਾਂ' ਅਜੋਕੇ ਸੰਦਰਭ 'ਚ ਸਦੀਵੀ ਸੱਚ ਹੈ।

ਪੂੰਜੀਵਾਦੀ ਪ੍ਰਥਾ ਦੇ ਉਹ ਖਿਲਾਫ਼ ਸਨ, ਜਿਸ 'ਚ ਅਮੀਰ ਗਰੀਬਾਂ ਦਾ ਲਹੂ ਚੂਸਦੇ ਸਨ। ਉਹ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਤੋਂ ਸਦਾ ਦੁਖੀ ਰਹੇ। ਉਹ ਕਹਿੰਦੇ ਸਨ, ਗ਼ਰੀਬੀ ਪਾਪ ਹੈ, ਇਹ ਸਜ਼ਾ ਹੈ, ਜਿਸ ਨਾਲ ਮਨੁੱਖ ਹੋਰ ਵਧੇਰੇ ਅਪਰਾਧ ਕਰਨ ਲਈ ਮਜ਼ਬੂਰ ਹੁੰਦਾ ਹੈ। ਉਹਦੀ ਅਗਿਆਨਤਾ ਤੇ ਗ਼ਰੀਬੀ ਕਾਰਨ ਖੁਦ ਨੂੰ ਚੰਗੇ ਸਮਝਣ ਵਾਲੇ ਉਸਨੂੰ ਨਫ਼ਰਤ ਕਰਦੇ ਤੇ ਧਿਰਕਾਰਦੇ ਹਨ।

ਫਾਂਸੀ ਲੱਗਣ ਤੋਂ ਪਹਿਲਾਂ ਭਗਤ ਸਿੰਘ ਨੇ ਆਪਣੇ ਤੋਂ ਬਾਰਾਂ ਸਾਲ ਛੋਟੇ ਭਰਾ ਕੁਲਤਾਰ ਸਿੰਘ ਨੂੰ ਕਹੇ ਆਖ਼ਰੀ ਸ਼ਬਦ ਅੱਜ ਵੀ ਨੌਜਵਾਨਾਂ ਲਈ ਓਨੇ ਹੀ ਅਰਥਪੂਰਨ ਹਨ, ਜਿੰਨੇ ਉਸ ਸਮੇਂ ਸਨ। ਉਨ੍ਹਾਂ ਨੇ ਤਿੰਨ ਗੱਲਾਂ ਆਖੀਆਂ ਸਨ- "ਸਿਹਤ ਦਾ ਖਿਆਲ ਰੱਖਣਾ, ਹਿੰਮਤ ਰੱਖਣਾ ਅਤੇ ਮਿਹਨਤ ਨਾਲ ਪੜ੍ਹਨਾ।" ਵਾਕਿਆ ਹੀ ਇਸ ਤੋਂ ਵੱਡਾ ਸੰਦੇਸ਼ ਅਜੋਕੇ ਨੌਜਵਾਨਾਂ ਲਈ ਕੋਈ ਹੋਰ ਹੋ ਹੀ ਨਹੀਂ ਸਕਦਾ।




# ਸ਼ਿਕਾਗੋ ਸਾਊਥ ਏਸ਼ੀਅਨ ਫਿਲਮ ਫੈਸਟੀਵਲ ਦੌਰਾਨ ਤਜ਼ਰਬੇ

ਸ਼ਿਕਾਗੋ ਸਾਊਥ ਏਸ਼ੀਅਨ ਫਿਲਮ ਫੈਸਟੀਵਲ-2023 ਦੌਰਾਨ 4 ਦਿਨ ਨਵੇਂ ਤਜ਼ਰਬਿਆਂ ਨਾਲ ਭਰੇ ਹੋਏ ਸਨ। ਜਸਬੀਰ ਮਾਨ ਅਤੇ ਮੈਂ ਫਿਲਮਾਂ ਦੇਖਣ ਤੇ ਆਲੋਚਨਾ ਕਰਨ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਜ਼ਿਆਦਾਤਰ ਸਮਾਜਿਕ ਪ੍ਰਭਾਵ ਦੇ ਮੁੱਦਿਆਂ ਨੂੰ ਸੰਬੋਧਿਤ ਕਰ ਰਹੇ ਸਨ।

ਇਸ ਸਾਲ ਸਿੱਖ ਕਿਰਦਾਰਾਂ ਵਾਲੀਆਂ 5 ਫਿਲਮਾਂ ਆਈਆਂ। ਮਿਸਟਰ ਸਿੰਘ ਦੀ ਮੌਤ ਨੂੰ ਸ਼੍ਰਿਆ ਭਗਵੰਤ ਦੁਆਰਾ ਸ਼ਾਨਦਾਰ ਢੰਗ ਨਾਲ ਲਿਖਿਆ ਅਤੇ ਤਿਆਰ ਕੀਤਾ ਗਿਆ ਸੀ। ਇਹ ਨਿਊਜ਼ੀਲੈਂਡ ਵਿੱਚ ਆਪਣੇ ਪੁੱਤਰ ਅਤੇ ਨੂੰਹ ਨਾਲ ਰਹਿੰਦੇ ਇੱਕ ਬਜ਼ੁਰਗ ਪਿਤਾ ਦੀ ਕਹਾਣੀ ਹੈ। ਉਹ ਲਗਾਤਾਰ ਉਦਾਸ ਅਤੇ ਇਕੱਲਾ ਹੁੰਦਾ ਜਾ ਰਿਹਾ ਹੈ।

ਜਿਵੇਂ ਕਿ ਅਸੀਂ ਬੁੱਢੇ ਹੋ ਰਹੇ ਹਾਂ, ਸਾਡੇ ਮਾਪੇ ਬੁੱਢੇ ਹੋ ਰਹੇ ਹਨ, ਇਹ ਇੱਕ ਬਹੁਤ ਹੀ ਢੁਕਵਾਂ ਵਿਸ਼ਾ ਹੈ। ਸਾਡੇ ਕੋਲ ਕਿਹੜੇ ਵਿਕਲਪ ਹਨ, ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਲਈ? ਸਾਨੂੰ ਕਿਸ 'ਤੇ ਧਿਆਨ ਕੇਂਦਰਿਤ ਕਰਨਾ ਸ਼ੁਰੂ ਕਰਨਾ ਚਾਹੀਦਾ ਹੈ?

"ਕਰਨਲ ਕਲਸੀ" ਕਰਨਲ ਕਮਲ ਕਲਸੀ ਦੇ ਜੀਵਨ 'ਤੇ ਸ਼ਾਨਦਾਰ ਢੰਗ ਨਾਲ ਤਿਆਰ ਕੀਤੀ ਦਸਤਾਵੇਜ਼ੀ ਫਿਲਮ ਸੀ। ਕਮਲ ਦੀ ਯਾਤਰਾ ਅਤੇ ਸੰਘਰਸ਼ਾਂ ਨੂੰ ਦੇਖਣਾ ਉਨ੍ਹਾਂ ਚੁਣੌਤੀਆਂ ਨਾਲ ਸਬੰਧਤ ਸੀ, ਜਿਨ੍ਹਾਂ ਦਾ ਸਾਡੇ ਵਿੱਚੋਂ ਕਈਆਂ ਨੇ ਸਾਡੀ ਨਵੀਂ ਗੋਦ ਲਈ ਹੋਈ ਜ਼ਮੀਨ ਵਿੱਚ ਸਾਹਮਣਾ ਕੀਤਾ ਹੈ। ਕਮਲਜੀਤ ਕਲਸੀ ਆਪਣੇ ਦੇਸ਼, ਸੰਯੁਕਤ ਰਾਜ ਅਮਰੀਕਾ ਲਈ ਮਰਨ ਲਈ ਤਿਆਰ ਸੀ, ਪਰ ਆਪਣੇ ਧਾਰਮਿਕ ਵਿਸ਼ਵਾਸਾਂ ਨਾਲ ਸਮਝੌਤਾ ਕਰਨ ਲਈ ਤਿਆਰ ਨਹੀਂ ਸੀ। ਆਪਣੀ ਪੱਗ ਦਾ ਬਚਾਅ ਕਰਦਿਆਂ ਉਸ ਦਾ ਕਹਿਣਾ ਸੀ, ਇਹ ਮੇਰੀ ਰੂਹ ਦਾ ਹਿੱਸਾ ਹੈ।

ਇਹ ਫਿਲਮ ਦੇਖਣੀ ਚਾਹੀਦੀ ਹੈ, ਕਿਉਂਕਿ ਸਾਰੀਆਂ ਘੱਟ ਗਿਣਤੀਆਂ ਦੇ ਅਧਿਕਾਰ ਮਾਇਨੇ ਰੱਖਦੇ ਹਨ ਅਤੇ ਇਸਦਾ ਬਚਾਅ ਕਰਨ ਦੀ ਲੋੜ ਹੈ। ਵਿਭਿੰਨਤਾ ਅਤੇ ਸ਼ਮੂਲੀਅਤ ਸਾਡੇ ਰਾਸ਼ਟਰ ਨੂੰ ਮਜ਼ਬੂਤ ਕਰਦੀ ਹੈ।

"ਦ ਲਾਸਟ ਮੀਲ" ਆਜ਼ਾਦੀ ਘੁਲਾਟੀਏ ਭਗਤ ਸਿੰਘ ਬਾਰੇ ਇੱਕ ਛੋਟੀ ਫਿਲਮ ਸੀ, ਜਦੋਂ ਉਹ ਲਾਹੌਰ ਜੇਲ੍ਹ ਵਿੱਚ ਸੀ। ਭਾਰਤੀ ਸਮਾਜ ਅਜੇ ਵੀ ਅਛੂਤਾਂ ਨਾਲ ਸੰਘਰਸ਼ ਕਰ ਰਿਹਾ ਹੈ ਅਤੇ ਉਨ੍ਹਾਂ ਨੂੰ ਅਲੱਗ-ਥਲੱਗ ਰੱਖਣਾ ਚਾਹੁੰਦਾ ਹੈ।

ਕ੍ਰਾਂਤੀਕਾਰੀ ਭਗਤ ਸਿੰਘ, ਗੁਰੂ ਨਾਨਕ ਦੇਵ ਜੀ ਦੇ ਬਰਾਬਰਤਾ ਦੇ ਫਲਸਫੇ ਦੇ ਪ੍ਰੇਰਣਾ ਨਾਲ ਇੱਕ ਤਾਕਤਵਰ ਸਿੱਖ, ਨੇ ਜ਼ੋਰ ਦਿੱਤਾ ਕਿ ਉਸਦਾ ਅਛੂਤ ਸਵੀਪਰ ਉਸਦਾ ਆਖਰੀ ਭੋਜਨ ਤਿਆਰ ਕਰੇ।

ਫਿਲਮ ਦੇ ਅੰਤ ਤੱਕ ਹੰਝੂ ਵਹਿਣੋਂ ਨਹੀਂ ਰੁਕਦੇ। ਚੰਗੀ ਤਰ੍ਹਾਂ ਜਾਣਦੇ ਹੋਏ ਕਿ ਦੰਗਿਆਂ ਤੋਂ ਬਚਣ ਲਈ ਸ਼ਹੀਦ ਭਗਤ ਸਿੰਘ ਨੂੰ ਇੱਕ ਦਿਨ ਪਹਿਲਾਂ ਹੀ ਫਾਂਸੀ ਦਿੱਤੀ ਗਈ ਸੀ, ਫਿਰ ਵੀ ਮੈਂ ਉਸ ਨੂੰ ਜੇਲ੍ਹ ਵਿੱਚ ਆਪਣੇ ਸਵੀਪਰ ਭੋਲਾ ਦੁਆਰਾ ਲਿਆਂਦੇ ਆਪਣੇ ਆਖਰੀ ਖਾਣੇ ਦਾ ਅਨੰਦ ਲੈਂਦੇ ਦੇਖਣਾ ਚਾਹੁੰਦੀ ਸੀ।

*-ਗਿੰਨੀ ਜੌਲੀ*
*ਫੋਨ: 818-446-6848*

# ਹਾਕੀ ਦਾ ਮਹਾਨ ਖਿਡਾਰੀ ਓਲੰਪਿਕ ਰਤਨ ਬਲਬੀਰ ਸਿੰਘ ਸੀਨੀਅਰ

*ਪੰਜਾਬ ਦੀ ਧਰਤੀ ਨੇ ਵੱਡੇ ਖਿਡਾਰੀ ਪੈਦਾ ਕੀਤੇ ਹਨ। ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫੇਰ ਲਹਿੰਦਾ ਪੰਜਾਬ। ਚੜ੍ਹਦਾ ਪੰਜਾਬ ਭਾਰਤ ਵਿੱਚ ਹੈ, ਜਿਸ ਨੂੰ ਇਕੱਲਾ ਪੰਜਾਬ ਜਾਂ ਪੂਰਬੀ ਪੰਜਾਬ ਹੀ ਕਹਿ ਸਕਦੇ ਹਾਂ ਅਤੇ ਲਹਿੰਦਾ ਪੰਜਾਬ ਪਾਕਿਸਤਾਨ ਵਿੱਚ ਹੈ, ਜਿਸ ਨੂੰ ਪੱਛਮੀ ਪੰਜਾਬ ਕਹਿੰਦੇ ਹਨ। ਖਿਡਾਰੀ ਹੱਦਾਂ-ਸਰਹੱਦਾਂ ਤੋਂ ਪਾਰ ਹੁੰਦੇ ਹਨ। ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾਵੇਗੀ। ਪੇਸ਼ ਹੈ, ਓਲੰਪਿਕ ਰਤਨ ਬਲਬੀਰ ਸਿੰਘ ਸੀਨੀਅਰ ਬਾਰੇ ਇਹ ਲੇਖ...*

**ਖਿਡਾਰੀ ਪੰਜ-ਆਬ ਦੇ**

ਨਵਦੀਪ ਸਿੰਘ ਗਿੱਲ
ਫੋਨ: +91-9780036216



ਦੇਸ਼ ਦੀ ਵੰਡ ਤੋਂ ਬਾਅਦ ਜੇਕਰ ਭਾਰਤੀ ਖੇਡਾਂ ਵਿੱਚੋਂ ਸਭ ਤੋਂ ਸਿਖਰਲਾ ਖਿਡਾਰੀ ਚੁਣਨਾ ਹੋਵੇ ਤਾਂ ਬਲਬੀਰ ਸਿੰਘ ਸੀਨੀਅਰ ਨਿਰਵਿਰੋਧ ਪਹਿਲੇ ਨੰਬਰ ਉਤੇ ਆਉਂਦਾ ਹੈ। ਕੌਮਾਂਤਰੀ ਓਲੰਪਿਕ ਕਮੇਟੀ ਨੇ 2012 ਵਿੱਚ ਲੰਡਨ ਓਲੰਪਿਕ ਖੇਡਾਂ ਦੌਰਾਨ ਜਦੋਂ ਓਲੰਪਿਕ ਖੇਡਾਂ ਦੇ 116 ਸਾਲਾਂ ਦੇ ਇਤਿਹਾਸ ਦੇ ਸਿਖਰਲੇ 16 ਆਈਕੌਨਿਕ ਖਿਡਾਰੀ ਚੁਣੇ ਤਾਂ ਬਲਬੀਰ ਸਿੰਘ ਸੀਨੀਅਰ ਇਨ੍ਹਾਂ ਵਿੱਚੋਂ ਇੱਕ ਸੀ। ਇਨ੍ਹਾਂ 16 ਵਿੱਚ ਉਹ ਹਾਕੀ ਖੇਡ ਦਾ ਦੁਨੀਆਂ ਦਾ ਇਕਲੌਤਾ ਖਿਡਾਰੀ ਸੀ, ਜਦੋਂ ਕਿ ਏਸ਼ੀਆ ਵਿੱਚੋਂ ਕਿਸੇ ਵੀ ਖੇਡ ਵਿੱਚੋਂ ਚੁਣਿਆ ਜਾਣ ਵਾਲਾ ਵੀ ਇਕਲੌਤਾ ਏਸ਼ੀਅਨ ਖਿਡਾਰੀ ਸੀ। ਇਸੇ ਲਈ ਬਲਬੀਰ ਸਿੰਘ ਸੀਨੀਅਰ ਨੂੰ ਜੇ ਓਲੰਪਿਕ ਰਤਨ ਆਖਿਆ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ। ਸਾਲ 2023 ਵਿੱਚ ਬਲਬੀਰ ਸਿੰਘ ਸੀਨੀਅਰ ਦੀ ਜਨਮ ਸ਼ਤਾਬਦੀ ਦਾ ਵਰ੍ਹਾ ਹੈ। ਅਜਿਹੇ ਖਿਡਾਰੀ ਸਦੀਆਂ ਵਿੱਚ ਇੱਕ ਵਾਰ ਹੀ ਪੈਦਾ ਹੁੰਦੇ ਹਨ। ਬਲਬੀਰ ਸਿੰਘ ਸੀਨੀਅਰ ਨੂੰ ਸਾਥੋਂ ਵਿਛੜਿਆਂ ਦੋ ਸਾਲ ਹੋ ਗਏ। ਬਲਬੀਰ ਸਿੰਘ ਸੀਨੀਅਰ ਦੀ ਯਾਦ ਵਿੱਚ ਪੰਜਾਬ ਸਰਕਾਰ ਵੱਲੋਂ ਜਿੱਥੇ ਮੁਹਾਲੀ ਸਥਿਤ ਕੌਮਾਂਤਰੀ ਹਾਕੀ ਸਟੇਡੀਅਮ ਦਾ ਨਾਮ ਬਲਬੀਰ ਸਿੰਘ ਸੀਨੀਅਰ ਦੇ ਨਾਮ ਉਤੇ ਰੱਖਿਆ ਗਿਆ, ਉਥੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਉਤੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਵੱਲੋਂ ਬਣਾਈ ਨਵੀਂ ਖੇਡ ਨੀਤੀ ਵਿੱਚ ਬਲਬੀਰ ਸਿੰਘ ਸੀਨੀਅਰ ਦੇ ਨਾਮ ਉਤੇ ਕੋਚ ਐਵਾਰਡ ਅਤੇ ਵਜ਼ੀਫਾ ਸਕੀਮ ਸ਼ੁਰੂ ਕਰ ਕੇ ਇਸ ਮਹਾਨ ਖਿਡਾਰੀ ਨੂੰ ਸਿਜਦਾ ਕੀਤਾ ਗਿਆ ਹੈ। ਹਾਕੀ ਪ੍ਰੇਮੀ ਜਿੱਥੇ ਪੰਜਾਬ ਸਰਕਾਰ ਦੇ ਇਸ ਫੈਸਲੇ ਦੀ ਸ਼ਲਾਘਾ ਕਰ ਰਹੇ ਹਨ, ਉਥੇ ਨਾਲ ਹੀ ਭਾਰਤ ਸਰਕਾਰ ਕੋਲੋਂ ਮੰਗ ਕਰ ਰਹੇ ਹਨ ਕਿ ਦੇਸ਼ ਦਾ ਸਰਵਉੱਚ ਨਾਗਰਿਕ ਸਨਮਾਨ ਭਾਰਤ ਰਤਨ ਵੀ ਇਸ ਓਲੰਪਿਕ ਰਤਨ ਨੂੰ ਦਿੱਤਾ ਜਾਵੇ।

ਹਾਕੀ ਖੇਡ ਵਿੱਚ ਬਲਬੀਰ ਨਾਂ ਨੂੰ ਹੀ ਬਖਸ਼ਿਸ਼ ਰਹੀ ਹੈ। ਜਿੰਨੇ ਬਲਬੀਰ ਹਾਕੀ ਖੇਡ ਨੇ ਦਿੱਤੇ ਹਨ, ਉਨੇ ਬਾਕੀ ਸਾਰੀਆਂ ਖੇਡਾਂ ਨੇ ਮਿਲਾ ਕੇ ਹੀ ਨਹੀਂ ਦਿੱਤੇ ਹੋਣੇ। ਭਾਰਤੀ ਹਾਕੀ ਟੀਮ ਵਿੱਚ ਕੁੱਲ ਪੰਜ ਬਲਬੀਰ ਹੋਏ, ਜਿਨ੍ਹਾਂ ਵਿੱਚੋਂ ਚਾਰ ਬਲਬੀਰ ਤਾਂ ਇਕੱਠੇ ਇਕੋ ਵੇਲੇ ਟੀਮ ਵਿੱਚ ਖੇਡ ਹਨ। ਪੰਜ ਬਲਬੀਰਾਂ ਵਿੱਚੋਂ ਚਾਰ ਓਲੰਪੀਅਨ (ਬਲਬੀਰ ਸਿੰਘ ਸੀਨੀਅਰ, ਬਲਬੀਰ ਸਿੰਘ ਰੇਲਵੇ, ਬਲਬੀਰ ਸਿੰਘ ਪੰਜਾਬ ਤੇ ਕਰਨਲ ਬਲਬੀਰ ਸਿੰਘ) ਬਣੇ ਅਤੇ ਚਹੁੰਆਂ ਨੇ ਤਮਗਾ ਜਿੱਤਿਆ। ਇਕੱਲੇ ਸੰਸਾਰਪੁਰ ਪਿੰਡ ਨੇ ਹੀ ਤਿੰਨ ਬਲਬੀਰ ਸਿੰਘ ਪੈਦਾ ਕੀਤੇ। ਕਰਨਲ ਬਲਬੀਰ ਸਿੰਘ ਤੇ ਬਲਬੀਰ ਸਿੰਘ ਪੰਜਾਬ ਤੋਂ ਇਲਾਵਾ ਤੀਜਾ ਬਲਬੀਰ ਸਿੰਘ ਵੀ ਹੋਇਆ, ਜਿਸ ਨੇ 1958 ਦੀਆਂ ਟੋਕੀਓ ਏਸ਼ਿਆਈ ਖੇਡਾਂ ਵਿੱਚ ਹਿੱਸਾ ਲਿਆ ਅਤੇ ਚਾਂਦੀ ਦਾ ਤਮਗਾ ਜਿੱਤਿਆ। ਇਸ ਬਲਬੀਰ ਸਿੰਘ ਨੂੰ ਸੀਨੀਅਰ ਬਲਬੀਰ ਸਿੰਘ ਕਰਕੇ ਹੀ ਬਲਬੀਰ ਸਿੰਘ ਜੂਨੀਅਰ ਪੁਕਾਰਿਆ ਜਾਣ ਲੱਗਾ। ਕੌਮੀ ਤੇ ਸਟੇਟ ਪੱਧਰ ਉਤੇ ਖੇਡਣ ਵਾਲੇ ਬਲਬੀਰਾਂ ਦੀ ਗਿਣਤੀ ਹੀ ਨਹੀਂ ਕੀਤੀ ਜਾ ਸਕਦੀ। ਇੱਕ ਵੇਲੇ ਦੇਸ਼ ਦੇ ਸਭ ਤੋਂ ਵੱਡੇ ਟੂਰਨਾਮੈਂਟ ਨਹਿਰੂ ਹਾਕੀ ਵਿੱਚ 9 ਬਲਬੀਰ ਖੇਡ ਰਹੇ ਸਨ। ਦੋ ਸਾਲ ਪਹਿਲਾਂ ਤਿੰਨ ਬਲਬੀਰ ਇੱਕ ਸਾਲ ਦੇ ਅੰਦਰ ਹੀ ਸਾਨੂੰ ਵਿਛੋੜਾ ਦੇ ਗਏ। ਬਲਬੀਰ ਸਿੰਘ ਸੀਨੀਅਰ, ਬਲਬੀਰ ਸਿੰਘ ਪੰਜਾਬ ਤੇ ਬਲਬੀਰ ਸਿੰਘ ਜੂਨੀਅਰ।

ਸਭ ਤੋਂ ਵੱਧ ਪ੍ਰਸਿੱਧੀ ਵੱਡੇ ਬਲਬੀਰ ਸਿੰਘ ਦੁਸਾਂਝ ਨੇ ਖੱਟੀ ਹੋਣ ਕਰਕੇ ਉਨ੍ਹਾਂ ਨੂੰ ਬਲਬੀਰ ਸਿੰਘ ਸੀਨੀਅਰ ਕਹਿੰਦੇ ਸਨ। ਇਹ ਮੋਗੇ ਵਾਲੇ ਬਲਬੀਰ ਵੀ ਅਖਵਾਏ ਜਾਂਦੇ ਹਨ। 97 ਵਰ੍ਹਿਆਂ ਦੀ ਉਮਰੇ ਸਾਨੂੰ ਅਲਵਿਦਾ ਕਹਿਣ ਵਾਲੇ ਬਲਬੀਰ ਸਿੰਘ ਸੀਨੀਅਰ ਤੋਂ ਵੱਡਾ ਕੋਈ ਹਾਕੀ ਖਿਡਾਰੀ ਪੈਦਾ ਨਹੀਂ ਹੋਇਆ। ਬਲਬੀਰ ਸਿੰਘ ਸੀਨੀਅਰ ਸੈਂਟਰ ਫਾਰਵਰਡ ਸੀ, ਜਿਸ ਨੇ ਜਿੱਥੇ ਖਿਡਾਰੀ, ਉਪ ਕਪਤਾਨ ਅਤੇ ਕਪਤਾਨ ਰਹਿੰਦਿਆਂ ਭਾਰਤੀ ਹਾਕੀ ਟੀਮ ਨੂੰ ਓਲੰਪਿਕ ਖੇਡਾਂ ਵਿੱਚ ਤਿੰਨ ਸੋਨ ਤਮਗੇ ਜਿਤਾਏ, ਉਥੇ ਬਤੌਰ ਕੋਚ/ਮੈਨੇਜਰ ਭਾਰਤ ਨੂੰ 1975 ਵਿੱਚ ਇਕਲੌਤਾ ਵਿਸ਼ਵ ਕੱਪ ਵੀ ਜਿਤਵਾਇਆ।

ਬਲਬੀਰ ਸਿੰਘ ਦਾ ਜਨਮ 31 ਦਸੰਬਰ 1923 ਨੂੰ ਆਜ਼ਾਦੀ ਘੁਲਾਟੀਏ ਗਿਆਨੀ ਦਲੀਪ ਸਿੰਘ ਦੇ ਘਰ ਮਾਤਾ ਕਰਮ ਕੌਰ ਦੀ ਕੁੱਖੋਂ ਉਨ੍ਹਾਂ ਦੇ ਨਾਨਕੇ ਪਿੰਡ



ਬਲਬੀਰ ਸਿੰਘ ਸੀਨੀਅਰ

ਹਰੀਪੁਰ ਖਾਲਸਾ, ਤਹਿਸੀਲ ਫਿਲੌਰ ਵਿਚ ਹੋਇਆ ਸੀ। ਕਾਗਜ਼ਾਂ ਵਿੱਚ ਬਲਬੀਰ ਸਿੰਘ ਦੀ ਜਨਮ ਤਰੀਕ 10 ਅਕਤੂਬਰ 1924 ਸੀ। ਦੇਵ ਸਮਾਜ ਸਕੂਲ ਤੋਂ ਮੁੱਢਲੀ ਸਿੱਖਿਆ ਤੋਂ ਬਾਅਦ ਕਾਲਜ ਦੀ ਇੱਕ ਸਾਲ ਦੀ ਪੜ੍ਹਾਈ ਡੀ.ਐਮ. ਕਾਲਜ ਮੋਗਾ ਤੋਂ ਕੀਤੀ। ਫੇਰ ਸਿੱਖ ਨੈਸ਼ਨਲ ਕਾਲਜ ਲਾਹੌਰ ਦਾਖਲਾ ਲੈ ਲਿਆ, ਜਿੱਥੋਂ ਐਫ.ਏ. ਕਰਨ ਤੋਂ ਬਾਅਦ ਹਾਕੀ ਖੇਡ ਕਰਕੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਸੱਦੇ ਆਉਣ ਲੱਗੇ। ਖਾਲਸਾ ਕਾਲਜ ਵੱਲੋਂ ਖੇਡਦਿਆਂ ਭਾਵੇਂ ਉਸ ਨੂੰ ਕਪਤਾਨੀ ਕਰਨ ਦਾ ਮੌਕਾ ਨਹੀਂ ਮਿਲਿਆ, ਪਰ ਅਗਾਂਹ ਜਾ ਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਟੀਮ ਤੋਂ ਲੈ ਕੇ ਭਾਰਤੀ ਟੀਮ ਦੀ ਕਪਤਾਨੀ ਕਰਨ ਦਾ ਮਾਣ ਜ਼ਰੂਰ ਮਿਲਿਆ। ਪੰਜਾਬ ਦੀ ਕਪਤਾਨੀ ਕਰਦਿਆਂ ਉਨ੍ਹਾਂ ਪੰਜਾਬ ਦੀ ਨੈਸ਼ਨਲ ਚੈਂਪੀਅਨਸ਼ਿਪ ਜਿੱਤਣ ਦੀ ਹੈਟ੍ਰਿਕ ਪੂਰੀ ਕੀਤੀ। ਪੰਜਾਬ ਨੂੰ ਉਨ੍ਹਾਂ ਛੇ ਵਾਰ ਕੌਮੀ ਚੈਂਪੀਅਨ ਬਣਾਇਆ। ਚਾਰ ਵਾਰ ਪੰਜਾਬ ਪੁਲਿਸ ਨੂੰ ਆਲ ਇੰਡੀਆ ਪੁਲਿਸ ਖੇਡਾਂ ਦੀ ਚੈਂਪੀਅਨ ਬਣਾਇਆ। ਦੇਸ਼ ਦੀ ਵੰਡ ਤੋਂ ਪਹਿਲਾਂ ਬਲਬੀਰ ਸਿੰਘ ਸੀਨੀਅਰ ਨੇ 1947 ਵਿੱਚ ਸਾਂਝੇ ਪੰਜਾਬ ਦੀ ਟੀਮ ਵੱਲੋਂ ਕਰਨਲ ਏ.ਆਈ.ਐਸ. ਦਾਰਾ ਦੀ ਕਪਤਾਨੀ ਹੇਠ ਖੇਡਦਿਆਂ ਕੌਮੀ ਖਿਤਾਬ ਵੀ ਜਿੱਤਿਆ ਅਤੇ ਅੱਗੇ ਜਾ ਕੇ ਨਵੇਂ ਪੰਜਾਬ ਦੀ ਟੀਮ ਦੀ ਕਪਤਾਨੀ ਵੀ ਕੀਤੀ।

ਬਲਬੀਰ ਸਿੰਘ ਦੀ ਪਹਿਲੀ ਵਾਰ ਭਾਰਤੀ ਟੀਮ ਵਿੱਚ ਚੋਣ 1947 ਵਿੱਚ ਸ੍ਰੀਲੰਕਾ ਦੇ ਦੌਰੇ ਲਈ ਹੋਈ। ਬਲਬੀਰ ਸਿੰਘ ਨੇ 1948 ਵਿੱਚ ਲੰਡਨ ਵਿਖੇ ਆਪਣੀਆਂ ਓਲੰਪਿਕ ਖੇਡਾਂ ਵਿੱਚ ਹਿੱਸਾ ਲਿਆ। ਬਲਬੀਰ ਸਿੰਘ ਨੇ ਅਰਜਨਟਾਈਨਾ ਖਿਲਾਫ ਪਹਿਲੇ ਮੈਚ ਵਿੱਚ ਹੈਟ੍ਰਿਕ ਸਮੇਤ ਛੇ ਗੋਲ ਦਾਗੇ ਅਤੇ ਭਾਰਤ ਨੇ 9-1 ਨਾਲ ਇਹ ਮੈਚ ਜਿੱਤਿਆ। ਫਾਈਨਲ ਵਿੱਚ ਭਾਰਤ ਨੇ ਬਰਤਾਨੀਆ ਨੂੰ 4-0 ਨਾਲ ਹਰਾਇਆ, ਜਿਸ ਵਿੱਚ ਬਲਬੀਰ ਸਿੰਘ ਦੇ ਦੋ ਗੋਲ ਸ਼ਾਮਲ ਸਨ। 12 ਅਗਸਤ 1948 ਨੂੰ ਲੰਡਨ ਵਿਖੇ ਹਾਕੀ ਫੀਲਡ ਵਿੱਚ ਤਿਰੰਗਾ ਝੰਡਾ ਲਹਿਰਾਇਆ ਗਿਆ। ਪਹਿਲੀ ਵਾਰ ਦੇਸ਼ ਤੋਂ ਬਾਹਰ ਭਾਰਤ ਦਾ ਕੌਮੀ ਝੰਡਾ ਸ਼ਾਨ ਨਾਲ ਝੁੱਲਿਆ। ਹਰ ਸਾਲ ਇਸ ਦਿਨ ਨੂੰ ਕੌਮੀ ਤਿਉਹਾਰ ਵਜੋਂ ਮਨਾਇਆ ਜਾਂਦਾ ਹੈ। ਚੰਡੀਗੜ੍ਹ ਦੇ ਸੈਕਟਰ-36 ਸਥਿਤ ਉਨ੍ਹਾਂ ਦੇ ਘਰ ਵਿਖੇ ਬਲਬੀਰ ਸਿੰਘ ਦਾ ਦੋਹਤਾ ਹਰ ਸਾਲ 12 ਅਗਸਤ ਨੂੰ ਤਿਰੰਗਾ ਝੰਡਾ ਲਹਿਰਾ ਕੇ ਦਿਨ ਮਨਾਉਂਦਾ ਹੈ।

1952 ਵਿੱਚ ਹੈਲਸਿੰਕੀ ਵਿਖੇ ਓਲੰਪਿਕ ਖੇਡਾਂ ਸਨ, ਜਿੱਥੇ ਬਲਬੀਰ ਸਿੰਘ ਭਾਰਤੀ ਟੀਮ ਦਾ ਉਪ ਕਪਤਾਨ ਬਣਿਆ। ਸੈਮੀ ਫਾਈਨਲ ਵਿੱਚ ਬਲਬੀਰ ਸਿੰਘ ਦੇ ਤਿੰਨ ਗੋਲਾਂ ਦੀ ਬਦੌਲਤ ਭਾਰਤ ਨੇ ਬਰਤਾਨੀਆ ਨੂੰ 3-1 ਨਾਲ ਹਰਾਇਆ। ਫਾਈਨਲ ਵਿੱਚ ਭਾਰਤ ਨੇ ਹਾਲੈਂਡ ਨੂੰ 6-1 ਨਾਲ ਹਰਾਇਆ, ਜਿਸ ਵਿੱਚ ਬਲਬੀਰ ਸਿੰਘ ਦੇ ਪੰਜ ਗੋਲਾਂ ਦਾ ਵੱਡਾ ਯੋਗਦਾਨ ਸੀ। ਓਲੰਪਿਕ ਖੇਡਾਂ ਦੇ ਇਤਿਹਾਸ ਵਿੱਚ ਕਿਸੇ ਫਾਈਨਲ ਵਿੱਚ ਇਹ ਕਿਸੇ ਖਿਡਾਰੀ ਵੱਲੋਂ ਸਭ ਤੋਂ ਵੱਧ ਗੋਲ ਕਰਨ ਦਾ ਰਿਕਾਰਡ ਸੀ, ਜੋ ਹਾਲੇ ਤੱਕ ਨਹੀਂ ਟੁੱਟਿਆ। ਹੈਲਸਿੰਕੀ ਵਿੱਚ ਭਾਰਤ ਨੇ ਕੁੱਲ 13 ਗੋਲ ਕੀਤੇ, ਜਿਨ੍ਹਾਂ ਵਿੱਚੋਂ ਇਕੱਲੇ ਬਲਬੀਰ ਸਿੰਘ ਦੇ ਗੋਲਾਂ ਦੀ ਗਿਣਤੀ 9 ਸੀ।

1954 ਵਿੱਚ ਮਲਾਇਆ ਤੇ ਸਿੰਗਾਪੁਰ ਦੇ ਦੌਰੇ ਲਈ ਚੁਣੀ ਗਈ ਭਾਰਤੀ ਟੀਮ ਦੀ ਕਪਤਾਨੀ ਪਹਿਲੀ ਵਾਰ ਬਲਬੀਰ ਸਿੰਘ ਨੂੰ ਮਿਲੀ। 1956 ਦੀਆਂ ਮੈਲਬਰਨ ਓਲੰਪਿਕ ਖੇਡਾਂ ਵਿੱਚ ਬਲਬੀਰ ਸਿੰਘ ਸੀਨੀਅਰ ਭਾਰਤੀ ਟੀਮ ਦਾ ਕਪਤਾਨ ਸੀ। ਮੈਲਬਰਨ ਵਿਖੇ ਉਹ ਭਾਰਤੀ ਖੇਡ ਦਲ ਦਾ ਝੰਡਾਬਰਦਾਰ ਵੀ ਸੀ। ਪਹਿਲੇ ਮੈਚ ਵਿੱਚ ਹੀ ਉਸ ਨੇ ਅਫਗਾਨਿਸਤਾਨ ਖਿਲਾਫ ਪੰਜ ਗੋਲ ਕੀਤੇ। ਦੂਜੇ ਮੈਚ ਵਿੱਚ ਉਸ ਦੀ ਚੀਚੀ ਨਾਲ ਦੀ ਉਂਗਲ ਟੁੱਟ ਗਈ। ਸੱਟ ਕਾਰਨ ਉਹ ਬਾਕੀ ਲੀਗ ਮੈਚ ਨਹੀਂ ਖੇਡ ਸਕਿਆ। ਸੈਮੀ ਫਾਈਨਲ ਤੇ ਫਾਈਨਲ ਮੈਚ ਉਹ ਟੁੱਟੀ ਉਂਗਲ ਨਾਲ ਹੀ ਖੇਡਿਆ ਅਤੇ ਭਾਰਤ ਨੂੰ ਜਿੱਤ ਦਿਵਾਈ। ਭਾਰਤੀ ਟੀਮ ਨੇ ਜਿੱਥੇ ਲਗਾਤਾਰ ਛੇਵਾਂ ਓਲੰਪਿਕ ਸੋਨ ਤਮਗਾ ਜਿੱਤਿਆ, ਉਥੇ ਬਲਬੀਰ ਸਿੰਘ ਦੀ ਵੀ ਗੋਲਡਨ ਹੈਟ੍ਰਿਕ ਪੂਰੀ ਕੀਤੀ। ਆਖਰੀ ਵੱਡੇ ਮੁਕਾਬਲੇ ਵਜੋਂ ਬਲਬੀਰ ਸਿੰਘ ਨੇ 1958 ਦੀਆਂ ਏਸ਼ਿਆਈ ਖੇਡਾਂ ਵਿੱਚ ਹਿੱਸਾ ਲੈਂਦਿਆਂ ਭਾਰਤੀ ਟੀਮ ਦੀ ਕਪਤਾਨੀ ਕੀਤੀ ਅਤੇ ਚਾਂਦੀ ਦਾ ਤਮਗਾ ਜਿੱਤਿਆ। ਉਦੋਂ ਬਲਬੀਰ ਸਿੰਘ ਸੀਨੀਅਰ ਤੇ ਜੂਨੀਅਰ ਦੋਵੇਂ ਖੇਡੇ।

1975 ਦੇ ਵਿਸ਼ਵ ਕੱਪ ਤੋਂ ਪਹਿਲਾਂ ਭਾਰਤੀ ਹਾਕੀ ਟੀਮ ਦੀ ਕੋਚਿੰਗ ਦਾ ਜ਼ਿੰਮਾ ਪੰਜਾਬ ਸਰਕਾਰ ਨੇ ਲੈ ਲਿਆ ਸੀ। ਉਸ ਵੇਲੇ ਖੇਡ ਵਿਭਾਗ ਪੰਜਾਬ ਦੇ ਡਾਇਰੈਕਟਰ ਬਲਬੀਰ ਸਿੰਘ ਸੀਨੀਅਰ ਨੂੰ ਟੀਮ ਦੀ ਕਮਾਨ ਸੌਂਪੀ ਗਈ ਅਤੇ ਅੱਗੇ ਜਾ ਕੇ ਇਸੇ ਟੀਮ ਨੇ ਵਿਸ਼ਵ ਕੱਪ ਜਿੱਤਿਆ। ਬਲਬੀਰ ਸਿੰਘ ਸਿਰੜੀ ਬੰਦਾ ਸੀ। ਉਨ੍ਹਾਂ ਦੇ ਪਿਤਾ ਜੀ ਦੇ ਦੇਹਾਂਤ ਦੇ ਬਾਵਜੂਦ ਉਨ੍ਹਾਂ ਨੇ ਕੈਂਪ ਦੌਰਾਨ ਸਿਰਫ ਇੱਕ ਡੰਗ ਦੀ ਪ੍ਰੈਕਟਿਸ ਤੋਂ ਛੁੱਟੀ ਲਈ। ਇਸੇ ਦੌਰਾਨ ਉਸ ਦੀ ਪਤਨੀ ਸੁਸ਼ੀਲ ਨੂੰ ਬਰੇਨ ਹੈਮਰੇਜ ਹੋ ਗਿਆ, ਜੋ ਪੀ.ਜੀ.ਆਈ. ਵਿਖੇ ਜ਼ੇਰੇ ਇਲਾਜ ਰਹੀ। ਬਲਬੀਰ ਸਿੰਘ ਦੀ ਕੋਚਿੰਗ ਹੇਠ ਭਾਰਤ ਨੇ 1975 ਦਾ ਵਿਸ਼ਵ ਕੱਪ ਜਿੱਤਿਆ, ਜੋ ਕਿ ਭਾਰਤੀ ਹਾਕੀ ਦਾ ਹੁਣ ਤੱਕ ਦਾ ਇਕਲੌਤਾ ਵਿਸ਼ਵ ਕੱਪ ਖਿਤਾਬ ਹੈ। ਇਸ ਤੋਂ ਇਲਾਵਾ ਉਨ੍ਹਾਂ ਕੌਮੀ ਟੀਮ ਦੇ ਕੋਚ/ਮੈਨੇਜਰ ਰਹਿੰਦਿਆਂ ਭਾਰਤ ਨੂੰ 1962 ਵਿੱਚ ਕੌਮਾਂਤਰੀ ਹਾਕੀ ਟੂਰਨਾਮੈਂਟ ਵਿੱਚ ਸੋਨੇ ਦਾ ਤਮਗਾ, 1970 ਦੀਆਂ ਏਸ਼ਿਆਈ ਖੇਡਾਂ ਵਿੱਚ ਚਾਂਦੀ ਦਾ ਤਮਗਾ, 1971 ਦੇ ਵਿਸ਼ਵ ਕੱਪ ਵਿੱਚ ਕਾਂਸੀ ਦਾ ਤਮਗਾ, 1982 ਵਿੱਚ ਚੈਂਪੀਅਨਜ਼ ਟਰਾਫੀ ਵਿੱਚ ਕਾਂਸੀ ਦਾ ਤਮਗਾ, 1982 ਦੀਆਂ ਏਸ਼ਿਆਈ ਖੇਡਾਂ ਵਿੱਚ ਚਾਂਦੀ ਦਾ ਤਮਗਾ ਅਤੇ 1982 ਵਿੱਚ ਮੈਲਬਰਨ ਵਿਖੇ ਅਸਾਂਡਾ ਕੱਪ ਵਿੱਚ ਚਾਂਦੀ ਦਾ ਕੱਪ ਜਿਤਾਇਆ।

ਬਲਬੀਰ ਸਿੰਘ ਸੀਨੀਅਰ ਨੂੰ 1957 ਵਿੱਚ ਪਦਮ ਸ੍ਰੀ ਪੁਰਸਕਾਰ ਨਾਲ ਸਨਮਾਨਿਆ ਗਿਆ। ਉਸ ਨੂੰ ਭਾਰਤ ਰਤਨ ਦਿਵਾਉਣ ਲਈ ਕਈ ਮੁਹਿੰਮਾਂ ਚੱਲੀਆਂ। ਪੰਜਾਬ ਸਰਕਾਰ ਵੱਲੋਂ ਵੀ ਬਲਬੀਰ ਸਿੰਘ ਸੀਨੀਅਰ ਨੂੰ ਭਾਰਤ ਰਤਨ ਦੇਣ ਦੀ ਸਿਫਾਰਸ਼ ਕੀਤੀ ਗਈ। ਪੰਜਾਬ ਓਲੰਪਿਕ ਐਸੋਸੀਏਸ਼ਨ ਵੱਲੋਂ ਸਾਬਕਾ ਡੀ.ਜੀ.ਪੀ. ਰਾਜਦੀਪ ਸਿੰਘ ਗਿੱਲ ਨੇ ਉਚੇਚੇ ਤੌਰ ਉਤੇ ਉਨ੍ਹਾਂ ਦਾ ਭਾਰਤ ਰਤਨ ਲਈ ਕੇਸ ਤਿਆਰ ਕਰਕੇ ਦੇਸ਼ ਦੇ ਨਾਮੀ ਖਿਡਾਰੀਆਂ ਤੋਂ ਦਸਤਖਤ ਕਰਵਾਏ, ਪਰ ਹਾਲੇ ਤੱਕ ਸਭ ਤੋਂ ਵੱਧ ਖੇਡ ਪ੍ਰਾਪਤੀਆਂ ਵਾਲੇ ਇਸ ਮਹਾਨ ਖਿਡਾਰੀ ਨੂੰ ਭਾਰਤ ਦਾ ਸਰਵਉੱਚ ਨਾਗਰਿਕ ਸਨਮਾਨ ਨਹੀਂ ਮਿਲਿਆ। ਇਸ ਗੱਲ ਦਾ ਬਲਬੀਰ ਸਿੰਘ ਨੂੰ ਕੋਈ ਗਿਲਾ ਨਹੀਂ ਸੀ। ਉਹ ਰੱਬ ਦੀ ਰਜ਼ਾ ਵਿੱਚ ਰਹਿਣ ਵਾਲਾ ਇਨਸਾਨ ਸੀ। ਹਾਕੀ ਪ੍ਰੇਮੀ ਉਸ ਨੂੰ ਓਲੰਪਿਕ ਰਤਨ ਹੀ ਸਮਝਦੇ ਸਨ। ਕੌਮਾਂਤਰੀ ਓਲੰਪਿਕ ਕਮੇਟੀ ਨੇ ਉਸ ਨੂੰ ਦੁਨੀਆਂ ਦੇ ਸਭ ਤੋਂ ਵੱਕਾਰੀ ਇਸ ਇਨਾਮ ਲਈ ਚੁਣਿਆ। 2012 ਦੀਆਂ ਲੰਡਨ ਓਲੰਪਿਕ ਖੇਡਾਂ ਵੇਲੇ ਕੌਮਾਂਤਰੀ ਓਲੰਪਿਕ ਕਮੇਟੀ ਨੇ ਓਲੰਪਿਕ ਖੇਡਾਂ ਦੇ 116 ਸਾਲਾਂ ਦੇ ਇਤਿਹਾਸ ਦੇ 16 ਆਈਕੌਨਿਕ ਖਿਡਾਰੀਆਂ ਵਿੱਚ ਬਲਬੀਰ ਸਿੰਘ ਨੂੰ ਵੀ ਚੁਣਿਆ।

ਬਲਬੀਰ ਸਿੰਘ ਨੇ ਆਪਣੀ ਸਵੈ-ਜੀਵਨੀ 'ਗੋਲਡਨ ਹੈਟ ਟ੍ਰਿਕ: ਐਜ਼ ਟੋਲਡ ਟੂ ਸੈਮੂਅਲ ਬੈਨਰਜੀ' 1977 ਵਿਚ ਛਪਵਾਈ। ਉਨ੍ਹਾਂ ਹਾਕੀ ਦੀ ਕੋਚਿੰਗ ਬਾਰੇ 'ਦੀ ਗੋਲਡਨ ਯਾਰਡਸਟਿਕ' ਪੁਸਤਕ ਵੀ ਲਿਖੀ। ਇਸ ਪੁਸਤਕ ਦਾ ਮੁੱਖ-ਬੰਦ ਕੌਮਾਂਤਰੀ ਓਲੰਪਿਕ ਕਮੇਟੀ ਦੇ ਤੱਤਕਾਲੀ ਪ੍ਰਧਾਨ ਜੈਕਸ ਰੋਜ਼ ਨੇ ਲਿਖਦਿਆਂ ਕਿਹਾ, "ਇਕ ਓਲੰਪੀਅਨ ਵਜੋਂ ਮੈਨੂੰ 'ਗੋਲਡਨ ਹੈਟ ਟ੍ਰਿਕ' ਮਾਰਨ ਵਾਲੇ ਲੀਜੈਂਡਰੀ ਹਾਕੀ ਖਿਡਾਰੀ ਬਲਬੀਰ ਸਿੰਘ ਦੀ ਪੁਸਤਕ ਦਾ ਮੁੱਖ-ਬੰਦ ਲਿਖਦਿਆਂ ਖੁਸ਼ੀ ਹੋ ਰਹੀ ਹੈ। ਸਾਡੇ ਸਮੇਂ ਦੇ ਖਿਡਾਰੀਆਂ, ਕਪਤਾਨਾਂ, ਕੋਚਾਂ ਤੇ ਮੈਨੇਜਰਾਂ ਨੇ ਬਲਬੀਰ ਸਿੰਘ ਨੂੰ ਹਾਕੀ ਦਾ ਸਰਬੋਤਮ ਖਿਡਾਰੀ ਮੰਨਿਆ ਹੈ। ਇਸ ਪੁਸਤਕ ਦੀ ਪ੍ਰਕਾਸ਼ਨਾ ਨਾਲ ਬਲਬੀਰ ਸਿੰਘ ਨੇ ਹਾਕੀ ਨਾਲ ਆਪਣਾ ਸੱਚਾ ਸਨੇਹ ਜਤਾਇਆ ਹੈ ਤੇ ਹਾਕੀ ਦਾ ਸੰਦੇਸ਼ ਭਾਰਤ ਤੇ ਬਾਹਰ ਸਾਰੀ ਦੁਨੀਆ ਤਕ ਪਹੁੰਚਾਇਆ ਹੈ। ਹਾਕੀ ਨਾਲ ਉਸ ਦੀ ਲਗਨ ਅਤੇ ਖੇਡਾਂ ਦੀਆਂ ਕਦਰਾਂ ਨਾਲ ਪਿਆਰ ਅਗਲੀਆਂ ਪੀੜ੍ਹੀਆਂ ਨੂੰ ਉਤਸ਼ਾਹਿਤ ਕਰਦਾ ਰਹੇਗਾ। ਦੇਸ਼ ਵਿਦੇਸ਼ ਦੇ ਬੱਚੇ ਤੇ ਨੌਜਵਾਨ ਉਸ ਦੇ ਵਿਖਾਏ ਖੇਡ ਮਾਰਗ 'ਤੇ ਚੱਲਣਗੇ। ਓਲੰਪਿਕ ਲਹਿਰ ਬਲਬੀਰ ਸਿੰਘ ਜਿਹੇ ਖਿਡਾਰੀਆਂ ਦੀ ਰਿਣੀ ਹੈ, ਜਿਨ੍ਹਾਂ ਨੇ 20ਵੀਂ ਸਦੀ ਦੇ ਖੇਡ ਇਤਿਹਾਸ ਨੂੰ ਸੁਨਹਿਰੀ ਬਣਾਇਆ।"

ਹਾਕੀ ਬਲਬੀਰ ਸਿੰਘ ਦੇ ਖ਼ੂਨ ਵਿੱਚ ਵਗਦੀ ਸੀ। ਨਰਮ ਦਿਲ ਅਤੇ ਧਰਤੀ ਨਾਲ ਜੁੜੇ ਇਸ ਮਹਾਤਮਾ ਰੂਪੀ ਇਨਸਾਨ ਨੂੰ ਮਿਲਦਿਆਂ ਤੁਹਾਨੂੰ ਕਦੇ ਵੀ ਨਹੀਂ ਲੱਗੇਗਾ ਕਿ ਤੁਸੀਂ ਕਿਸੇ ਵੱਡੇ ਖਿਡਾਰੀ ਨੂੰ ਮਿਲ ਰਹੇ ਹੋ। ਹਾਕੀ ਟੀਮ ਦੇ ਮੌਜੂਦਾ ਕਪਤਾਨ ਹਰਮਨਪ੍ਰੀਤ ਸਿੰਘ ਨੂੰ 13 ਨੰਬਰ ਦੀ ਜਰਸੀ ਪਾਉਣ ਲਈ ਬਲਬੀਰ ਸਿੰਘ ਸੀਨੀਅਰ ਨੇ ਹੀ ਪ੍ਰੇਰਿਆ ਸੀ। ਬਲਬੀਰ ਸਿੰਘ ਦੇ ਤਿੰਨ ਪੁੱਤਰਾਂ ਦੇ ਨਾਂ ਕੰਵਲਬੀਰ ਸਿੰਘ, ਕਰਨਬੀਰ ਸਿੰਘ ਤੇ ਗੁਰਬੀਰ ਸਿੰਘ ਅਤੇ ਇੱਕ ਲੜਕੀ ਦਾ ਨਾਂ ਸੁਸ਼ਬੀਰ ਕੌਰ ਹੈ। 31 ਦਸੰਬਰ 2019 ਨੂੰ ਆਪਣੇ 96ਵੇਂ ਜਨਮ ਦਿਨ ਦਾ ਕੇਕ ਕੱਟਿਆ। ਜਨਵਰੀ 2020 ਵਿੱਚ ਸ਼ੁਰੂ ਹੋਈ ਪ੍ਰੋ. ਹਾਕੀ ਲੀਗ ਦੇ ਇੱਕ ਮੈਚ ਵਿੱਚ ਜਦੋਂ ਭਾਰਤ ਨੇ ਹਾਲੈਂਡ ਨੂੰ ਹਰਾਇਆ ਤਾਂ ਬਲਬੀਰ ਸਿੰਘ ਸੀਨੀਅਰ ਦੇ ਟੀ.ਵੀ. ਉਪਰ ਮੈਚ ਦੇਖਦਿਆਂ ਭੰਗੜਾ ਪਾਉਂਦੇ ਦੀਆਂ ਵੀਡਿਓ ਦੇਖ ਕੇ ਹਾਕੀ ਪ੍ਰੇਮੀਆਂ ਦੇ ਕਾਲਜੇ ਠੰਢ ਪਈ। ਬਲਬੀਰ ਸਿੰਘ ਨੇ ਇੱਕ ਨੌਜਵਾਨ ਗਾਇਕ ਤੋਂ ਆਪਣੀ ਪਸੰਦੀਦਾ 'ਹੀਰ' ਵੀ ਸੁਣੀ। ਬਲਬੀਰ ਸਿੰਘ ਸੀਨੀਅਰ 25 ਮਈ 2021 ਦੀ ਸਵੇਰ ਫੋਰਟਿਸ ਹਸਪਤਾਲ ਵਿਖੇ ਜ਼ਿੰਦਗੀ ਦੀ ਲੜਾਈ ਹਾਰ ਗਏ। ਰਹਿੰਦੀ ਦੁਨੀਆਂ ਤੱਕ ਜਦੋਂ ਵੀ ਹਾਕੀ ਖੇਡ ਦੀ ਗੱਲ ਚੱਲੇਗੀ ਤਾਂ ਬਲਬੀਰ ਸਿੰਘ ਸੀਨੀਅਰ ਦੇ ਜ਼ਿਕਰ ਬਿਨਾ ਹਰ ਗੱਲ ਅਧੂਰੀ ਹੋਵੇਗੀ।

Since 2015

# SIKH SOCIETY OF INDIANA

## ਸਿੱਖ ਸੁਸਾਇਟੀ ਆਫ ਇੰਡੀਆਨਾ ਵੱਲੋਂ

**ਮਿੱਡਵੈਸਟ ਦੀਆਂ ਸਮੂਹ ਸੰਗਤਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਮੂਹ ਪ੍ਰਬੰਧਕ ਜਥੇਬੰਦੀਆਂ ਦੇ ਸਹਿਯੋਗ ਨਾਲ**

## ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ

ਨੂੰ ਸਮਰਪਿਤ

## 9ਵਾਂ ਸਾਲਾਨਾ ਨਗਰ ਕੀਰਤਨ

ਸਿੱਖ ਡੇ ਪਰੇਡ

**7 ਅਕਤੂਬਰ 2023, ਦਿਨ ਸ਼ਨਿਚਰਵਾਰ**

**12:00 ਵਜੇ ਤੋਂ ਸ਼ਾਮ 05:00 ਵਜੇ ਤੱਕ**

**ਸਥਾਨ - ਵਾਰ ਮੈਮੋਰੀਅਲ ਪਾਰਕ, 55 ਈਸਟ ਮਿਸ਼ੀਗਨ, ਸਟ੍ਰੀਟ ਇੰਡੀਆਨਾਪੋਲਿਸ, ਇੰਡਿਆਨਾ**

6 ਅਕਤੂਬਰ (ਸ਼ੁੱਕਰਵਾਰ) ਨੂੰ ਸਵੇਰੇ 11 ਵਜੇ ਖੁੱਲ੍ਹੇ ਪਾਠ ਦੇ ਭੋਗ ਪਾਏ ਜਾਣਗੇ।
ਸ਼ਾਮ ਨੂੰ 5 ਤੋਂ 8 ਵਜੇ ਤੱਕ ਕੀਰਤਨ ਦਰਬਾਰ ਹੋਵੇਗਾ। ਉਪਰੰਤ ਪੰਜਾਬੀ ਮੂਵੀ "ਬੈਟਲ ਆਫ ਅੰਮ੍ਰਿਤਸਰ"
5335 W. Hanna Ave, Indianapolis, IN 46221 ਵਿਖੇ ਵਿਖਾਈ ਜਾਵੇਗੀ



ਢਾਡੀ ਜੱਥਾ ਕੁਲਵੰਤ ਸਿੰਘ ਪੰਡੋਰੀ ਜੀ,
ਕੀਰਤਨੀ ਜੱਥਾ ਭਾਈ ਸਵਿੰਦਰ ਸਿੰਘ ਜੀ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ)
ਅਤੇ ਕਥਾਵਾਚਕ ਭਾਈ ਬਲਜੀਤ ਸਿੰਘ ਜੀ
ਕਥਾ-ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

ਸਮੂਹ ਸੰਗਤ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਪਰਿਵਾਰਾਂ ਸਮੇਤ ਹਾਜ਼ਰੀ ਲਗਵਾਈਏ ਅਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ

ਕਿਰਪਾ ਕਰਕੇ ਆਪਣੇ ਸੁਝਾਅ ਦਿਓ (317) 702-5541

| ਭਾਈ ਤਰਲੋਕ ਸਿੰਘ | ਭਾਈ ਪਲਵਿੰਦਰ ਸਿੰਘ | ਭਾਈ ਜਰਨੈਲ ਸਿੰਘ | ਭਾਈ ਰਜਿੰਦਰ ਸਿੰਘ | ਭਾਈ ਧਰਮ ਸਿੰਘ |
|---|---|---|---|---|
| (317) 800-9957 | (317) 657-1562 | (317) 956-0235 | (765) 520-7777 | (317) 658-9101 |

www.sikhsocietyofindiana.org sikhsocietyofindiana sikhsocietyofindiana@gmail.com